@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 20 February 2026

# ਕੌਮੀ ਪੱਤ੍ਰਿਕਾ

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 20 ਫਰਵਰੀ 2026, 8 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 107, qpatrika@gmail.com ਫੋਨ : 9971359517 www.qaumipatrika.org

## ਕਰਨਾਟਕ ਦੇ ਮੰਤਰੀ ਦੇ 'ਕੁੱਤੇ' ਵਾਲੇ ਬਿਆਨ 'ਤੇ ਘਮਸਾਨ

ਬੈਂਗਲੁਰੂ 19 ਫਰਵਰੀ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਤੇ ਉਪ ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਦਰਮਿਆਨ ਲੀਡਰਸ਼ਿਪ ਦਾ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਮੰਗਲਵਾਰ ਉਸ ਸਮੇਂ ਹੋਰ ਡੂੰਘਾ ਹੋ ਗਿਆ ਜਦੋਂ ਸੂਬੇ ਦੇ ਸਮਾਜ ਭਲਾਈ ਮੰਤਰੀ ਐੱਚ. ਸੀ. ਮਹਾਦੇਵੱਪਾ ਨੇ ਆਵਾਰਾ ਕੁੱਤਿਆਂ ਬਾਰੇ ਹਾਈ ਕੋਰਟ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ ਇਕ ਵਿਵਾਦਪੂਰਨ ਬਿਆਨ ਦਿੱਤਾ। ਦੂਜੇ ਪਾਸੇ ਸੱਤਾ ਧਿਰ ਅਤੇ ਵਿਰੋਧੀ ਧਿਰ ਨੇ ਉਨ੍ਹਾਂ ਦੀ ਆਲੋਚਨਾ ਕੀਤੀ ਹੈ।



ਸ਼ਿਵਕੁਮਾਰ ਸਮੇਤ ਕਾਂਗਰਸ ਦੇ ਸੀਨੀਅਰ ਨੇਤਾਵਾਂ ਤੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਮਹਾਦੇਵੱਪਾ ਦੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਮੈਸੂਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮਹਾਦੇਵੱਪਾ ਨੇ ਉੱਚ ਪੱਧਰ 'ਤੇ ਤਬਦੀਲੀ ਦੀ ਸੰਭਾਵਨਾ ਨੂੰ ਰੱਦ ਕਰਦੇ ਹੋਏ ਕਿਹਾ ਕਿ ਹਾਈ ਕੋਰਟ ਨੇ ਵਾਰ-ਵਾਰ ਆਵਾਰਾ ਕੁੱਤਿਆਂ ਨੂੰ ਫੜਨ ਤੇ ਉਨ੍ਹਾਂ ਨੂੰ ਸ਼ੈਲਟਰ ਹੋਮਜ਼ 'ਚ ਬੰਦ ਕਰਨ ਲਈ ਕਿਹਾ ਹੈ। ਇੱਥੇ ਸਿਆਸੀ ਲੀਡਰਸ਼ਿਪ ਮਜ਼ਬੂਤ ??ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਹਾਈ ਕਮਾਂਡ ਨੂੰ ਦਿਸ਼ਾ-ਨਿਰਦੇਸ਼ ਨਹੀਂ ਦੇ ਸਕਦਾ। ਮੰਤਰੀ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼ਿਵਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਸਿੱਧਰਮਈਆ ਕਦੋਂ ਜਵਾਬ ਦੇਣਗੇ, ਇਹ ਤਾਂ ਸਮਾਂ ਹੀ ਦੱਸੇਗਾ। ਸ਼ਿਵਕੁਮਾਰ ਕਾਂਗਰਸ ਦੀ ਕਰਨਾਟਕ ਇਕਾਈ ਦੇ ਪ੍ਰਧਾਨ ਵੀ ਹਨ। ਉਨ੍ਹਾਂ ਬੈਂਗਲੁਰੂ 'ਚ ਪੱਤਰਕਾਰਾਂ ਨਾਲ ਹੱਲਬਾਤ ਕਰਦਿਆਂ ਕਿਹਾ ਕਿ ਮੈਂ ਮਹਾਦੇਵੱਪਾ ਦੇ ਬਿਆਨ 'ਤੇ ਟਿੱਪਣੀ ਕਰਨ ਲਈ ਤਿਆਰ ਨਹੀਂ ਹਾਂ। ਸ਼ਿਵਕੁਮਾਰ ਦੇ ਭਰਾ ਡੀ. ਕੇ. ਸੁਰੇਸ਼ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਮੰਤਰੀ ਕਿਸਨੂੰ ਕੁੱਤਾ ਕਹਿ ਰਹੇ ਸਨ। ਕਾਂਗਰਸ ਐੱਮ. ਐੱਲ. ਸੀ. ਬੀ. ਕੇ. ਹਰੀਪ੍ਰਸਾਦ ਨੇ ਕਿਹਾ ਕਿ ਸ਼ਿਵਕੁਮਾਰ ਪੂਰੀ ਪਾਰਟੀ ਨੂੰ ਨਾਲ ਲੈ ਕੇ ਚੱਲਦੇ ਹਨ। ਉੱਥੇ ਹੀ ਵਿਰੋਧੀ ਧਿਰ ਨੇ ਇਸ ਬਿਆਨ ਨੂੰ ਲੈ ਕੇ ਕਾਂਗਰਸ 'ਤੇ ਹਮਲਾ ਬੋਲਿਆ ਹੈ। ਵਿਧਾਨ ਪ੍ਰੀਸ਼ਦ 'ਚ ਵਿਰੋਧੀ ਧਿਰ ਦੇ ਨੇਤਾ ਚਲਵਾੜੀ ਨਾਰਾਇਣਸਵਾਮੀ ਨੇ ਕਿਹਾ ਕਿ ਇਸ ਬਿਆਨ ਤੋਂ ਲੱਗਦਾ ਹੈ ਕਿ ਕਾਂਗਰਸ 'ਚ ਨੇਤਾ ਹੀ ਇਕ-ਦੂਜੇ ਨੂੰ ਕੁੱਤਾ ਕਹਿ ਰਹੇ ਹਨ।

# ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੈਲ ਗੱਡੀਆਂ ਦੀਆਂ ਦੌੜਾਂ 'ਤੇ ਰੋਕ ਲੱਗੀ ਸੀ, ਅਸੀਂ ਕਾਨੂੰਨ ਵਿੱਚ ਸੋਧ ਕਰਕੇ ਮੁੜ ਸ਼ੁਰੂ ਕੀਤਾ: ਮੁੱਖ ਮੰਤਰੀ ਮਾਨ

ਕੌਮੀ ਪੱਤ੍ਰਿਕਾ
**ਸਿੰਮੀ ਕੌਰ ਬੱਬਰ**

ਲੁਧਿਆਣਾ, 19 ਫਰਵਰੀ 2026: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਤਿਹਾਸਕ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕਸ ਵਿੱਚ ਸ਼ਾਮਲ ਹੁੰਦਿਆਂ ਖੇਡਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਸਭ ਤੋਂ ਘਾਤਕ ਹਥਿਆਰ ਐਲਾਨਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜਾਬ ਦੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਠੋਸ ਯਤਨ ਕੀਤੇ ਜਾਣਗੇ। ਇਹ ਦੱਸਦਿਆਂ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੰਦ ਕੀਤੀਆਂ ਗਈਆਂ ਬੈਲ ਗੱਡੀਆਂ ਦੀਆਂ ਦੌੜਾਂ ਹੁਣ ਕਾਨੂੰਨ ਵਿੱਚ ਸੋਧ ਉਪਰੰਤ ਮੁੜ ਸ਼ੁਰੂ ਹੋ ਗਈਆਂ ਹਨ, ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੱਚੇ ਮੈਦਾਨ ਵਿੱਚ ਪਸੀਨਾ ਵਹਾਉਣਗੇ ਅਤੇ ਘਰਾਂ ਨੂੰ ਤਗਮੇ ਲਿਆਉਣਗੇ ਤਾਂ ਕਿਸੇ ਵੀ ਨਸ਼ਾ ਵਿਰੋਧੀ ਮੁਹਿੰਮ ਦੀ ਲੋੜ ਨਹੀਂ ਰਹੇਗੀ। ਕਿਲਾ ਰਾਏਪੁਰ ਖੇਡਾਂ ਦੀ ਪੁਨਰ ਸੁਰਜੀਤੀ ਨੂੰ ਪੰਜਾਬ ਦੇ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ, ਮੁੱਖ ਮੰਤਰੀ ਨੇ ਨਵੀਂ ਖੇਡ ਨੀਤੀ 2023 ਨੂੰ ਸੂਬੇ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਵੱਲ ਇੱਕ ਅਹਿਮ ਕਦਮ ਦੱਸਿਆ ਜਿਸ ਤਹਿਤ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕਿਲਾ ਰਾਏਪੁਰ ਵਿੱਚ ਅੱਠ ਏਕੜ ਵਿੱਚ ਫੈਲੇ ਛੱਪੜ ਦਾ ਸੁੰਦਰੀਕਰਨ ਕੀਤਾ ਜਾਵੇਗਾ ਅਤੇ ਪਿੰਡ ਵਿੱਚ ਇੱਕ ਆਧੁਨਿਕ ਲਾਇਬ੍ਰੇਰੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੀ ਲੁੱਟ-ਖਸੁੱਟ ਦੀ ਲੀਕੇਜ ਨੂੰ ਬੰਦ ਕਰ ਰਹੇ ਹਾਂ, ਜਿਸ ਨਾਲ ਜਨਤਾ ਦਾ ਪੈਸਾ ਬਚਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਿੱਧਾ ਲੋਕਾਂ 'ਤੇ ਖਰਚ ਕੀਤਾ ਜਾ ਰਿਹਾ ਹੈ।




ਕਿਲਾ ਰਾਏਪੁਰ ਪੇਂਡੂ ਓਲੰਪਿਕਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਖੇਡਾਂ ਨਸ਼ਿਆਂ ਦੇ ਖਾਤਮੇ ਦਾ ਸਭ ਤੋਂ ਘਾਤਕ ਹਥਿਆਰ ਹਨ ਅਤੇ ਸੂਬਾ ਸਰਕਾਰ ਸੂਬੇ ਦੇ ਆਉਣ ਵਾਲੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ।" ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਹਿਲਾਂ ਹੀ ਖੇਡਾਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, "ਪਿਛਲੀਆਂ ਸਰਕਾਰਾਂ ਵੱਲੋਂ ਨੌਜਵਾਨਾਂ ਦੇ ਵਿਕਾਸ ਲਈ ਅਹਿਮ ਖੇਤਰ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ, ਸਾਡੀ ਸਰਕਾਰ ਨੇ ਇਸ ਵੱਲ ਪੂਰਾ ਧਿਆਨ ਕੇਂਦਰਿਤ ਕੀਤਾ ਹੈ।" ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਣ ਲਈ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਢਾਂਚਾਗਤ ਸੁਧਾਰਾਂ 'ਤੇ ਚਾਨਣਾ ਪਾਉਂਦਿਆ ਮੁੱਖ ਮੰਤਰੀ ਨੇ ਕਿਹਾ, ਨਵੀਂ ਖੇਡ ਨੀਤੀ 2023 ਪੰਜਾਬ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਲਈ ਸ਼ੁਰੂ ਕੀਤੀ ਗਈ ਸੀ ਅਤੇ ਹੁਣ ਖੇਡ ਬਜਟ ਨੂੰ ਵੀ ਹੋਰ ਵਧਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਤਿੰਨ ਸੀਜ਼ਨ ਸਫਲਤਾਪੂਰਵਕ ਕਰਵਾਏ ਗਏ ਜਿਸ ਦੌਰਾਨ ਇੱਕੋ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਹਿੱਸਾ ਲੈਂਦੀਆਂ ਵੇਖੀਆਂ ਗਈਆਂ। ਉਨ੍ਹਾਂ ਕਿਹਾ, ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਖੇਡਾਂ ਵਿੱਚ ਦੇਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਮੁੱਖ ਭਾਰਤੀ ਟੀਮਾਂ ਦੇ ਕਪਤਾਨ ਪੰਜਾਬ ਤੋਂ ਹਨ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਸੂਬੇ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ ਅਤੇ ਖੇਡਾਂ ਇਸ ਜੰਗ ਵਿੱਚ ਸਭ ਤੋਂ ਵੱਡਾ ਹਥਿਆਰ ਹਨ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿੱਚ ਤਗਮੇ ਜਿੱਤ ਕੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ।

Contd..............page-3

## ਸੁਪਰੀਮ ਕੋਰਟ ਵਲੋਂ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਸੁਣਵਾਈ 11 ਮਾਰਚ ਤੱਕ ਮੁਲਤਵੀ

ਨਵੀਂ ਦਿੱਲੀ 19 ਫਰਵਰੀ। ਸੁਪਰੀਮ ਕੋਰਟ ਨੇ ਬੇਅੰਤ ਸਿੰਘ ਕਤਲਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਉਸ ਪਟੀਸ਼ਨ 'ਤੇ ਸੁਣਵਾਈ 11 ਮਾਰਚ ਤੱਕ ਲਈ ਮੁਲਤਵੀ ਕਰ ਦਿੱਤੀ, ਜਿਸ 'ਚ ਉਸ ਨੇ ਖ਼ੁਦ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ 'ਚ ਭੇਜਣ ਦੀ ਅਪੀਲ ਕੀਤੀ ਸੀ। ਬੱਬਰ ਖਾਲਸਾ ਦਾ ਅੱਤਵਾਦੀ 1995 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਕਤਲ ਨਾਲ ਸੰਬੰਧ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜੱਜ ਐੱਮ.ਐੱਮ. ਸੁੰਦਰੇਸ਼ ਅਤੇ ਜੱਜ ਐੱਨ. ਕੋਟਿਸ਼ਵਰ ਸਿੰਘ ਦੀ ਬੈਂਚ ਨੇ ਸਾਲਿਸੀਟਰ ਜਨਰਲ ਤੁਸ਼ਾਰ ਮੇਹਤਾ ਵਲੋਂ ਮੁਲਤਵੀ ਕਰਨ ਦੀ ਬੇਨਤੀ ਕਰਨ ਤੋਂ ਬਾਅਦ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਪਿਛਲੇ ਸਾਲ 27 ਸਤੰਬਰ ਨੂੰ, ਸੁਪਰੀਮ ਕੋਰਟ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਲੀ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਹਵਾਰਾ 31 ਅਗਸਤ, 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ ਨਾਲ ਸੰਬੰਧਤ ਮਾਮਲੇ ' ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਜਿਸ 'ਚ ਬੇਅੰਤ ਸਿੰਘ ਅਤੇ 16 ਹੋਰ ਲੋਕ ਮਾਰੇ ਗਏ ਸਨ। ਸੁਪਰੀਮ ਕੋਰਟ 'ਚ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ 22 ਜਨਵਰੀ 2004 ਨੂੰ ਜੇਲ੍ਹ ਤੋਂ ਦੌੜਨ ਅਤੇ ਬਾਅਦ 'ਚ ਗ੍ਰਿਫ਼ਤਾਰ ਹੋਣ ਦੀ ਘਟਨਾ ਨੂੰ ਛੱਡ ਕੇ, ਹਵਾਰਾ ਦਾ ਜੇਲ੍ਹ 'ਚ ਰਵੱਈਆ ਬੇਦਾਗ਼ ਰਿਹਾ ਹੈ। ਇਸ 'ਚ ਅਪੀਲ ਕੀਤੀ ਗਈ ਹੈ ਕਿ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਹੋਰ ਜੇਲ੍ਹ 'ਚ ਭੇਜ ਦਿੱਤਾ ਜਾਣਾ ਚਾਹੀਦਾ, ਕਿਉਂਕਿ ਰਾਸ਼ਟਰੀ ਰਾਜਧਾਨੀ 'ਚ ਉਸ ਖ਼?ਲਾਫ਼ ਕੋਈ ਮਾਮਲਾ ਪੈਂਡਿੰਗ ਨਹੀਂ ਹੈ। ਪਟੀਸ਼ਨ 'ਚ ਕਿਹਾ ਗਿਆ ਹੈ,"ਪਟੀਸ਼ਨਕਰਤਾ (ਹਵਾਰਾ) ਮੌਜੂਦਾ ਸਮੇਂ ਪੰਜਾਬ ਸੂਬੇ 'ਚ ਦਰਜ ਇਕ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ... ਉਹ ਪੰਜਾਬ ਸੂਬੇ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਵਾਸੀ ਹੈ ਅਤੇ ਉਸ ਨੂੰ ਪੰਜਾਬ ਦੀ ਹੀ ਕਿਸੇ ਜੇਲ੍ਹ 'ਚ ਰੱਖਿਆ ਜਾਣਾ ਚਾਹੀਦਾ।"

## ਗੱਠਜੋੜ ਨਾਲ ਚੋਣ ਲੜਨ ਦੀਆਂ ਰਿਪੋਰਟਾਂ ਗੁੰਮਰਾਹਕੁੰਨ ਵਾਲੀਆਂ 'ਜਾਅਲੀ ਖ਼ਬਰਾਂ' : ਮਾਇਆਵਤੀ

ਕੌਮੀ ਪੱਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਲਖਨਊ 19 ਫਰਵਰੀ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਬੁੱਧਵਾਰ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਗੱਠਜੋੜ ਨਾਲ ਲੜਨ ਦੀਆਂ ਰਿਪੋਰਟਾਂ ਨੂੰ ਗੁੰਮਰਾਹ ਕਰਨ ਦੇ ਇਰਾਦੇ ਨਾਲ ਫੈਲਾਈਆਂ ਜਾ ਰਹੀਆਂ 'ਜਾਅਲੀ ਖ਼ਬਰਾਂ' ਕਰਾਰ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਗਲੀਆਂ ਚੋਣਾਂ ਆਪਣੀ ਤਾਕਤ 'ਤੇ ਲੜੇਗੀ। ਮਾਇਆਵਤੀ ਨੇ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਮਦਦ ਨਾਲ ਇਹ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ ਕਿ ਬਸਪਾ ਉੱਤਰ ਪ੍ਰਦੇਸ਼ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਗੱਠਜੋੜ ਨਾਲ ਲੜੇਗੀ। ਇਹ ਇੱਕ ਆਮ ਚਰਚਾ ਹੈ ਅਤੇ ਇਹ ਪੂਰੀ ਤਰ੍ਹਾਂ 'ਜਾਅਲੀ ਖ਼ਬਰਾਂ' ਹਨ, ਜੋ ਲੋਕਾਂ ਨੂੰ ਗੁੰਮਰਾਹ ਕਰਨ ਦੇ ਇਰਾਦੇ ਨਾਲ ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ, ਇਹ ਬਿਲਕੁਲ ਝੂਠੀ, ਝੂਠੀ, ਬੇਬੁਨਿਆਦ ਅਤੇ ਮਨਘੜਤ ਖ਼ਬਰ ਹੈ। ਇਸ ਲਈ, ਆਗੂਆਂ ਅਤੇ ਮੀਡੀਆ ਦੋਵਾਂ ਨੂੰ ਅਜਿਹੀਆਂ ਖ਼ਬਰਾਂ ਫੈਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਬਸਪਾ ਮੁਖੀ ਨੇ ਕਿਹਾ ਕਿ ਉਹ ਆਪਣੀ ਪਾਰਟੀ ਦੇ ਦਮ 'ਤੇ ਚੋਣਾਂ ਲੜਨ ਦੇ ਇਰਾਦੇ ਦਾ ਜਨਤਕ ਤੌਰ 'ਤੇ ਕਈ ਵਾਰ ਐਲਾਨ ਕਰ ਚੁੱਕੇ ਹਨ। ਖ਼ਾਸ ਤੌਰ 'ਤੇ 9 ਅਕਤੂਬਰ, 2025 ਨੂੰ ਬਸਪਾ ਦੇ ਸੰਸਥਾਪਕ



ਕਾਂਸ਼ੀ ਰਾਮ ਦੀ ਬਰਸੀ ਮੌਕੇ ਲਖਨਊ ਵਿੱਚ ਹੋਈ ਮੈਗਾ ਰੈਲੀ ਵਿੱਚ ਵੀ ਇਸ ਦਾ ਖੁੱਲ੍ਹ ਕੇ ਐਲਾਨ ਕੀਤਾ ਗਿਆ ਸੀ। ਹੁਣ ਅਜਿਹੀ ਕਿਸੇ ਵੀ ਚਰਚਾ ਜਾਂ ਬਹਿਸ ਲਈ ਕੋਈ ਥਾਂ ਨਹੀਂ ਹੈ। ਹਾਲਾਂਕਿ, ਕੁਝ ਵਿਅਕਤੀ ਅਤੇ ਮੀਡੀਆ ਦਾ ਇੱਕ ਹਿੱਸਾ ਸਾਜ਼ਿਸ਼ ਵਜੋਂ ਅਜਿਹੀਆਂ ਜਾਅਲੀ ਖ਼ਬਰਾਂ ਫੈਲਾ ਰਹੇ ਹਨ। ਇਹ ਇੱਕ ਬਸਪਾ ਵਿਰੋਧੀ ਰਣਨੀਤੀ ਮੰਨੀ ਜਾਵੇਗੀ, ਜਿਸ ਵੱਲ ਲੋਕਾਂ ਨੂੰ ਕੋਈ ਧਿਆਨ ਦੇਣ ਦੀ ਲੋੜ ਨਹੀਂ ਹੈ। ਮਾਇਆਵਤੀ ਨੇ ਕਿਹਾ ਕਿ ਬਸਪਾ ਵਰਕਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਾਂਗਰਸ, ਸਮਾਜਵਾਦੀ ਪਾਰਟੀ (ਸਪਾ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮਾਨਸਿਕਤਾ ਸੰਕੀਰਣ ਹੈ। ਇਸ ਤੋਂ ਇਲਾਵਾ ਸਤਿਕਾਰਯੋਗ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਵਿਰੋਧੀ ਹੋਣ ਕਰਕੇ ਅੰਬੇਡਕਰਵਾਦੀ ਹੋਣ ਦਾ ਉਨ੍ਹਾਂ ਦਾ ਦਾਅਵਾ ਅਤੇ ਬਸਪਾ ਨਾਲ ਗੱਠਜੋੜ ਕਰਨ ਦੀ ਉਨ੍ਹਾਂ ਦੀ ਨੀਤੀ ਸਿਰਫ਼ ਚੋਣ ਲਾਭ ਲਈ ਹੈ। ਗੱਠਜੋੜ ਬਸਪਾ ਨੂੰ ਹੀ ਨੁਕਸਾਨ ਪਹੁੰਚਾਉਂਦੇ ਹਨ। ਇਸੇ ਕਰਕੇ ਬਸਪਾ 2027 ਦੀਆਂ ਵਿਧਾਨ ਸਭਾ ਚੋਣਾਂ ਆਪਣੀ ਪੂਰੀ ਤਾਕਤ ਨਾਲ ਇਕੱਲਿਆਂ ਲੜੇਗੀ। ਮਾਇਆਵਤੀ ਨੇ ਦਿੱਲੀ ਵਿੱਚ ਉਨ੍ਹਾਂ ਨੂੰ ਅਲਾਟ ਕੀਤੇ ਗਏ ਟਾਈਪ-8 ਬੰਗਲੇ ਦੇ ਮਾਮਲੇ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਬਸਪਾ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੂੰ ਸੁਰੱਖਿਆ ਖਤਰਿਆਂ ਕਾਰਨ ਪਹਿਲਾਂ ਵੀ ਅਜਿਹਾ ਬੰਗਲਾ ਅਲਾਟ ਕੀਤਾ ਗਿਆ ਹੈ।

## ਰਾਜਪਾਲ ਮਨੋਜ ਸਿਨਹਾ ਨੇ ਰੱਖਿਆ ਆਦਿ ਸ਼ੰਕਰਾਚਾਰੀਆ ਮੰਦਰ ਦਾ ਨੀਂਹ ਪੱਥਰ, ਕਟੜਾ ਅਤੇ ਸ਼ਿਵ ਖੋੜੀ ਦੇ ਵਿਕਾਸ ਲਈ ਕੀਤੇ ਵੱਡੇ ਐਲਾਨ

ਕਟੜਾ 19 ਫਰਵਰੀ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਟੜਾ ਅਤੇ ਸ਼ਿਵ ਖੋੜੀ ਦੇ ਖੇਤਰਾਂ ਨੂੰ ਅਧਿਆਤਮਿਕ ਅਤੇ ਸੈਰ-ਸਪਾਟਾ ਪੱਖੋਂ ਵਿਕਸਿਤ ਕਰਨ ਲਈ ਕਈ ਅਹਿਮ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ। ਬੁੱਧਵਾਰ ਨੂੰ ਉਨ੍ਹਾਂ ਨੇ ਕਟੜਾ 'ਚ ਆਦਿ ਸ਼ੰਕਰਾਚਾਰੀਆ ਦੇ ਇਕ ਵਿਸ਼ਾਲ ਮੰਦਰ ਦਾ ਨੀਂਹ ਪੱਥਰ ਰੱਖਿਆ, ਜਿਸ ਦੀ ਪਰਿਕਲਪਨਾ ਸਭ ਤੋਂ ਪਹਿਲਾਂ 1967 'ਚ ਕੀਤੀ ਗਈ ਸੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਮੰਦਰ ਆਧੁਨਿਕ ਸਹੂਲਤਾਂ ਨਾਲ ਲੈੱਸ ਹੋਵੇਗਾ ਅਤੇ ਇੱਥੇ ਸਥਾਨਕ ਦੇਵੀ-ਦੇਵਤਿਆਂ ਲਈ ਵੀ ਇਕ ਮੰਦਰ ਬਣਾਇਆ ਜਾਵੇਗਾ। ਰਿਆਸੀ ਜ਼ਿਲ੍ਹੇ 'ਚ ਮਾਤਾ ਵੈਸ਼ਨੋ ਦੇਵੀ ਦੇ ਆਧਾਰ ਕੈਂਪ ਕਟੜਾ 'ਚ ਇਕ ਅੰਤਰਰਾਸ਼ਟਰੀ ਦੇਵੀ ਅਜਾਇਬ ਘਰ ਸਥਾਪਤ ਕਰਨ ਦਾ ਪ੍ਰਸਤਾਵ ਹੈ। ਇਸ ਅਜਾਇਬ ਘਰ 'ਚ ਭਾਰਤ ਦੇ ਪ੍ਰਮੁੱਖ ਦੇਵੀ ਤੀਰਥ ਸਥਾਨਾਂ ਦੀਆਂ ਪ੍ਰਤੀਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ, ਸ਼ਰਧਾਲੂਆਂ ਦੇ ਅਨੁਭਵ ਨੂੰ ਹੋਰ ਯਾਦਗਾਰ ਬਣਾਉਣ ਲਈ ਸੋਮਨਾਥ ਮੰਦਰ ਅਤੇ 'ਸਟੈਚੂ ਆਫ ਯੂਨਿਟੀ' ਦੀ ਤਰਜ਼ 'ਤੇ ਇਕ 'ਲਾਈਟ ਐਂਡ ਸਾਊਂਡ ਸ਼ੋਅ' ਵੀ ਵਿਕਸਤ ਕੀਤਾ ਜਾਵੇਗਾ। ਉਪ ਰਾਜਪਾਲ ਨੇ ਸ਼ਰਧਾਲੂਆਂ ਦੀ ਸਹੂਲਤ ਲਈ ਇਕ ਵੱਡਾ ਐਲਾਨ ਕਰਦਿਆਂ ਦੱਸਿਆ ਕਿ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਕਟੜਾ ਤੋਂ ਸ਼ਿਵ ਖੋੜੀ ਗੁਫਾ ਮੰਦਰ ਲਈ ਹੈਲੀਕਾਪਟਰ ਸੇਵਾ ਸ਼ੁਰੂ ਕਰਨ ਦੇ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਕਟੜਾ 'ਚ ਹੈਲੀਪੈਡ ਦਾ ਨਿਰਮਾਣ ਅੰਤਿਮ ਪੜਾਅ 'ਤੇ ਹੈ ਅਤੇ ਸ਼ਿਵ ਖੋੜੀ 'ਚ ਵੀ ਅਜਿਹੀ ਸਹੂਲਤ ਜਲਦੀ ਹੀ ਮੁਕੰਮਲ ਹੋ ਜਾਵੇਗੀ। ਵਿਕਾਸ ਕਾਰਜਾਂ ਦੇ ਨਾਲ-ਨਾਲ ਸਥਾਨਕ ਲੋਕਾਂ ਦੀ ਰੋਜ਼ੀ-ਰੋਟੀ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।

## 'ਪੰਜਾਬ 'ਚ ਵਧੇਗੀ ਬੁਢਾਪਾ ਪੈਨਸ਼ਨ, ਹਰ ਮਹੀਨੇ ਮਿਲਣਗੇ 3100 ਰੁਪਏ': ਸੁਖਬੀਰ ਬਾਦਲ

ਕੌਮੀ ਪੱਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਗੁਰਦਾਸਪੁਰ 19 ਫਰਵਰੀ। ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ ਮਾਝੇ ਦੀ ਧਰਤੀ ਤੋਂ 'ਪੰਜਾਬ ਬਚਾਓ ਰੈਲੀ' ਦਾ ਆਗਾਜ਼ ਕੀਤਾ ਗਿਆ ਹੈ। ਅੱਜ ਗੁਰਦਾਸਪੁਰ ਦੇ ਕਾਦੀਆਂ ਵਿਧਾਨ ਸਭਾ ਹਲਕੇ ਵਿਚ ਇਕ ਵਿਸ਼ਾਲ ਰੈਲੀ ਕੀਤੀ ਗਈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਲਈ ਵੱਡੇ ਐਲਾਨ ਕੀਤੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼?ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਪੰਜਾਬ ਵਿਚ ਬੁਢਾਪਾ ਪੈਨਸ਼ਨ ਨੂੰ ਵਧਾ ਕੇ 3100 ਰੁਪਏ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 4 ਰੁਪਏ ਕਿੱਲੋ ਆਟਾ ਤੇ 20 ਰੁਪਏ ਕਿੱਲੋ ਦਾਲ ਸਕੀਮ ਪਹਿਲੇ ਦਿਨ ਤੋਂ ਹੀ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਗਰੀਬ ਪਰਿਵਾਰ ਦੀਆਂ ਧੀਆਂ ਦੇ ਵਿਆਹ ਲਈ 1 ਲੱਖ ਰੁਪਏ ਦਿੱਤੇ ਜਾਣਗੇ। ਨੌਜਵਾਨਾਂ ਨੂੰ ਆਪਣਾ ਕੰਮ ਖੋਲ੍ਹ ਕੇ ਪੈਰਾਂ 'ਤੇ ਖੜ੍ਹੇ ਕਰਨ ਲਈ ਸਰਕਾਰ ਵੱਲੋਂ 10 ਲੱਖ ਰੁਪਏ ਦਾ ਲੋਨ ਦਿੱਤਾ ਜਾਵੇਗਾ, ਜਿਸ 'ਤੇ ਕੋਈ ਵਿਆਜ ਨਹੀਂ ਲੱਗੇਗੀ ਤੇ ਉਸ ਨੂੰ ਮੋੜਨ ਲਈ ਵੀ 10 ਸਾਲਾਂ ਦਾ ਸਮਾਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹਰ ਹਲਕੇ ਵਿਚ ਮੈਰੀਟੋਰੀਅਸ



ਸਕੂਲ ਖੋਲ੍ਹਿਆ ਜਾਵੇਗਾ, ਜਿੱਥੇ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ। ਯੂਨੀਵਰਸਿਟੀਆਂ 'ਚ ਮੈਰੀਟੋਰੀਅਸ ਸਕੂਲਾਂ ਚ ਪੜ੍ਹੇ ਬੱਚਿਆਂ ਲਈ 50 ਫ਼ੀਸਦੀ ਸੀਟਾਂ ਰਾਖਵੀਆਂ ਕੀਤੀਆਂ ਜਾਣਗੀਆਂ, ਤੇ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਖਰਚਾ ਸਰਕਾਰ ਚੁੱਕੇਗੀ। ਹਰ ਜ਼ਿਲ੍ਹੇ ਵਿਚ ਮੈਡੀਕਲ ਕਾਲਜ, ਪਸ਼ੂਆਂ ਦਾ ਕਾਲਜ, ਸਕਿਲ ਯੂਨੀਵਰਸਿਟੀ ਖੋਲ੍ਹੇ ਜਾਣਗੇ। ਸੁਖਬੀਰ ਸਿੰਘ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਇਹ ਕਾਨੂੰਨ ਦੁਬਾਰਾ ਲਿਆਂਦਾ ਜਾਵੇਗਾ ਕਿ ਪੰਜਾਬ ਵਿਚ ਸਰਕਾਰੀ ਨੌਕਰੀਆਂ ਸਿਰਫ਼ ਪੰਜਾਬੀਆਂ ਨੂੰ ਹੀ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਇੰਡਸਟਰੀਲਿਸਟਾਂ ਲਈ ਵੀ ਕਾਨੂੰਨ ਲਿਆਂਦਾ ਜਾਵੇਗਾ ਕਿ ਉਨ੍ਹਾਂ ਨੂੰ ਸਰਕਾਰੀ ਸਹੂਲਤਾਂ ਤਾਂ ਹੀ ਮਿਲਣਗੀਆਂ, ਜੇਕਰ ਉਹ 75 ਫ਼ੀਸਦੀ ਨੌਕਰੀਆਂ ਪੰਜਾਬੀ ਨੌਜਵਾਨਾਂ ਨੂੰ ਦੇਣਗੇ। ਥੀਨ ਡੈਮ 'ਤੇ ਦੁਨੀਆ ਦਾ ਸਭ ਤੋਂ ਵੱਡਾ ਹੱਬ ਬਣਿਆ ਜਾਵੇਗਾ, ਜਿੱਥੇ ਹਜ਼ਾਰਾਂ ਬੱਚਿਆਂ ਨੂੰ ਨੌਕਰੀ ਮਿਲੇਗੀ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਜਿਨ੍ਹਾਂ ਕਿਸਾਨਾਂ ਕੋਲ ਟਿਊਬਵੈੱਲ ਕੁਨੈਕਸ਼ਨ ਨਹੀਂ ਹਨ, ਅਕਾਲੀ ਦਲ ਦੀ ਸਰਕਾਰ ਬਣਦਿਆਂ ਹੀ ਪਹਿਲੇ ਹਫ਼ਤੇ ਹੀ ਅਜਿਹੇ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸੂਬੇ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਸਾਰੇ ਬੰਨ੍ਹ ਪੱਕੇ ਕੀਤੇ ਜਾਣਗੇ।

Contd.........page-3



# ਹੜਤਾਲ ’ਤੇ ਗਏ ਡਾਕਟਰ ਜਲਦੀ ਤੋਂ ਜਲਦੀ ਆਪਣੀ ਡਿਊਟੀ ਜੁਆਇੰਨ ਕਰਨ - ਆਰਤੀ ਸਿੰਘ ਰਾਓ

ਕੌਮੀ ਪਤ੍ਰਿਕਾ

ਚੰਡੀਗੜ੍ਹ, 19 ਫਰਵਰੀ। ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸੂਬਾ ਸਰਕਾਰ ਹੜਤਾਲ ’ਤੇ ਗਏ ਡਾਕਟਰਾਂ ਦੀ ਉਚਿਤ ਮੰਗਾਂ ਦੇ ਹੱਲ ਲਈ ਸੰਵਾਦ ਅਤੇ ਚਰਚਾ ਲਈ ਤਿਆਰ ਹੈ। ਉਨ੍ਹਾਂ ਨੇ ਵਿਆਪਕ ਜਨਹਿਤ ਵਿੱਚ, ਹਰਿਆਣਾ ਸਿਵਲ ਮੈਡੀਕਲ ਸਰਵਿਸੇਜ ਏਸੋਸਇਏਸ਼ਨ ਦੇ ਸਾਰੇ ਡਾਕਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਆਪਣੀ ਡਿਊਟੀ ਜੁਆਇੰਨ ਕਰਨ ਅਤੇ ਹੜਤਾਲ ਨੂੰ ਤੁਰੰਤ ਪ੍ਰਭਾਵ ਨਾਲ ਵਾਪਸ ਲੈਣ। ਸਿਹਤ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਹੜਤਾਲ ਦੌਰਾਨ ਹਸਪਤਾਲਾਂ ਵਿੱਚ ਮੈਡੀਕਲ ਸੇਵਾਵਾਂ ਨੂੰ ਰੁਕਣ ਨਹੀਂ ਦਿੱਤਾ। ਕਾਫੀ ਡਾਕਟਰਾਂ, ਜਿਨ੍ਹਾਂ ਵਿੱਚ ਮੈਡੀਕਲ ਰਿਸਰਚ, ਨੈਸ਼ਨਲ ਹੈਲਥ ਮਿਸ਼ਨ ਅਤੇ ਆਯੂਸ਼ ਡਾਕਟਰਾਂ ਨੇ ਮਰੀਜਾਂ ਦੇ ਇਲਾਜ ਅਤੇ ਮੈਡੀਕਲ ਸੇਵਾਵਾਂ ਨੂੰ ਜਾਰੀ ਰੱਖਣ ਵਿੱਚ ਸਹਿਯੋਗ ਕੀਤਾ ਹੈ, ਇਸ ਦੇ ਲਈ ਉਨ੍ਹਾਂ ਦਾ ਧੰਨਵਾਦ ਜਤਾਉਂਦੇ ਹੋਏ ਸਿਹਤ ਮੰਤਰੀ ਨੇ ਹੜਤਾਲ ’ਤੇ ਗਏ ਡਾਕਟਰਾਂ ਨੂੰ ਵਾਪਸ ਕੰਮ ’ਤੇ ਆਉਣ ਦੀ ਅਪੀਲ ਕੀਤੀ ਹੈ। ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਸਿਵਲ ਮੈਡੀਕਲ ਸਰਵਿਸੇਜ ਏਸੋਸਇਏਸ਼ਨ ਦੀ ਅਪੀਲ ’ਤੇ ਕੀਤੀ ਗਈ ਹੜਤਾਲ ਦੇ ਮੱਦੇਨਜਰ, ਆਮ ਜਨਤਾ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਤੋਂ ਬਚਾਉਣ ਅਤੇ ਸੂਬੇ ਦੇ ਵੱਖ-ਵੱਖ ਸਿਹਤ ਸੰਸਥਾਨਾਂ ਵਿੱਚ ਆਉਣ ਵਾਲੇ ਰੋਗੀਆਂ ਨੂੰ ਭਵਿੱਖ ਵਿੱਚ ਬਿਨ੍ਹਾ ਰੁਕਾਵਟ ਸਿਹਤ ਸੇਵਾਵਾਂ ਉਪਲਬਧ ਕਰਾਉਣ ਲਈ ਸਿਹਤ ਵਿਭਾਗ ਵੱਲੋਂ ਸਾਰੀ ਜਰੂਰੀ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਦਸਿਆ ਕਿ ਮੌਜੂਦਾ ਪਰਿਸਥਿਤੀ ਨੂੰ ਰਾਜ ਸਰਕਾਰ ਨੇ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਕੌਮੀ ਸਿਹਤ ਮਿਸ਼ਨ, ਮੈਡੀਕਲ ਏਜੂਕੇਸ਼ਨ ਐਂਡ ਰਿਸਰਚ ਵਿਭਾਗ, ਆਯੂਸ਼ ਵਿਭਾਗ, ਆਯੂਸ਼ਮਾਨ ਭਾਰਤ, ਲੇਬਰ/ਈਐਸਆਈ ਵਿਭਾਗ, ਇੰਡੀਅਨ ਮੈਡੀਕਲ ਏਸੋਸਇਏਸ਼ਨ ਆਦਿ ਸਮੇਤ ਵੱਖ-ਵੱਖ ਹਿੱਤਧਾਰਕਾਂ ਦੇ ਨਾਲ ਵਿਭਾਗ ਦੀ ਤਾਲਮੇਲ ਮੀਟਿੰਗ ਆਯੋਜਿਤ ਕੀਤੀ ਗਈ ਹੈ। ਰਾਜ ਦੇ ਵੱਖ-ਵੱਖ ਸਿਹਤ ਸੰਸਥਾਨਾਂ ਵਿੱਚ ਲਗਾਤਾਰ ਅਤੇ ਬਿਨ੍ਹਾ ਰੁਕਾਵਟ ਸਿਹਤ ਸੇਵਾਵਾਂ ਉਪਲਬਧ ਕਰਾਉਣ ਲਈ ਇੰਨ੍ਹਾਂ ਹਿੱਤਧਾਰਕ ਵਿਭਾਗਾਂ ਅਤੇ ਸੰਸਥਾਨਾਂ ਦੇ ਮਾਨਵ ਸੰਸਾਧਨ (ਮਾਹਰ/ਡਾਕਟਰ) ਨੂੰ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਤੈਨਾਤ ਕੀਤਾ ਗਿਆ ਹੈ। ਲਗਭਗ 540 ਡਾਕਟਰ ਡੀਐਮਈਆਰ ਤੋਂ, 500 ਡਾਕਟਰ ਆਯੂਸ਼ ਵਿਭਾਗ ਤੋਂ, 75 ਡਾਕਟਰ ਈਐਸਆਈ ਤੋਂ, 300 ਡਾਕਟਰ ਆਯੂਸ਼ਮਾਨ ਭਾਰਤ ਨਾਲ ਸਬੰਧਿਤ ਨਿਜੀ ਹਸਪਤਾਲਾਂ ਤੋਂ ਅਤੇ 490 ਡਾਕਟਰ ਐਨਐਚਐਮ ਤੋਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਸ ਦੇ ਨਤੀਜੇਵਜੋ ਸਿਹਤ ਵਿਭਾਗ ਦੀ ਸਾਰੀ ਜਰੂਰੀ ਮੁੱਢਲੀ ਸੇਵਾਵਾਂ ਜਿਵੇਂ ਓਪੀਡੀ, ਆਈਪੀਡੀ, ਐਮਰਜੈਂਸੀ, ਲੇਬਰ ਰੂਮ, ਆਈਸੀਯੂ/ਐਚਡੀਯੂ, ਨਵਜਾਤ ਸ਼ਿਸ਼ੂ ਦੇਖਭਾਲ ਇਕਾਈਆਂ, ਆਪਰੇਸ਼ਨ ਥਇਏਟਰ, ਮੇਡਿਕੋ ਲੀਗਲ ਸੇਵਾਵਾਂ, ਲੈਬ ਸੇਵਾਵਾਂ, ਫਾਰਮੇਸੀ ਸੇਵਾਵਾਂ ਅਤੇ ਪੋਸਟ ਮਾਰਟਮ ਸੇਵਾਵਾਂ ਰਾਜ ਦੇ ਸਾਰੇ ਜਿਲ੍ਹਿਆਂ ਵਿੱਚ ਸੁਚਾਰੂ ਰੂਪ ਨਾਲ ਸੰਚਾਲਿਤ ਰਹੀਆਂ। ਇੰਨ੍ਹਾਂ ਸੇਵਾਵਾਂ ਦੇ ਸੁਚਾਰੂ ਸੰਚਾਲਨ ਤਹਿਤ ਡਿਊਟੀ ਰੋਸਟਰ ਨਿਰਧਾਰਿਤ ਕਰ ਦਿੱਤੇ ਗਏ ਹਨ। ਸਿਹਤ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਮੈਡੀਕਲ ਸੇਵਾਵਾਂ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦੇ ਲਈ ਰਾਜ ਦੀ ਜਨਤਾ ਦੇ ਹਿੱਤ ਸੱਭ ਤੋਂ ਉੱਪਰ ਹਨ।

## ਮੇਲੇ ਵਿੱਚ ਮੁ.ਫਤ ਕਾਨੂੰਨੀ ਸਹਾਇਤਾ ਅਤੇ ਅਧਿਕਾਰਾਂ ਬਾਰੇ ਲੋਕਾਂ ਨੂੰ ਕੀਤਾ ਗਿਆ ਜਾਗਰੂਕ

ਅੰਮ੍ਰਿਤਸਰ, 19 ਫਰਵਰੀ। ਮਿਸਟਰ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਮਾਨਯੋਗ ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥੋਰਿਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਜੀਆਂ ਦੇ ਮਾਰਗ ਦਰਸ਼ਨ ਹੇਠ ਅਤੇ ਮਾਨਯੋਗ ਮੈਂਬਰ ਸਕੱਤਰ, ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਾਨਯੋਗ ਜਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਨੇ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ 2025, ਜੋ ਕਿ 4 ਤੋਂ 8 ਦਸੰਬਰ 2025 ਤੱਕ ਅੰਮ੍ਰਿਤਸਰ ਵਿੱਚ ਆਯੋਜਿਤ ਕੀਤਾ ਗਿਆ, ਇਸ ਦੌਰਾਨ ਇੱਕ ਜਾਗਰੂਕਤਾ ਗਤੀਵਿਧੀ ਸਫਲਤਾਪੂਰਵਕ ਆਯੋਜਿਤ ਕੀਤੀ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸੇਵਾਵਾਂ, ਵੱਖ-ਵੱਖ ਕਾਨੂੰਨਾਂ ਅਧੀਨ ਅਧਿਕਾਰਾਂ ਅਤੇ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੀਂ ਉਪਲਬਧ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਮੇਲੇ ਵਿੱਚ ਇੱਕ ਵਿਸ਼ੇਸ਼ ਸਟਾਲ ਲਗਾਇਆ ਗਿਆ ਜਿਸ ਵਿੱਚ ਪੈਰਾਲੀਗਲ ਵਲੰਟੀਅਰਾਂ ਅਤੇ ਅਧਿਕਾਰੀਆਂ ਨੇ ਦਰਸ਼ਕਾਂ ਨਾਲ ਸੰਵਾਦ ਕਰਕੇ ਉਨ੍ਹਾਂ ਨੂੰ ਲੋਕ ਅਦਾਲਤਾਂ, ਮੈਡੀਏਸ਼ਨ, ਪੀੜਤ ਮੁਆਵਜ਼ਾ ਯੋਜਨਾਵਾਂ ਅਤੇ ਨਿਆਂ ਤੱਕ ਪਹੁੰਚ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਉਪਭੋਗਤਾ ਅਧਿਕਾਰਾਂ, ਘਰੇਲੂ ਹਿੰਸਾ ਕਾਨੂੰਨ, ਸਾਇਬਰ ਕ੍ਰਾਈਮ ਰੋਕਥਾਮ ਅਤੇ ਮਹਿਲਾਵਾਂ, ਬੱਚਿਆਂ, ਬਜ਼ੁਰਗਾਂ ਅਤੇ ਪਿੱਛੜੇ ਵਰਗਾਂ ਦੇ ਅਧਿਕਾਰਾਂ ਬਾਰੇ ਪੰਪਲੈਟ ਵੰਡੇ ਗਏ ਅਤੇ ਛੋਟੇ-ਛੋਟੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਗਏ। ਇਸ ਗਤੀਵਿਧੀ ਨੂੰ ਬਹੁਤ ਹੀ ਚੰਗਾ ਪ੍ਰਤੀਕਰਮ ਮਿਲਿਆ ਅਤੇ ਸੈਂਕੜੇ ਦਰਸ਼ਕਾਂ ਨੇ ਦੇ ਪ੍ਰਤੀਨਿਧੀਆਂ ਨਾਲ ਸੰਪਰਕ ਕੀਤਾ। ਇਹ ਪਹਲ “ਸਭ ਲਈ ਨਿਆਂ”ਦੇ ਵਚਨ ਨੂੰ ਮਜ਼ਬੂਤ ਕਰਦੀ ਹੈ ਅਤੇ ਲੋਕਾਂ ਨੂੰ ਕਾਨੂੰਨੀ ਸਿੱਖਿਆ ਰਾਹੀਂ ਸਸ਼ਕਤ ਕਰਨ ਦੀ ਮਹੱਤਤਾ ਉਜਾਗਰ ਕਰਦੀ ਹੈ। ਇਸ ਮੌਕੇ ‘ਤੇ ਟੋਲ-ਫ?ਰੀ ਹੈਲਪ ਲਾਈਨ ਨੰਬਰ 15100 ਦੀ ਵੀ ਪ੍ਰਚਾਰ ਕੀਤਾ ਗਿਆ ਤਾਂ ਜੋ ਲੋਕ ਆਸਾਨੀ ਨਾਲ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਣ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ 13 ਦਸੰਬਰ 2025 ਨੂੰ ਲਗੇਗੀ ਨੈਸ਼ਨਲ ਲੋਕ ਅਦਾਲਤ

ਕੌਮੀ ਪਤ੍ਰਿਕਾ

ਅੰਮ੍ਰਿਤਸਰ, 19 ਫਰਵਰੀ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਆਉਣ ਵਾਲੀ ਨੈਸ਼ਨਲ ਲੋਕ ਅਦਾਲਤ 13 ਦਸੰਬਰ 2025 ਨੂੰ ਆਯੋਜਿਤ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਸ਼੍ਰੀ ਅਮਰਦੀਪ ਸਿੰਘ ਬੈਂਸ, ਸਕੱਤਰ, ਡੀ.ਐਲ.ਐਸ.ਏ., ਅੰਮ੍ਰਿਤਸਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ ਅਤੇ ਐੱਸ.ਐੱਸ.ਪੀ. ਰੂਰਲ ਅੰਮ੍ਰਿਤਸਰ ਦੇ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਕੰਪਾਊਂਡੇਬਲ ਕ੍ਰਿਮਿਨਲ ਮਾਮਲਿਆਂ ਨਾਲ ਸੰਬੰਧਿਤ ਕੈਂਸਲੇਸ਼ਨ ਰਿਪੋਰਟਾਂ, ਅਨਟਰੇਸਡ/ਅਖਰਾਜ ਰਿਪੋਰਟ ਸਬੰਧਤ ਕੇਸ ਆਦਿ ਨੂੰ ਸਮੇਂ ਸਿਰ ਕੌਮੀ ਲੋਕ ਅਦਾਲਤ ਵਿੱਚ ਪੇਸ਼ ਕਰਨ ਲਈ ਵਿਸ਼ੇਸ਼ ਨਿਰਦੇਸ਼ ਜਾਰੀ ਕੀਤੇ ਗਏ। ਇਸ ਤੋਂ ਇਲਾਵਾ, ਐਂਟੀ ਪਾਵਰ ਪੁਲਿਸ ਸਟੇਸ਼ਨ, ਅੰਮ੍ਰਿਤਸਰ ਦੇ ਪੁਲਿਸ ਅਤੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਬਿਜਲੀ ਬਿੱਲਾਂ ਨਾਲ ਸੰਬੰਧਿਤ ਸਮਝੌਤੇਯੋਗ ਅਪਰਾਧਾਂ ਦੇ ਵੱਧ ਤੋਂ ਵੱਧ ਮਾਮਲੇ ਲੋਕ ਅਦਾਲਤ ਵਿੱਚ ਪੇਸ਼ ਕਰਨ ਯਕੀਨੀ ਬਣਾਉਣ ਤਾਂ ਜੋ ਉਕਤ ਮਾਮਲਿਆਂ ਦਾ ਨਿਪਟਾਰਾ ਹੋ ਸਕੇ। ਇਹ ਮੀਟਿੰਗ ਸ੍ਰੀਮਤੀ ਜਤਿੰਦਰ ਕੌਰ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਅੰਮ੍ਰਿਤਸਰ, ਦੇ ਦਿਸ਼ਾ-ਨਿਰਦੇਸ਼ਾਂ ਹੇਠ ਆਯੋਜਿਤ ਕੀਤੀ ਗਈ। ਕੌਮੀ ਲੋਕ ਅਦਾਲਤ ਦੇ ਮਾਧਿਅਮ ਨਾਲ ਮਾਮਲਿਆਂ ਦਾ ਨਿਪਟਾਰਾ ਤੇਜ਼, ਸੌਖਾ ਅਤੇ ਬਿਨਾਂ ਕਿਸੇ ਖਰਚੇ ਦੇ ਹੁੰਦਾ ਹੈ। ਪੱਖਾਂ ਦੀ ਆਪਸੀ ਰਜ਼ਾਮੰਦੀ ਨਾਲ ਨਤੀਜਾ ਅੰਤਿਮ ਅਤੇ ਬਿੰਦੂਬੱਧ ਹੁੰਦਾ ਹੈ, ਜਿਸ ਨਾਲ ਲੰਬੀ ਕਾਨੂੰਨੀ ਪ੍ਰਕਿਰਿਆ ਤੋਂ ਛੁਟਕਾਰਾ ਮਿਲਦਾ ਹੈ। ਲੋਕ ਅਦਾਲਤਾਂ ਦੇ ਆਯੋਜਨ ਨਾਲ ਅਦਾਲਤਾਂ ਵਿੱਚ ਲਟਕਦੇ ਮਾਮਲਿਆਂ ਵਿੱਚ ਕਮੀ ਆਉਂਦੀ ਹੈ ਅਤੇ ਸੁਲਹ-ਸਫ਼ਾਈ ਦਾ ਮਾਹੌਲ ਬਣਦਾ ਹੈ। ਸਮਝੌਤੇ ਫੌਜਦਾਰੀ ਅਪਰਾਧ, ਸਮਰੀ ਟ?ਰੈਫ?ਕ ਚਲਾਨ, ਬੈਂਕ ਅਤੇ ਬਿਜਲੀ ਬਿੱਲਾਂ, ਪਰਿਵਾਰਕ ਝਗੜੇ, ਸੜਕ ਦੁਰਘਟਨਾ ਆਦਿ ਮਾਮਲੇ ਅਸਾਨੀ ਨਾਲ ਨਿਪਟਾਏ ਜਾ ਸਕਦੇ ਹਨ। ਜਨਤਾ ਨੂੰ ਅਪੀਲ ਹੈ ਕਿ ਉਹ ਆਪਣੇ ਲੰਬਿਤ ਮਾਮਲੇ ਕੌਮੀ ਲੋਕ ਅਦਾਲਤ ਵਿੱਚ ਲਿਆਉਣ ਅਤੇ ਇਸਦੇ ਪੂਰੇ ਲਾਭ ਪ੍ਰਾਪਤ ਕਰਨ।

## ਨਵੇਂ ਵਾਇਰਸ ਨੇ ਚਿੰਤਾ ’ਚ ਪਾਏ ਲੋਕ, 15 ਦੀ ਹੋਈ ਮੌਤ

ਡਾਕਾਰ 19 ਫਰਵਰੀ। ਅਫ਼ਰੀਕੀ ਦੇਸ਼ ਕਾਂਗੋ ਵਿੱਚ ਇਬੋਲਾ ਦੇ ਇੱਕ ਨਵੇਂ ਪ੍ਰਕੋਪ ਨਾਲ 15 ਲੋਕਾਂ ਦੀ ਮੌਤ ਹੋਣ ਦਾ ਸ਼ੱਕ ਹੈ। ਇਸ ਮੱਧ ਅਫ਼ਰੀਕੀ ਦੇਸ਼ ਦੇ ਸਿਹਤ ਮੰਤਰਾਲਾ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ 16ਵੀਂ ਵਾਰ ਹੈ ਜਦੋਂ ਇਬੋਲਾ ਨੇ ਕਾਂਗੋ ਵਿੱਚ ਤਬਾਹੀ ਮਚਾ ਦਿੱਤੀ ਹੈ। ਸਿਹਤ ਮੰਤਰੀ ਸੈਮੂਅਲ-ਰੋਜਰ ਕਾਂਬਾ ਨੇ ਕਿਹਾ ਕਿ ਅੰਦਾਜ਼ਨ 53.6 ਪ੍ਰਤੀਸ਼ਤ ਮੌਤ ਦਰ ਸਥਿਤੀ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ। ਕਾਂਬਾ ਨੇ ਕਿਹਾ, ਹੁਣ ਤੱਕ, ਅਸਥਾਈ ਰਿਪੋਰਟਾਂ ਵਿੱਚ 28 ਸ਼ੱਕੀ ਮਾਮਲੇ ਅਤੇ 15 ਮੌਤਾਂ ਦਾ ਖੁਲਾਸਾ ਹੋਇਆ ਹੈ, ਜਿਨ੍ਹਾਂ ਵਿੱਚ ਬੋਲਾਪੇ ਵਿੱਚ 14 ਅਤੇ ਮਵੇਕਾ ਵਿੱਚ ਇੱਕ ਸ਼ਾਮਲ ਹੈ। ਚਾਰ ਸਿਹਤ ਕਰਮਚਾਰੀਆਂ ਦੀ ਵੀ ਮੌਤ ਹੋ ਗਈ ਹੈ। ਲਾਗ ਤੋਂ ਪ੍ਰਭਾਵਿਤ ਸਾਰੇ ਲੋਕਾਂ ਵਿੱਚ ਬੁਖਾਰ, ਉਲਟੀਆਂ, ਦਸਤ ਅਤੇ ਭਾਰੀ ਖੂਨ ਵਹਿਣ ਵਰਗੇ ਲੱਛਣ ਦਿਖਾਈ ਦਿੱਤੇ।

## ਇਕ ਵਾਰ ਫ਼?ਰ ਹੋਇਆ ਰਿਸ਼ਤਿਆਂ ਦਾ ਘਾਣ ! ਸੁੱਤੀ ਪਈ ਭਤੀਜੀ ਨੂੰ ਚਾਚੇ ਨੇ ਹੀ ਬਣਾਇਆ ਹਵਸ ਦਾ ਸ਼ਿਕਾਰ

ਨੈਸ਼ਨਲ ਡੈਸਕ 19 ਫਰਵਰੀ। ਉੱਤਰ ਪ੍ਰਦੇਸ਼ ਤੋਂ ਇਕ ਬੇਹੱਦ ਸ਼ਰਮਨਾਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਛਪਾਰ ਇਲਾਕੇ ਵਿੱਚ ਇੱਕ ਅਨਾਥ ਨਾਬਾਲਗ ਲੜਕੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਹੇਠ ਉਸ ਦੇ ਚਾਚੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਸਰਕਲ ਅਫ਼ਸਰ ਰਵੀ ਸ਼ੰਕਰ ਨੇ ਇੱਥੇ ਦੱਸਿਆ ਕਿ ਛਪਰ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਇੱਕ 14 ਸਾਲਾ ਅਨਾਥ ਲੜਕੀ ਆਪਣੇ ਚਾਚੇ ਦੇ ਘਰ ਇਕੱਲੀ ਸੁੱਤੀ ਪਈ ਸੀ ਤਾਂ ਉਸ ਦੇ ਚਾਚੇ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਸ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਉਸ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਰਵੀ ਸ਼ੰਕਰ ਦੇ ਅਨੁਸਾਰ ਘਟਨਾ ਸਮੇਂ ਲੜਕੀ ਦੀ ਚਾਚੀ ਘਰੋਂ ਬਾਹਰ ਗਈ ਹੋਈ ਸੀ। ਪੁਲਸ ਸਰਕਲ ਅਫ਼ਸਰ ਨੇ ਕਿਹਾ ਕਿ ਪੁਲਸ ਨੇ ਲੜਕੀ ਦੇ ਚਾਚੇ ਸਤੀਸ਼ ਕੁਮਾਰ (35) ਵਿਰੁੱਧ ਭਾਰਤੀ ਦੰਡ ਸੰਹਿਤਾ ਅਤੇ ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਰਵੀ ਸ਼ੰਕਰ ਨੇ ਕਿਹਾ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਲੜਕੀ ਨੂੰ ਡਾਕਟਰੀ ਜਾਂਚ ਲਈ ਭੇਜ ਦਿੱਤਾ ਗਿਆ ਹੈ।

## ਕੁੜੀਆਂ ਨਾਲ ਛੇੜਛਾੜ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਹੇਠ ਦੋ ਵਿਅਕਤੀਆਂ ’ਤੇ ਮਾਮਲਾ ਦਰਜ

ਫਿਰੋਜ਼ਪੁਰ 19 ਫਰਵਰੀ। ਲੜਕੀਆਂ ਨਾਲ ਛੇੜਛਾੜ ਅਤੇ ਹਿਰਾਸਮੈਂਟ ਕਰਨ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਥਾਣਾ ਮਮਦੋਟ ਦੀ ਪੁਲਸ ਨੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਜਾਣਕਾਰੀ ਦਿੰਦਿਆਂ ਏਐਸਆਈ ਗੁਰਦੀਪ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਪੁਲਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਭੁਪਿੰਦਰ ਸਿੰਘ ਉਰਫ਼ ਵਿੱਕੀ ਅਤੇ ਬਲਵਿੰਦਰ ਸਿੰਘ ਪੁੱਤਰ ਹਰਨਾਮ ਸਿੰਘ ਕਥਿਤ ਰੂਪ ਵਿੱਚ ਉਸਦੀ ਕੁੜੀ ਅਤੇ ਇੱਕ ਹੋਰ ਕੁੜੀ ਨਾਲ ਛੇੜਛਾੜ ਅਤੇ ਹਿਰਾਸਮੈਂਟ ਕਰਦੇ ਹਨ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਉਸ ਨੇ ਦੱਸਿਆ ਕਿ ਲੜਕੀਆਂ ਦੇ ਪੋਸਟਰ ਬਣਾ ਕੇ ਵੱਖ-ਵੱਖ ਥਾਵਾਂ ’ਤੇ ਖਿਲਾਰ ਕੇ ਉਨ੍ਹਾਂ ਨੂੰ ਬਦਨਾਮ ਕੀਤਾ। ਉਨ੍ਹਾਂ ਕਿਹਾ ਕਿ ਲੜਕੀ ਦੇ ਪਿਤਾ ਵੱਲੋਂ ਦਿੱਤੀ ਲਿਖਤੀ ਸ਼ਿਕਾਇਤ ਦੇ ਆਧਾਰ ’ਤੇ ਪੁਲਸ ਨੇ ਭੁਪਿੰਦਰ ਸਿੰਘ ਉਰਫ਼ ਵਿੱਕੀ ਅਤੇ ਬਲਵਿੰਦਰ ਸਿੰਘ ਖ਼?ਲਾਫ਼ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਮੰਡੀ ਬੋਰਡ ਦਾ ਕਰਮਚਾਰੀ 7 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਗ੍ਰਿਫਤਾਰ

ਅੰਮ੍ਰਿਤਸਰ 19 ਫਰਵਰੀ। ਪੰਜਾਬ ਮੰਡੀ ਬੋਰਡ ਦੇ ਸਰਕਾਰੀ ਕਰਮਚਾਰੀ ਮੰਡੀ ਸੁਪਰਵਾਈਜ਼ਰ ਪਰਮਜੀਤ ਸਿੰਘ ਨੂੰ ਵਿਜੀਲੈਂਸ ਬਿਊਰੋ ਦੀ ਚੰਡੀਗੜ੍ਹ ਫਲਾਇੰਗ ਸਕੁਐਡ ਵੱਲੋਂ ਭਗਤਾਂਵਾਲਾ ਦਾਨਾ ਮੰਡੀ ’ਚ 7 ??ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਗ੍ਰਿਫਤਾਰ ਕੀਤਾ ਹੈ ਅਤੇ ਉਸ ਦੇ ਨਾਲ ਇਕ ਹੋਰ ਕਰਮਚਾਰੀ ਵੀ ਫੜਿਆ ਗਿਆ ਹੈ। ਜਾਣਕਾਰੀ ਅਨੁਸਾਰ ਪਰਮਜੀਤ ਭਗਤਾਂਵਾਲਾ ਦਾਣਾ ਮੰਡੀ ਵਿਚ ਆੜ੍ਹਤੀ ਤੋਂ ਝੋਨੇ ਦੇ ਸੀਜ਼ਨ ਦੀ ਵਧਾਈ ਮੰਗ ਰਿਹਾ ਸੀ ਪਰ ਆੜ੍ਹਤੀ ਨੇ ਵਧਾਈ ਦੇਣ ਦੀ ਬਜਾਏ ਵਿਜੀਲੈਂਸ ਬਿਊਰੋ ਚੰਡੀਗੜ੍ਹ ’ਚ ਸ਼ਿਕਾਇਤ ਕਰ




ਦਿੱਤੀ ਅਤੇ ਜਿਵੇਂ ਹੀ ਪਰਮਜੀਤ ਮੰਡੀ ਦੇ ਆੜ੍ਹਤੀ ਤੋਂ ਰਿਸ਼ਵਤ ਲੈਣ ਲਈ ਆਇਆ ਤਾਂ ਪਹਿਲਾਂ ਹੀ ਟ?ਰੈਪ ਲਾ ਕੇ ਬੈਠੀ ਫਲਾਇੰਗ ਸਕੁਐਡ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਇਕ ਹੋਰ ਕਰਮਚਾਰੀ ਪਰਮਜੀਤ ਦੇ ਨਾਲ ਆਇਆ ਸੀ, ਉਸ ਬਾਰੇ ਮੰਡੀ ਦੇ ਕਰਮਚਾਰੀਆਂ ਦਾ ਕਹਿਣਾ ਹੈ ਕਿ ਉਹ ਰਿਸ਼ਵਤ ਦੇ ਮਾਮਲੇ ਵਿਚ ਪਰਮਜੀਤ ਨਾਲ ਸ਼ਾਮਲ ਨਹੀਂ ਸੀ ਪਰ ਉਸ ਨੂੰ ਪਰਮਜੀਤ ਦੇ ਨਾਲ ਆਉਣਾ ਭਾਰੀ ਪੈ ਗਿਆ ਅਤੇ ਉਸ ਖਿਲਾਫ ਵੀ ਫਲਾਇੰਗ ਸਕੁਐਡ ਨੇ ਐੱਫ. ਆਈ. ਆਰ. ਵੀ ਦਰਜ ਕਰ ਦਿੱਤੀ ਹੈ। ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਮੰਡੀ ਬੋਰਡ ਦੇ ਕਰਮਚਾਰੀਆਂ ਦੀ ਵੀ ਪੋਲ ਖੁੱਲ੍ਹ ਗਈ ਹੈ ਜੋ ਆੜ੍ਹਤੀਆਂ ਤੋਂ ਆਪਣੇ ਸਰਕਾਰੀ ਸੇਵਾ ਕਰਨ ਦੇ ਬਦਲੇ ਵਿਚ ਰਿਸ਼ਵਤ ਦੀ ਮੰਗ ਕਰਦੇ ਹਨ।

## ਚੋਣ ਨਾਮਜ਼ਦਗੀ ਭਰਨ ਤੋਂ ਪਹਿਲਾਂ ਗੁਰੂਘਰ ਗਏ ਜੋੜੇ ’ਤੇ ਹਮਲਾ !

ਲੁਧਿਆਣਾ 19 ਫਰਵਰੀ। ਅੱਜ ਚੋਣ ਨਾਮਜ਼ਦਗੀਆਂ ਲਈ ਆਖ਼ਰੀ ਦਿਨ ਹੈ। ਇਸ ਤਹਿਤ ਲੁਧਿਆਣਾ ਵਿਚ ਇਕ ਉਮੀਦਵਾਰ ਆਪਣੇ ਪਤੀ ਦੇ ਨਾਲ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਤੋਂ ਪਹਿਲਾਂ ਗੁਰੂਘਰ ਨਤਮਸਤਕ ਹੋਣ ਲਈ ਜਾ ਰਹੇ ਸਨ, ਪਰ ਅਚਾਨਕ ਕੁਝ ਮੁਲਜ਼ਮਾਂ ਨੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ ਤੇ ਬਰਛੀ ਨਾਲ ਗੱਡੀ ਦਾ ਸ਼ੀਸ਼ਾ ਤੋੜ ਕੇ ਮੋਬਾਈਲ ਫ਼ੋਨ ਤੇ ਆਸਟ?ਰੇਲੀਅਨ ਡਾਲਰ ਲੁੱਟ ਕੇ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਇਨੋਵਾ ਕਾਰ ਵਿਚ ਸਵਾਰ ਹੋ ਕੇ ਪਤਨੀ ਮਨਦੀਪ ਕੌਰ ਦੇ ਬਲਾਕ ਸੰਮਤੀ ਨਾਮਜ਼ਦਗੀ ਪੱਤ ਦਾਖ਼ਲ ਕਰਨ ਤੋਂ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਜਾ ਰਹੇ ਸਨ। ਇਸੇ ਦੌਰਾਨ ਰਾਹ ਵਿਚ ਮੁਲਜ਼ਮਾਂ ਨੇ ਉਨ੍ਹਾਂ ਦੀ ਗੱਡੀ ਨੂੰ ਘੇਰ ਲਿਆ। ਮੁਲਜ਼ਮਾਂ ਨੇ ਬਰਛੀ ਨਾਲ ਕਾਰ ਦੇ ਡਰਾਈਵਰ ਸਾਈਡ ਦਾ ਸ਼ੀਸ਼ਾ ਤੋੜ ਦਿੱਤਾ ਤੇ ਉਨ੍ਹਾਂ ਤੋਂ ਮੋਬਾਈਲ ਫ਼ੋਨ ਖੋਹ ਲਿਆ, ਜਿਸ ਦੇ ਕਵਰ ਵਿਚ ਆਸਟ?ਰੇਲੀਅਨ ਡਾਲਰ ਵੀ ਸਨ। ਉਸ ਨੇ ਦੱਸਿਆ ਕਿ ਵਿਰੋਧ ਕਰਨ ’ਤੇ ਹਮਲਾਵਰਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਡਰ ਦੇ ਮਾਹੌਲ ਵਿਚ ਪੀੜਥ ਕਿਸੇ ਤਰ੍ਹਾਂ ਗੱਡੀ ਭਜਾ ਕੇ ਉੱਥੋਂ ਨਿਕਲੇ ਤੇ ਮਾਮਲੇ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ। ਥਾਣਾ ਫ਼ੋਕਲ ਪੁਆਇੰਟ ਦੀ ਪੁਲਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਮੁਲਜ਼ਮਾਂ ਦੀ ਭਾਲ ਵਿਚ ਛਾਪੇਮਾਰੀ ਜਾਰੀ ਹੈ।

## ਅੱਧੀ ਰਾਤ ਨੂੰ ਵਾਪਰੀ ਵਾਰਦਾਤ ਨਾਲ ਕੰਬਿਆ ਪਿੰਡ ਮੋਹਣਕੇ, ਮਾਂ ਨਾਲ ਬੇਰਹਿਮੀ ਦੀਆਂ ਹੱਦਾਂ ਟੱਪ ਗਿਆ ਪੁੱਤ

ਫਿਰੋਜ਼ਪੁਰ 19 ਫਰਵਰੀ। ਫਿਰੋਜ਼ਪੁਰ ਦੇ ਕਸਬਾ ਗੁਰੂਹਰਸਹਾਏ ਦੇ ਪਿੰਡ ਮੋਹਣਕੇ ਦਾ ਇਕ ਦਿਲ ਕੰਬਾਅ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਨਸ਼ੇ ਦੇ ਆਦੀ ਪੁੱਤ ਨੇ ਆਪਣੀ ਬੁੱਢੀ ਮਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਨਾਨਕ ਸਿੰਘ ਬੁਰੀ ਤਰ੍ਹਾਂ ਨਸ਼ੇ ਦੀ ਜਕੜ ਵਿਚ ਸੀ ਅਤੇ ਕੱਲ੍ਹ ਰਾਤ ਵੀ ਉਹ ਨਸ਼ੇ ਵਿਚ ਧੁੱਤ ਸੀ। ਉਸ ਨੇ ਮਾਂ ਕੋਲੋਂ ਨਸ਼ਾ ਖਰੀਦਣ ਲਈ ਪੈਸੇ ਮੰਗੇ ਪਰ ਗਰੀਬ ਪਰਿਵਾਰ ਹੋਣ ਕਰਕੇ ਮਾਂ ਕੋਲ ਪੈਸੇ ਨਹੀਂ ਸਨ। ਇਸ ਗੱਲ ’ਤੇ ਗੁੱਸੇ ਵਿਚ ਆਏ ਨਾਨਕ ਸਿੰਘ ਨੇ ਪਹਿਲਾਂ ਮਾਂ ਨਾਲ ਤਕਰਾਰ ਕੀਤੀ ਅਤੇ ਫਿਰ ਉਸ ਦੀ ਬੇਰਹਿਮੀ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਕੀਤੀ। ਪਿੰਡ ਵਾਸੀਆਂ ਮੁਤਾਬਕ ਝਗੜੇ ਦੌਰਾਨ ਨਸ਼ੇੜੀ ਪੁੱਤ ਨੇ ਇਕ ਗਿਲਾਸ ਨਾਲ ਮਾਂ ਦਾ ਗਲਾ ਘੁੱਟ ਦਿੱਤਾ, ਜਿਸ ਨਾਲ ਮੌਕੇ ’ਤੇ ਹੀ ਉਸ ਦੀ ਮੌਤ ਹੋ ਗਈ। ਘਟਨਾ ਦਾ ਪਤਾ ਲੱਗਣ ’ਤੇ ਇਲਾਕੇ ਵਿਚ ਸਨਸਨੀ ਫੈਲ ਗਈ ਹੈ। ਵਾਰਦਾਤ ਦੀ ਸੂਚਨਾ ਮਿਲਦੇ ਹੀ ਗੁਰੂਹਰਸਹਾਏ ਪੁਲਸ ਮੌਕੇ ’ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜਿਆ। ਪੁਲਸ ਨੇ ਕਲਯੁੱਗੀ ਪੁੱਤ ਨਾਨਕ ਸਿੰਘ ਖ਼?ਲਾਫ਼ ਕਤਲ ਦਾ ਮਾਮਲਾ ਦਰਜ ਕਰਦੇ ਹੋਏ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਸਮੇਂ ਪੁਲਿਸ ਪੂਰੀ ਘਟਨਾ ਦੀ ਜਾਂਚ ਵਿਚ ਜੁਟੀ ਹੋਈ ਹੈ।

## ਮੁਲਾਜ਼ਮਾਂ ਨੂੰ ਨਹੀਂ ਮਿਲੇਗੀ ਦਸੰਬਰ ਮਹੀਨੇ ਦੀ ਤਨਖ਼ਾਹ ! ਅਧਿਕਾਰੀਆਂ ਨੂੰ ਜਾਰੀ ਹੋਈ ਚਿਤਾਵਨੀ

ਚੰਡੀਗੜ੍ਹ 19 ਫਰਵਰੀ। ਚੰਡੀਗੜ੍ਹ ਨਗਰ ਨਿਗਮ ਨੇ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਆਧਾਰ ਆਧਾਰਿਤ ਬਾਇਓਮੈਟ੍ਰਿਕ ਹਾਜ਼ਰੀ ਲਾਜ਼ਮੀ ਕਰ ਦਿੱਤੀ ਹੈ। ਨਵੰਬਰ ਤੋਂ ਆਧਾਰ-ਲਿੰਕਡ ਤਨਖ਼ਾਹ ਵੰਡ ਲਾਗੂ ਕਰਨ ਦੇ ਪਹਿਲਾਂ ਦੇ ਨਿਰਦੇਸ਼ਾਂ ਦੇ ਬਾਵਜੂਦ ਤਕਨੀਕੀ ਅਤੇ ਪ੍ਰਸ਼ਾਸਕੀ ਦੇਰੀ ਕਾਰਨ ਸਿਸਟਮ ਪੂਰੀ ਤਰ੍ਹਾਂ ਚਾਲੂ ਨਹੀਂ ਹੋ ਸਕਿਆ। ਕਮਿਸ਼ਨਰ ਅਮਿਤ ਕੁਮਾਰ ਨੇ ਬਾਇਓਮੈਟ੍ਰਿਕ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਉੱਚ ਪੱਧਰੀ ਮੀਟਿੰਗ ਬੁਲਾਈ। ਵਾਰ-ਵਾਰ ਦੇਰੀ ’ਤੇ ਅਸੰਤੁਸ਼ਟੀ ਪ੍ਰਗਟਾਉਂਦਿਆਂ ਉਨ੍ਹਾਂ ਨਿਰਦੇਸ਼ ਜਾਰੀ ਕੀਤੇ ਕਿ ਦਸੰਬਰ ਦੀਆਂ ਤਨਖ਼ਾਹਾਂ ਬਿਨਾਂ ਅਪਵਾਦ ਦੇ ਹਰੇਕ ਮੁਲਾਜ਼ਮ ਲਈ ਆਧਾਰ ਅਧਾਰਿਤ ਬਾਇਓਮੈਟ੍ਰਿਕ ਹਾਜ਼ਰੀ ਪ੍ਰਣਾਲੀ ਨੂੰ ਜੋੜਨ ਤੋਂ ਬਾਅਦ ਹੀ ਜਾਰੀ ਕੀਤੀਆਂ ਜਾਣਗੀਆਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਨਿਰਦੇਸ਼ਾਂ ਦੀ ਪਾਲਣਾ ਕਰਨ ’ਚ ਅਸਫ਼ਲ ਰਹਿਣ ’ਤੇ ਜ਼ਿੰਮੇਵਾਰ ਅਧਿਕਾਰੀਆਂ ਖ਼?ਲਾਫ਼ ਢੁੱਕਵੀਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦਿੱਤਾ ਕਿ ਦਸੰਬਰ ਤੋਂ ਬਾਅਦ ਕਿਸੇ ਵੀ ਸਥਿਤੀ ’ਚ ਤਨਖ਼ਾਹ ਪ੍ਰਕਿਰਿਆ ਲਈ ਹਾਜ਼ਰੀ ਦੀ ਕੋਈ ਵੀ ਸਰੀਰਕ ਤਸਦੀਕ ਮਨਜ਼ੂਰ ਨਹੀਂ ਕੀਤੀ ਜਾਵੇਗੀ।

## ਟਰੇਨ ਯਾਤਰੀਆਂ ਲਈ ਵੱਡੀ ਚਿਤਾਵਨੀ ! ਫੜੇ ਜਾਣ ’ਤੇ ਹੋ ਸਕਦੀ ਹੈ 5 ਸਾਲ ਦੀ ਜੇਲ੍ਹ

ਕੌਮੀ ਪਤ੍ਰਿਕਾ

ਵੈੱਬ ਡੈਸਕ 19 ਫਰਵਰੀ। ਜੇਕਰ ਤੁਸੀਂ ਟਰੇਨ ’ਚ ਸਫ਼ਰ ਕਰਦੇ ਹੋ ਤੇ ਫਰਜ਼ੀ ਟਿਕਟ ਬਣਾਉਣ ਲਈ ਨਕਲੀ ਤਰੀਕਿਆਂ ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਲਈ ਇਹ ਵੱਡੀ ਖ਼ਬਰ ਹੈ। ਸੈਂਟਰਲ ਰੇਲਵੇ ਨੇ ਮੁੰਬਈ ਦੀਆਂ ਲੋਕਲ ਟਰੇਨਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਅਤੇ ਫੋਟੋ ਐਡੀਟਿੰਗ ਸੌਫਟਵੇਅਰ ਦੀ ਮਦਦ ਨਾਲ ਜਾਅਲੀ ਟਿਕਟਾਂ ਬਣਾ ਕੇ ਯਾਤਰਾ ਕਰਨ ਵਾਲੇ ਲੋਕਾਂ ’ਤੇ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਰੇਲਵੇ ਨੇ ਇਸ ਤਕਨੀਕੀ ਧੋਖਾਧੜੀ ਦੇ ਮਾਮਲੇ ’ਚ ਹੁਣ ਤੱਕ ਚਾਰ ਐੱਫਆਈਆਰ ਦਰਜ ਕੀਤੀਆਂ ਹਨ ਅਤੇ ਜਾਂਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਰੇਲਵੇ ਲੋਕਲ ਟਿਕਟਾਂ ਲਈ UTS (Unreserved Ticketing System) ਐਪ ਮੁਹੱਈਆ ਕਰਵਾਉਂਦਾ ਹੈ। ਹਾਲ ਹੀ ’ਚ ਟਿਕਟ ਕੁਲੈਕਟਰਾਂ ਨੇ ਪਾਇਆ ਕਿ ਕੁਝ ਯਾਤਰੀ ਟਿਕਟ ਦੀ ਅਸਲ ਤਸਵੀਰ ’ਚ ਹੇਰਫੇਰ ਕਰਕੇ, 19 ਅਤੇ ਫੋਟੋਸ਼ਾਪ ਦੀ ਮਦਦ ਨਾਲ ਨਕਲੀ ਟਿਕਟਾਂ ਤਿਆਰ ਕਰ ਰਹੇ ਸਨ।



ਸੈਂਟਰਲ ਰੇਲਵੇ ਦੇ ਮੁੱਖ ਜਨ ਸੰਪਰਕ ਅਧਿਕਾਰੀ ਸਵਪਨਿਲ ਨੀਲਾ ਨੇ ਇਸ ਮਾਮਲੇ ਦੀ ਗੰਭੀਰਤਾ ਬਾਰੇ ਚਿਤਾਵਨੀ ਦਿੱਤੀ। ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ ’ਤੇ ਵਿਅਕਤੀ ਨੂੰ ਪੰਜ ਸਾਲ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨਾ ਹੋ ਸਕਦਾ ਹੈ। CPRO ਨੇ ਅੱਗੇ ਕਿਹਾ ਕਿ ਪੁਲਸ ਰਿਕਾਰਡ ਵਿੱਚ ਨਾਮ ਆਉਣ ਨਾਲ ਦੋਸ਼ੀ ਵਿਅਕਤੀ ਦੇ ਕਰੀਅਰ ਅਤੇ ਭਵਿੱਖ ’ਤੇ ਵੀ ਭਾਰੀ ਸੰਕਟ ਮੰਡਰਾ ਸਕਦਾ ਹੈ। ਰੇਲਵੇ ਨੇ ਇਹ ਵੀ ਦੱਸਿਆ ਕਿ ਫੜੇ ਗਏ ਲੋਕਾਂ ਵਿੱਚ ਕਈ ਅਜਿਹੇ ਹਨ ਜੋ ਚੰਗੇ ਪਰਿਵਾਰਾਂ ਤੋਂ ਆਉਂਦੇ ਹਨ ਅਤੇ ਨਾਮਵਰ ਕੰਪਨੀਆਂ ਵਿੱਚ ਕੰਮ ਕਰਦੇ ਹਨ, ਇੱਥੋਂ ਤੱਕ ਕਿ ਕੁਝ ਵਿਦਿਆਰਥੀ ਵੀ ਇਸ ਧੋਖਾਧੜੀ ਵਿੱਚ ਸ਼ਾਮਲ ਪਾਏ ਗਏ ਹਨ। ਰੇਲਵੇ ਨੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਜਾਲਸਾਜ਼ੀ ਤੋਂ ਦੂਰ ਰਹਿਣ ਅਤੇ ਸਰਕਾਰੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਅਜਿਹੇ ਕੰਮਾਂ ਵਿੱਚ ਹਿੱਸਾ ਨਾ ਲੈਣ।

## ਚਾਈਨਾ ਡੋਰ ਨਹੀਂ ਹੁਣ ਇਸ ਡੋਰ ਤੋਂ ਰਹੋ ਸਾਵਧਾਨ, ਬਣ ਸਕਦੀ ਹੈ ਵੱਡੇ ਹਾਦਸਿਆਂ ਦਾ ਕਾਰਨ

ਅੰਮ੍ਰਿਤਸਰ 19 ਫਰਵਰੀ। ਸਰਦੀ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਜਿੱਥੇ ਪਤੰਗਾਂ ਵੇਚਣ ਅਤੇ ਉਡਾਉਣ ਵਾਲਿਆਂ ਦਾ ਸੀਜ਼ਨ ਵੀ ਸ਼ੁਰੂ ਹੋ ਜਾਂਦਾ ਹੈ, ਉੱਥੇ ਹੀ ਪਤੰਗਾ ਉਡਾਉਣ ਵਾਲੀ ਖੂਨੀ ਡੋਰ ਤੋਂ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਆਪਣੀ ਜਾਨ ਦੀ ਪ੍ਰਵਾਹ ਪੈ ਜਾਂਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਾਗਦਾ ਜ਼ਮੀਰ ਦੇ ਮੁਖੀ ਸੁਭਾਸ਼ ਸਹਿਗਲ ਨੇ ਜਗ ਬਾਣੀ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਚਾਈਨਾ ਖੂਨੀ ਡੋਰ ਲੋਕਾਂ ਦੀ ਜਾਨ ਦੀ ਦੁਸ਼ਮਣ ਹੋਈ ਪਈ ਸੀ, ਉੱਥੇ ਹੀ ਹੁਣ ਇਕ ਨਵੀਂ ਪਾਕਿਸਤਾਨੀ ਡੋਰ ਨੇ ਉਸ ਦੀ ਜਗ?ਹਾ ਲੈ ਲਈ ਹੈ, ਜਿਸ ਤੋਂ ਬਚਣ ਲਈ ਮਨੁੱਖ ਨੂੰ ਕੋਈ ਵੀ ਚਾਂਸ ਨਹੀਂ ਮਿਲੇਗਾ। ਸੁਭਾਸ਼ ਸਹਿਗਲ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਫੈਲ ਰਹੀ ਪਾਕਿਸਤਾਨੀ 21 ਤੰਦ 19 ਤੰਦ ਦੀ ਡੋਰ ਨੇ ਪੂਰੇ ਅੰਮ੍ਰਿਤਸਰ ਸ਼ਹਿਰ ਵਿਚ ਇਕ ਵਾਰ ਫਿਰ ਤੋਂ ਸਨਸਨੀ ਮਚਾ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਚਾਈਨਾ ਡੋਰ ਨਾਲ ਤਾਂ ਲੋਕ ਜਾ ਪਸ਼ੂ ਪੰਛੀ ਜ਼ਖ਼ਮੀ ਹੁੰਦੇ ਸਨ ਪਰ ਇਹ ਪਾਕਿਸਤਾਨੀ ਡੋਰ ਇਸ ਤਰ੍ਹਾਂ ਦੀ ਹੈ ਕਿ ਇਸ ਨੂੰ ਪੂਰੇ ਜ਼ੋਰ ਲਗਾ ਕੇ ਤੋੜਨ ਦਾ ਯਤਨ ਕੀਤਾ ਜਾਵੇ ਤਾਂ ਉਹ ਬਿਲਕੁਲ ਫੇਲ ਸਾਬਤ ਹੋ ਰਿਹਾ ਹੈ। ਜਾਗਦਾ ਜਮੀਰ ਦੇ ਸੁਭਾਸ਼ ਸਹਿਗਲ ਨੇ ਆਪਣੇ ਟੀਮ ਮੈਂਬਰਾਂ ਨਾਲ ਇਸ ਪਾਕਿਸਤਾਨੀ ਡੋਰ ਸਬੰਧੀ ਜਾਣਕਾਰੀ ਦਿੰਦਿਆਂ ਪਤੰਗਾਂ ਉਡਾਉਣ ਵਾਲੇ ਅਤੇ ਇਸ ਦੀ ਵਿਕਰੀ ਕਰਨ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਪੁਰਾਣੀ ਪਰੰਪਰਾਕ ਧਾਗੇ ਵਾਲੀ ਡੋਰ ਹੀ ਵੇਚਣ ਅਤੇ ਖਰੀਦਣ, ਕਿਉਂਕਿ ਇਹ ਖਤਰਨਾਕ ਡੋਰ ਕਈ ਘਰਾਂ ਦੇ ਚਿਰਾਗ ਵੀ ਬੁਝਾ ਸਕਦੀ ਹੈ। ਉਨ੍ਹਾਂ ਨੇ ਇਸ ਸਬੰਧੀ ਸ਼ਹਿਰ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਟੀਮ ਨੂੰ ਇਸ ਚਾਈਨਾ ਡੋਰ ਦੀ ਇਕ ਵੀਡੀਓ ਵਟਸਅੱਪ ’ਤੇ ਭੇਜ ਕੇ ਪੁਲਸ ਕਮਿਸ਼ਨਰ ਨੂੰ ਅਪੀਲ ਕੀਤੀ ਹੈ ਕਿ ਇਸ ਡੋਰ ਦੀ ਵਿਕਰੀ ਕਰਨ ਵਾਲਿਆਂ ’ਤੇ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਵੇ। ਸੁਭਾਸ਼ ਸਹਿਗਲ ਨੇ ਕਿਹਾ ਕਿ ਇਹ ਪਾਕਿਸਤਾਨੀ ਡੋਰ ਚਾਈਨਾ ਡੋਰ ਤੋਂ ਵੀ ਉੱਪਰ ਖਤਰਨਾਕ ਹੈ

## 9 ਕਿੱਲੇ ਜ਼ਮੀਨ ’ਤੇ ਕਬਜ਼ਾ ਕਰਨ ਵਾਲੇ 69 ਵਿਅਕਤੀਆਂ ਖ਼ਿਲਾ.ਫ ਪਰਚਾ ਦਰਜ

ਕੌਮੀ ਪਤ੍ਰਿਕਾ

ਤਰਨਤਾਰਨ 19 ਫਰਵਰੀ। ਜ਼ਮੀਨ ’ਤੇ ਜ਼ਬਰਦਸਤੀ ਕਬਜ਼ਾ ਕਰਨ ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿਚ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ 69 ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕਰਦੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਲਖਬੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਜੋਨੇਕੇ ਵੱਲੋਂ ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਉਸ ਦੀ ਪਿੰਡ ਜੋਨੇ ਕੇ ਵਿਖੇ ਨੌਂ ਕਿੱਲੇ ਜ਼?ਮੀਨ ਹੈ, ਜਿਸ ‘ਤੇ ਉਹ 1973 ਤੋਂ ਖੇਤੀਬਾੜੀ ਕਰਦਾ ਆ ਰਿਹਾ ਹੈ ਪਰ ਬੀਤੀ 27 ਮਈ ਨੂੰ ਹਥਿਆਰਾਂ ਨਾਲ ਲੈਸ ਹੋ ਕੇ ਵੱਡੀ ਗਿਣਤੀ ਵਿਚ ਵਿਅਕਤੀਆਂ ਵੱਲੋਂ ਉਸ ਦੀ ਜ਼ਮੀਨ ’ਤੇ ਜਿੱਥੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਉੱਥੇ ਹੀ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਜਾਣਕਾਰੀ ਦਿੰਦੇ ਡੀ.ਐੱਸ.ਪੀ. ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਲਖਬੀਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਬਿਆਨਾਂ ਹੇਠ ਪਰਮਦੀਪ ਸਿੰਘ ਪੁੱਤਰ ਮੇਜਰ ਸਿੰਘ




ਵਾਸੀ ਗੰਡੀਵਿੰਡ ,ਜਸਬੀਰ ਸਿੰਘ ਪੁੱਤਰ ਅਰਵੇਲ ਸਿੰਘ ਵਾਸੀ ਪਿੰਡ ਬੁੱਲੇ ਜ਼ਿਲਾ ਫਿਰੋਜ਼ਪੁਰ, ਚਰਨਜੀਤ ਸਿੰਘ ਪੁੱਤਰ ਗੁਰਪ੍ਰਤਾਪ ਸਿੰਘ ਵਾਸੀ ਜੋਨੇਕੇ, ਮਲਕੀਤ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਜੌਨੇਕੇ, ਸੁਖਰਾਜ ਸਿੰਘ, ਕਰਮਜੀਤ ਸਿੰਘ ਪੁੱਤਰਾਨ ਰਘਬੀਰ ਸਿੰਘ ਵਾਸੀ ਕਿਰਤੋਵਾਲ ਖੁਰਦ, ਪੁਸ਼ਪਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਕਿਰਤੋਵਾਲ ਖੁਰਦ, ਪ੍ਰਗਟ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਕਿੜੀਆਂ, ਸਿੰਦਰ ਕੌਰ ਪਤਨੀ ਕਰਨੈਲ ਸਿੰਘ ਵਾਸੀ ਮਾਮੂਵਾਲ ਜ਼ਿਲਾ ਕਪੂਰਥਲਾ ਤੋਂ ਇਲਾਵਾ 60 ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ।

### ਜੇਲ੍ਹ ਦੀ ਸੁਰੱਖਿਆ ਨੂੰ ਲੱਗੀ ਸੰਨ੍ਹ ! ਕੈਦੀ ਤੋਂ ਮਿਲੇ 3 ਮੋਬਾਈਲ

ਲੁਧਿਆਣਾ 19 ਫਰਵਰੀ। ਕੇਂਦਰੀ ਜੇਲ੍ਹ ਦੀ ਸੁਰੱਖਿਆ ਨੂੰ ਇਕ ਵਾਰ ਫ਼?ਰ ਸੰਨ੍ਹ ਲੱਗ ਗਈ ਹੈ। ਸਖ਼ਤ ਸੁਰੱਖਿਆ ਦੇ ਬਾਵਜੂਦ ਕੈਦੀਆਂ ਕੋਲੋਂ ਨਸ਼ਾ ਤੇ ਮੋਬਾਈਲ ਫ਼ੋਨ ਬਰਾਮਦ ਹੋਣ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ, ਜਿਸ ਨਾਲ ਜੇਲ੍ਹ ਪ੍ਰਬੰਧਾਂ ’ਤੇ ਸਵਾਲ ਵੀ ਖੜ੍ਹੇ ਹੁੰਦੇ ਹਨ। ਇਸੇ ਲੜੀ ਤਹਿਤ ਅੱਜ ਵੀ ਤਲਾਸ਼ੀ ਤਲਾਸ਼ੀ ਦੌਰਾਨ ਇਕ ਕੈਦੀ ਕੋਲੋਂ 3 ਮੋਬਾਈਲ ਫ਼ੋਨ ਬਰਾਮਦ ਹੋਏ ਹਨ। ਜਾਣਕਾਰੀ ਮੁਤਾਬਕ ਜੇਲ੍ਹ ਵਿਚ ਤਲਾਸ਼ੀ ਦੌਰਾਨ ਇਕ ਹਵਾਲਾਤੀ ਤੋਂ 3 ਕੀਪੈਡ ਮੋਬਾਈਲ ਬਰਾਮਦ ਹੋਏ ਹਨ।

## 3 ਵਿਅਕਤੀਆਂ ਨੇ ਮਾਰਨ ਦੇ ਇਰਾਦੇ ਨਾਲ ਘਰ ਦੇ ਬਾਹਰ ਕੀਤੀ ਗੋਲੀਬਾਰੀ

ਲੁਧਿਆਣਾ 19 ਫਰਵਰੀ। ਥਰੀ ਕੇ ਰੋਡ ’ਤੇ ਇੱਕ ਘਰ ’ਤੇ ਤਿੰਨ ਵਿਅਕਤੀਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਗੋਲੀਬਾਰੀ ਦੀ ਆਵਾਜ਼ ਸੁਣ ਕੇ, ਘਰ ਦੇ ਮਾਲਕ ਨੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਅਤੇ ਹਮਲਾਵਰਾਂ ਦਾ ਪਤਾ ਲਗਾਇਆ। ਸ਼ਿਕਾਇਤ ਤੋਂ ਬਾਅਦ, ਸਦਰ ਪੁਲਸ ਸਟੇਸ਼ਨ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਨੇ ਸੁੰਦਰ ਨਿਵਾਸ ਆਰੀਆ ਇਨਕਲੇਵ ਥ?ਰੀ ਕੇ ਰੋਡ ਦੇ ਵਸਨੀਕ ਜਕਰਨਜੀਤ ਸਿੰਘ ਦੇ ਬਿਆਨ ਦੇ ਆਧਾਰ ’ਤੇ ਪਰਮਿੰਦਰ ਸਿੰਘ ਬਾਜਵਾ ਅਤੇ ਦੋ ਅਣਪਛਾਤੇ ਸਾਥੀਆਂ ਵਿਰੁੱਧ ਕਾਰਵਾਈ ਕੀਤੀ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿੱਚ, ਜਕਰਨਜੀਤ ਸਿੰਘ ਨੇ ਦੱਸਿਆ ਕਿ 26 ਨਵੰਬਰ ਦੀ ਰਾਤ ਨੂੰ, ਉਹ ਆਪਣੇ ਘਰ ਸੀ, ਜਦੋਂ ਉਸਨੇ ਬਾਹਰ ਗੋਲੀਆਂ ਦੀ ਆਵਾਜ਼ ਸੁਣੀ। ਜਦੋਂ ਉਹ ਘਰ ਵਾਪਸ ਆਇਆ, ਤਾਂ ਉਸਨੇ ਦੇਖਿਆ ਕਿ ਉਸਦੀ ਕਾਰ ਦਾ ਸ਼ੀਸ਼ਾ ਗੋਲੀ ਲੱਗਣ ਕਾਰਨ ਟੁੱਟ ਗਿਆ ਸੀ ਅਤੇ ਇੱਕ ਗੋਲੀ ਉਸਦੇ ਘਰ ਦੇ ਗੇਟ ਵਿੱਚ ਲੱਗੀ



ਹੋਈ ਸੀ। ਜਦੋਂ ਉਸਨੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ, ਤਾਂ ਉਸਨੂੰ ਪਤਾ ਲੱਗਾ ਕਿ ਦੋਸ਼ੀ ਪਰਮਿੰਦਰ ਸਿੰਘ, ਦੋ ਹੋਰ ਸਾਥੀਆਂ ਨਾਲ, ਉਸਦੇ ਘਰ ਆਇਆ ਸੀ ਅਤੇ ਉਸਨੂੰ ਮਾਰਨ ਦੇ ਇਰਾਦੇ ਨਾਲ ਗੋਲੀਬਾਰੀ ਕੀਤੀ ਸੀ। ਸਬ-ਇੰਸਪੈਕਟਰ ਕੁਲਬੀਰ ਸਿੰਘ ਨੇ ਦੱਸਿਆ ਕਿ ਮਾਮਲੇ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਨੂੰ ਜਲਦੀ ਹੀ ਫੜ ਲਿਆ ਜਾਵੇਗਾ।

## ਤਕਰਾਰ ਤੋਂ ਬਾਅਦ ਚੱਲੀਆਂ ਗੋਲੀਆਂ, ਪਿਓ-ਪੁੱਤ ਨੇ ਮਸਾਂ ਕੇ ਬਚਾਈ ਜਾਨ

ਕੌਮੀ ਪਤ੍ਰਿਕਾ

ਪਟਿਆਲਾ 19 ਫਰਵਰੀ। ਪਿੰਡ ਸਮਸਪੁਰ ਦੇ ਧਿਰਾਂ ਵਿਚ ਤਕਰਾਰ ਤੋਂ ਬਾਅਦ ਗੋਲੀਆਂ ਚੱਲ ਗਈਆਂ ਜਿਸ ਵਿਚ ਪਿਤਾ ਪੁੱਤਰ ਨੇ ਭੱਜ ਕੇ ਜਾਨ ਬਚਾਈ। ਇਸ ਮਾਮਲੇ ਵਿਚ ਥਾਣਾ ਸਦਰ ਪਟਿਆਲਾ ਦੀ ਪੁਲਸ ਨੇ ਸੁਖਵੰਤ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਸਮਸਪੁਰ ਥਾਣਾ ਸਦਰ ਪਟਿਆਲਾ ਦੀ ਸ਼ਿਕਾਇਤ ’ਤੇ ਗੁਰਜੰਟ ਸਿੰਘ ਪੁੱਤਰ ਅਜੀਤ ਸਿੰਘ, ਯੁਵਰਾਜ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਪਿੰਡ ਸਮਸਪੁਰ ਥਾਣਾ ਸਦਰ ਪਟਿਆਲਾ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇ ਕੇਸ ਦਰਜ ਕੀਤਾ ਹੈ। ਸੁਖਵੰਤ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਆਪਣੇ ਲੜਕੇ ਬਲਵਿੰਦਰ ਸਿੰਘ ਦੀ ਦੁਕਾਨ ’ਤੇ ਜਲਾਲਪੁਰ ਰੋਡ ਵਿਖੇ ਮੌਜੂਦ ਸੀ, ਜਿਥੇ ਗੁਰਜੰਟ ਸਿੰਘ ਦੁਕਾਨ ਦੇ ਬਾਹਰ ਖੜ ਕੇ ਗਾਲੀ ਗਲੋਚ ਕਰਨ ਲੱਗ ਪਿਆ। ਇਸ ਸਬੰਧੀ ਉਸ ਨੇ ਆਪਣੇ ਲੜਕੇ ਨੂੰ ਫੋਨ ’ਤੇ ਦੱਸਿਆ ਅਤੇ ਕੁਝ ਸਮੇਂ ਬਾਅਦ ਸ਼ਿਕਾਇਤਕਰਤਾ ਦੇ ਲੜਕੇ ਦਾ ਫੋਨ



ਆਇਆ ਕਿ ਜਲਾਲਪੁਰ ਰੋਡ ’ਤੇ ਪੈਂਦੇ ਸੂਏ ਦੀ ਪੁਲੀ ’ਤੇ ਉਕਤ ਵਿਅਕਤੀਆਂ ਨੇ ਉਸ ਨੂੰ ਘੇਰਿਆ ਹੋਇਆ ਹੈ। ਇਹ ਸੁਣ ਕੇ ਸੁਖਵੰਤ ਸਿੰਘ ਆਪਣੇ ਮੋਟਰਸਾਇਕਲ ’ਤੇ ਸਵਾਰ ਹੋ ਕੇ ਮੌਕੇ ’ਤੇ ਗਿਆ ਤਾਂ ਗੁਰਜੰਟ ਸਿੰਘ ਨੇ ਆਪਣੇ ਹੱਥ ਵਿਚ ਰਿਵਾਲਵਰ ਫੜਿਆ ਹੋਇਆ ਸੀ ਅਤੇ ਬਾਕੀਆ ਨੇ ਹੱਥਾਂ ਵਿਚ ਬੇਸਬਾਲ ਫੜੇ ਹੋਏ ਸਨ। ਇਹ ਦੇਖ ਦੇ ਸ਼ਿਕਾਇਤਕਰਤਾ ਨੇ ਆਪਣੇ ਲੜਕੇ ਦੀ ਹਿਫਾਜ਼ਤ ਲਈ ਉਸ ਦੀ ਕਾਰ ਦੇ ਪਿਛੇ ਪਈ ਉਸ ਦੀ ਲਾਇਸੰਸੀ 12 ਬੋਰ ਚੁੱਕ ਲਈ ਤਾਂ ਉਕਤ ਵਿਅਕਤੀਆਂ ਨੇ ਸ਼ਿਕਾਇਤਕਰਤਾ ਦੇ ਲੜਕੇ ’ਤੇ ਹਮਲਾ ਕਰ ਦਿੱਤਾ। ਗੁਰਜੰਟ ਸਿੰਘ ਨੇ ਤੈਸ਼ ਵਿਚ ਆ ਕੇ ਸ਼ਿਕਾਇਤਕਰਤਾ ਹੋਰਾਂ ’ਤੇ ਫਾਇਰ ਕਰ ਦਿੱਤੇ ਤਾਂ ਉਕਤ ਵੱਲੋਂ ਵੀ ਆਪਣੀ ਹਿਫਾਜ਼ਤ ਲਈ ਫਾਇਰ ਕਰਦੇ ਹੋਏ ਆਪਣੇ ਲੜਕੇ ਸਮੇਤ ਕਲੋਨੀਆਂ ਵਿਚੋਂ ਭੱਜਦੇ ਹੋਏ ਫਰਾਰ ਹੋ ਗਏ ਅਤੇ ਗੁਰਜੰਟ ਸਿੰਘ ਅਤੇ ਸਾਥੀਆਂ ਵੱਲੋਂ ਪਿਛੋਂ ਵੀ ਫਾਇਰ ਕੀਤੇ ਗਏ। ਪੁਲਸ ਨੇ ਇਸ ਮਾਮਲੇ ਵਿਚ ਉਕਤ ਵਿਅਕਤੀਆਂ ਖਿਲਾਫ 126(2), 324(4), 190,191(3) ਬੀ.ਐੱਨ.ਐੱਸ. ਅਤੇ ਆਰਮਜ਼ ਐਕਟ ਦੇ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੈਲ ਗੱਡੀਆਂ ਦੀਆਂ ਦੌੜਾਂ 'ਤੇ ਰੋਕ ਲੱਗੀ ਸੀ, ਅਸੀਂ ਕਾਨੂੰਨ ਵਿੱਚ ਸੋਧ ਕਰਕੇ ਮੁੜ ਸ਼ੁਰੂ ਕੀਤਾ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ

**Contd.....Front page**

ਕਿਲਾ ਰਾਏਪੁਰ ਖੇਡਾਂ ਨੂੰ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ ਹੈ।"ਇਸ ਨੂੰ ਇੱਕ ਇਤਿਹਾਸਕ ਪਲ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਖੇਡਾਂ ਵਿਸ਼ਵ ਪੱਧਰ 'ਤੇ ਪ੍ਰਸਿੱਧ ਹਨ ਅਤੇ ਲੰਬੇ ਸਮੇਂ ਤੋਂ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ, "ਅਸੀਂ ਇਤਿਹਾਸਕ ਪਲਾਂ ਦੇ ਗਵਾਹ ਬਣ ਰਹੇ ਹਾਂ। ਲੋਕਾਂ ਨੂੰ ਆਪਣੇ ਬੈਲਾਂ ਨਾਲ ਬਹੁਤ ਪਿਆਰ ਹੈ ਅਤੇ ਉਹ ਉਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਦੇ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਤੀਜੇ ਸਾਲ ਕਿਲ੍ਹਾ ਰਾਏਪੁਰ ਦੇ ਗਰੇਵਾਲ ਸਟੇਡੀਅਮ ਵਿਖੇ ਪੇਂਡੂ ਓਲੰਪਿਕ 2026 ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਆਕਰਸ਼ਣ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ। ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਸਬੰਧੀ ਕਾਨੂੰਨੀ ਵਿਵਸਥਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "11 ਜੁਲਾਈ, 2025 ਨੂੰ ਪੰਜਾਬ ਵਿਧਾਨ ਸਭਾ ਵਿੱਚ 'ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025' ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਜਿਸ ਨਾਲ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਦਾ ਰਾਹ ਪੱਧਰਾ ਹੋਇਆ ਸੀ।"ਉਨ੍ਹਾਂ ਅੱਗੇ ਕਿਹਾ ਕਿ ਕਾਨੂੰਨ ਪਾਸ ਹੋਣ ਤੋਂ ਬਾਅਦ 29 ਜੁਲਾਈ, 2025 ਨੂੰ ਲੁਧਿਆਣਾ ਦੇ ਪਿੰਡ ਮਹਿਮਾ ਸਿੰਘ ਵਾਲਾ ਵਿਖੇ ਵਿਰਾਸਤੀ ਖੇਡ ਪ੍ਰੇਮੀਆਂ ਵੱਲੋਂ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ ਸੀ। ਉਨ੍ਹਾਂ ਕਿਹਾ, "ਬੈਲ ਗੱਡੀਆਂ ਦੀਆਂ ਦੌੜਾਂ ਸਾਡੀ ਪੇਂਡੂ ਵਿਰਾਸਤ ਨੂੰ ਦਰਸਾਉਂਦੀਆਂ ਹਨ ਅਤੇ ਸਾਨੂੰ ਸਾਡੇ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਦੀਆਂ ਹਨ। ਇਹ ਰਵਾਇਤੀ ਖੇਡਾਂ ਦੀ ਪੁਨਰ ਸੁਰਜੀਤੀਕਰਨ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਬੈਲ ਸੂਬੇ ਦੀ ਸੱਭਿਆਚਾਰਕ ਵਿਰਾਸਤ ਦਾ ਇੱਕ ਅਨਿੱਖੜਵਾਂ ਅੰਗ ਹਨ ਅਤੇ ਪਹਿਲੇ ਸਿੱਖ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਲੰਮਾ ਸਮਾਂ ਬਲਦਾਂ ਨਾਲ ਖੇਤੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਬੈਲ ਗੱਡੀਆਂ ਦੀਆਂ ਦੌੜਾਂ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਲਾਗੂ ਕੀਤਾ ਗਿਆ ਤਾਂ ਵਿਰਾਸਤੀ ਖੇਡ ਪ੍ਰੇਮੀਆਂ ਨੂੰ ਵੱਡਾ ਝਟਕਾ ਲੱਗਾ ਅਤੇ ਰਵਾਇਤੀ ਖੇਡ ਵਿਰਾਸਤ ਨੂੰ ਨੁਕਸਾਨ ਭਾਰੀ ਹੋਇਆ। ਉਨ੍ਹਾਂ ਕਿਹਾ, ਇਹ ਖੇਡ ਮੇਲਾ ਪੰਜਾਬੀ ਸੱਭਿਆਚਾਰ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਹੈ, ਜਿੱਥੇ ਕੁਸ਼ਤੀ, ਨੱਚਣ-ਗਾਉਣ ਵਰਗੀਆਂ ਖੇਡਾਂ ਰਾਹੀਂ ਪੰਜਾਬ ਦੀ ਮਹਾਨ ਵਿਰਾਸਤ ਨੂੰ ਨਿਹਾਰਿਆ ਜਾ ਸਕਦਾ ਹੈ। ਇਸ ਸਮਾਗਮ ਨਾਲ ਜੁੜੀ ਵਿਰਾਸਤ ਨੂੰ ਯਾਦ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਸਿੰਘ ਅਤੇ ਸੁਰਜੀਤ ਸਿੰਘ ਵਰਗੇ ਮਹਾਨ ਹਾਕੀ ਖਿਡਾਰੀਆਂ ਨੇ ਇਸ ਸਮਾਗਮ ਵਿੱਚ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ। ਉਨ੍ਹਾਂ ਅੱਗੇ ਕਿਹਾ ਕਿ ਮਿਲਖਾ ਸਿੰਘ, ਮੱਖਣ ਸਿੰਘ, ਪ੍ਰਦੁਮਨ ਸਿੰਘ, ਗੁਰਬਚਨ ਸਿੰਘ ਰੰਧਾਵਾ ਅਤੇ ਪਰਵੀਨ ਕੁਮਾਰ ਸਮੇਤ ਦੇਸ਼ ਭਰ ਦੇ ਚੋਟੀ ਦੇ ਐਥਲੀਟ ਵੀ ਇਸ ਟਰੈਕ 'ਤੇ ਦੌੜੇ। ਇਹਨਾਂ ਖੇਡਾਂ ਦੀ ਸ਼ੁਰੂਆਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਰਦਾਰ ਇੰਦਰ ਸਿੰਘ ਦੀ ਸਰਪ੍ਰਸਤੀ ਹੇਠ ਸਾਲ 1933 ਵਿੱਚ ਇਸ ਸਟੇਡੀਅਮ ਨੂੰ ਬਣਾਉਣ ਦਾ ਸੁਪਨਾ ਦੇਖਿਆ ਗਿਆ ਸੀ ਜਦੋਂ ਗਰੇਵਾਲ ਐਜੂਕੇਸ਼ਨ ਸੋਸਾਇਟੀ ਅਤੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇੱਥੇ ਪਹਿਲੇ ਕੁਸ਼ਤੀ ਮੁਕਾਬਲੇ ਸਾਲ 1933 ਵਿੱਚ ਹੋਏ ਅਤੇ ਸਾਲ 1942 ਵਿੱਚ ਇਸ ਮੈਦਾਨ 'ਤੇ ਰੱਥ ਦੌੜਾਂ ਸ਼ੁਰੂ ਹੋਈਆਂ, ਜੋ 1950 ਵਿੱਚ ਰੱਥਾਂ ਤੋਂ ਛਤਰੀਆਂ ਹਟਾਉਣ ਤੋਂ ਬਾਅਦ ਬੈਲ ਗੱਡੀਆਂ ਦੀਆਂ ਦੌੜਾਂ ਵਿੱਚ ਬਦਲ ਗਈਆਂ। ਉਨ੍ਹਾਂ ਕਿਹਾ, ਬੈਲ ਗੱਡੀਆਂ ਦੀਆਂ ਦੌੜਾਂ ਦੇ ਨਾਲ-ਨਾਲ, ਇਸ ਸਟੇਡੀਅਮ ਵਿੱਚ ਐਥਲੈਟਿਕਸ ਮੁਕਾਬਲੇ ਵੀ ਸ਼ੁਰੂ ਹੋਏ ਜਿਸ ਨੇ ਕਈ ਪੀੜ੍ਹੀਆਂ ਨੂੰ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਲ 1964 ਵਿੱਚ ਇੱਥੇ ਕੁੜੀਆਂ ਦੇ ਐਥਲੈਟਿਕਸ ਮੁਕਾਬਲੇ ਸ਼ੁਰੂ ਕੀਤੇ ਗਏ, ਜਿਸ ਨਾਲ ਕੁੜੀਆਂ ਦੇ ਐਥਲੈਟਿਕਸ ਕਰਵਾਉਣ ਵਾਲਾ ਇਹ ਪਹਿਲਾ ਪੇਂਡੂ ਸਟੇਡੀਅਮ ਬਣ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਲ 1933 ਵਿੱਚ ਸ਼ੁਰੂ ਹੋਈਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਹੁਣ ਮਿੰਨੀ ਓਲੰਪਿਕ ਜਾਂ ਪੇਂਡੂ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਹਨ ਅਤੇ ਭਾਰਤ ਦੇ ਰਾਸ਼ਟਰਪਤੀ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਵੀ ਇਨ੍ਹਾਂ ਵਿੱਚ ਸ਼ਾਮਲ ਹੁੰਦੀਆਂ ਰਹੀਆਂ ਹਨ। ਪਿੰਡਾਂ ਵਿੱਚ ਭਾਈਚਾਰਕ ਸਾਂਝ ਅਤੇ ਏਕਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੇ ਕਿਲ੍ਹਾ ਰਾਏਪੁਰ ਦੇ ਵਸਨੀਕਾਂ ਵੱਲੋਂ ਖੇਡ ਵਿਰਾਸਤ ਨੂੰ ਇਕਜੁੱਟ ਹੋ ਕੇ ਪ੍ਰਫੁੱਲਤ ਕਰਨ ਲਈ ਸ਼ਲਾਘਾ ਕੀਤੀ ਅਤੇ ਸਾਰੇ ਪਿੰਡਾਂ ਨੂੰ ਰਾਜਨੀਤਿਕ ਮਤਭੇਦਾਂ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਕਿਲ੍ਹਾ ਰਾਏਪੁਰ ਦੇ ਵਾਸੀਆਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੀ ਫਿਰਨੀ ਵਾਲੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕੀਤਾ ਜਾਵੇਗਾ, ਪਿੰਡ ਦੀ ਸਹਿਕਾਰੀ ਸਭਾ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ, ਪਿੰਡ ਦੇ ਅੱਠ ਏਕੜ ਵਿੱਚ ਫੈਲੇ ਛੱਪੜ ਨੂੰ 95 ਲੱਖ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ 'ਤੇ ਵਿਕਸਤ ਕੀਤਾ ਜਾਵੇਗਾ

## 'ਪੰਜਾਬ 'ਚ ਵਧੇਗੀ ਬੁਢਾਪਾ ਪੈਨਸ਼ਨ, ਹਰ ਮਹੀਨੇ ਮਿਲਣਗੇ 3100 ਰੁਪਏ': ਸੁਖਬੀਰ ਬਾਦਲ

**Contd........Front page**

ਸੁਖਬੀਰ ਵੱਲੋਂ ਬਾਰਡਰ ਨੇੜੇ ਲੰਮੇ ਸਮੇਂ ਤੋਂ ਸਰਕਾਰੀ ਜ਼ਮੀਨਾਂ ਵਾਹੁਣ ਵਾਲਿਆਂ ਨੂੰ ਮਲਕੀਅਤ ਦੇਣ ਦਾ ਵੀ ਐਲਾਨ ਕੀਤਾ ਗਿਆ। ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਵਰਲਡ ਕਬੱਡੀ ਕੱਪ ਦੁਬਾਰਾ ਸ਼ੁਰੂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕੁਸ਼ਤੀ ਦੇ ਵੀ ਵਰਲਡ ਕੱਪ ਕਰਵਾਏ ਜਾਣਗੇ। ਇਸੇ ਤਰ੍ਹਾਂ ਪਸ਼ੂ ਮੇਲੇ ਵੀ ਕਰਵਾਏ ਜਾਣਗੇ, ਮਾਰਵਾੜੀ ਘੋੜਿਆਂ ਦੇ ਰੇਸ ਕੋਰਸ ਖੋਲ੍ਹੇ ਜਾਣਗੇ ਤੇ ਨਾਲ ਹੀ ਕਬੂਤਰਾਂ ਦੀਆਂ ਬਾਜ਼ੀਆਂ ਦੇ ਵੀ ਮੁਕਾਬਲੇ ਕਰਵਾਏ ਜਾਣਗੇ ਜਿਸ ਵਿਚ ਜੇਤੂਆਂ ਲਈ ਕਰੋੜਾਂ ਦਾ ਇਨਾਮ ਰੱਖਿਆ ਜਾਵੇਗਾ। ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਇਸ ਵੇਲੇ ਇਕ ਤਕੜੇ ਮੁੱਖ ਮੰਤਰੀ ਦੀ ਲੋੜ ਹੈ, ਗੈਂਗਸਟਰ ਆਪਣੇ ਆਪ ਪੰਜਾਬ ਛੱਡ ਕੇ ਭੱਜ ਜਾਣਗੇ। ਉਨ੍ਹਾਂ ਵਾਅਦਾ ਕੀਤਾ ਕਿ ਉਹ ਪੰਜਾਬ ਵਿਚ 1 ਵੀ ਗੈਂਗਸਟਰ ਨਹੀਂ ਰਹਿਣ ਦੇਣਗੇ। ਉਨ੍ਹਾਂ ਕਿਹਾ ਕਿ ਜਿਹੜੇ ਵੀ ਖ਼ੁਦ ਨੂੰ ਗੈਂਗਸਟਰ ਸਮਝਦੇ ਹਨ, ਉਨ੍ਹਾਂ ਦੀਆਂ ਸਾਰੀਆਂ ਜ਼ਮੀਨਾਂ ਦੀ ਕੁਰਕੀ ਕਰਾਂਗੇ ਤੇ ਕਾਨੂੰਨ ਵੀ ਬਣਾਵਾਂਗੇ ਕਿ ਉਨ੍ਹਾਂ ਦੀ 10 ਸਾਲ ਤਕ ਬੇਲ ਨਾ ਹੋਵੇ। ਨਸ਼ਾ ਕਾਰੋਬਾਰੀਆਂ ਦੀਆਂ ਜਾਇਦਾਦਾਂ ਵੀ ਕੁਰਕ ਹੋਣਗੀਆਂ ਤੇ ਸਰਕਾਰੀ ਖਜ਼ਾਨੇ ਵਿਚ ਦਿੱਤਾ ਜਾਵੇਗਾ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਕੌਮੀ ਪਤ੍ਰਿਕਾ

## ਗ਼ਜ਼ਲਾਂ

ਮੰਡ ਵਾਹ ਲਿਆ ਅੰਨ ਦਾਤਿਆਂ,
ਰੇਤ ਚੂਸ ਗਈ ਬਿਆਸ।
ਪਿੰਡ ਨੂੰ ਅਜੇ ਵੀ ਚੇਤੇ ਆਉਂਦੀ
ਕੂਜਾਂ ਦੀ ਰਹਿਰਾਸ।

ਕੋਰਾ ਅਨਪੜ੍ਹ ਬਾਪ ਆਸਾਡਾ,
ਬਹਿਰ ਵਜ਼ਨ ਦਾ ਪੱਕਾ,
ਵਿਚ ਸਿਆੜਾਂ ਰਿਹਾ ਬੀਜਦਾ
ਸੁਰਵੰਤੇ ਅਹਿਸਾਸ।

ਨਿੱਕੇ-ਨਿੱਕੇ ਨਾਵਾਂ ਵਾਲੇ,
ਤੂਤਾਂ ਟਾਹਲੀਆਂ ਵਰਗੇ ਬੰਦੇ,
ਪੂਰੀ ਜ਼ਿੰਦਗੀ ਰਹੇ ਪੀਸਦੇ
ਆਟਾ ਵਾਂਗ ਖਰਾਸ।

ਪਾਕ ਪਵਿੱਤਰ ਪੋਥੀਆਂ ਵਰਗੀ
ਬਿਲਕੁੱਲ ਸਾਦਾ ਮਾਂ ਮੇਰੀ,
ਵੱਖਰੇ ਚੁੱਲ੍ਹੇ ਰਹੀ ਪਕਾਉਂਦੀ
ਬਾਪੂ ਦੇ ਲਈ ਮਾਸ।

ਇੱਕੋ ਹੱਲ ਨਾਲ ਬਾਪ ਸਾਡੇ ਨੇ
ਪਾਲ਼ਿਆ ਟੱਬਰ ਸਾਰਾ,
ਸਾਡੇ ਢਿੱਡਾਂ ਵਿਚ ਆ ਵੜਿਆ ਖ਼ੌਰ
ਕਿੱਥੋਂ ਬਹੁ-ਪਰਵਾਸ।

ਆਉਂਦੀਆਂ ਰਹੀਆਂ ਅਨੇਕ ਮੁਸ਼ਕਲਾਂ,
ਖ਼ੂਬ ਘੇਰਿਆ ਦੁੱਖਾਂ,
ਖਾਧੀ ਨਹੀਂ ਪਰ ਬਾਪ-ਦਾਦਿਆ,
ਮਰਨ ਲਈ ਸਲਫਾਸ।

ਪੁੱਤ-ਪੋਤਰੇ, ਧੀਆਂ-ਦੋਹਤਰੇ,
ਪੜਪੋਤੇ, ਪੜਦੋਹਤੇ,
ਕਿਸੇ ਕੋਲੋਂ ਵੀ ਮਿਲੇ ਨਾ ਐਪਰ
ਮਾਂ ਵਰਗਾ ਧਰਵਾਸ।

ਨਾ ਹੀ ਖੇਤ ਖ਼ੁਦਾਈਆਂ ਮੰਗੇ,
ਨਾ ਹੀ ਮਹਿਲ ਮੁਨਾਰੇ,
ਬਣਿਆ ਰਹੇ ਖ਼ੁਦਾਇਆ ਸਾਡਾ
ਅੱਖਰਾਂ ਵਿਚ ਵਿਸ਼ਵਾਸ।

ਬੁਲਟ ਟਰੇਨ ਦੇ ਸੁਪਨੇ ਦੇ ਕੇ
ਐਵੇਂ ਨਾ ਭਟਕਾਇਆ ਕਰ,
ਸ਼ਰਮ ਹਯਾ ਲਈ ਰਹਿਣ ਦੇ
ਤਨ 'ਤੇ ਥੋੜ੍ਹੇ ਜੇਹੇ ਲਿਬਾਸ।



ਪ੍ਰੋ. ਕੁਲਵੰਤ ਔਜਲਾ
01822-235343

ਅਜ਼ਲ ਤੋਂ ਉਠਦੇ ਬਹਿੰਦੇ ਆਏ ਮਰਦ ਸੁਆਣੀ ਨਾਲੋ ਨਾਲ।
ਹੋਰ ਨਾ ਕਿਧਰੇ ਬੈਠੇ ਦਿੱਸਦੇ ਅੱਗ ਤੇ ਪਾਣੀ ਨਾਲੋ ਨਾਲ।

ਚੁੰਝ ਹਿਲਾ ਕੇ ਗੱਲਾਂ ਕਰਦੇ ਖੰਭ ਹਿਲਾ ਕੇ ਸੁਣ ਲੈਂਦੇ,
ਇਕ ਡਾਲ ਤੇ ਬੈਠੇ ਹੋਏ ਰਾਜਾ ਰਾਣੀ ਨਾਲੋ ਨਾਲ।

ਉਨ੍ਹਾਂ ਨੇ ਉਲਝਾਈ ਰਖਣੀ ਸੋਚ ਦੀ ਹਰ ਇਕ ਨਿਖਰੀ ਤੰਦ,
ਆਪਾਂ ਵੀ ਸੁਲਝਾਈ ਜਾਣੀ ਉਲਝੀ ਤਾਣੀ ਨਾਲੋ ਨਾਲ।

ਤੇਰੇ ਕੋਲ ਖ਼ਿਆਲ ਦੇ ਦੀਵੇ ਮੇਰੇ ਕੋਲ ਨੇ ਲਫ਼ਜ਼ਾਂ,
ਤੁਰਦੀ ਰਹਿਣੀ ਮੇਰੀ ਢਾਣੀ ਤੇਰੀ ਢਾਣੀ ਨਾਲੋ ਨਾਲ।

ਵਿਦਾ ਲਵੋ ਜਦ ਮਿੱਤਰਾਂ ਕੋਲੋਂ ਹਿਜਰ ਦਾ ਰੰਗ ਬਦਲ ਦੇਵੋ,
ਮਿੱਠੀ ਜਹੀ ਮੁਸਕਾਨ ਵੀ ਮਿੱਠੇ ਬੋਲ ਤੇ ਬਾਣੀ ਨਾਲੋ ਨਾਲ।

ਹੋ ਸਕਦਾ ਹੈ ਮੋਈ ਸੱਭਿਅਤਾ ਮੁੜ ਸੁਰਜੀਤ ਵੀ ਹੋ ਜਾਏ,
ਆਪਾਂ ਸਾਂਝ ਦੀ ਕਬਰ ਤੇ 'ਪੰਛੀ' ਸ਼ਮਾਂ ਜਗਾਣੀ ਨਾਲੋ ਨਾਲ।



ਸਰਦਾਰ ਪੰਛੀ
94170-91668

ਐ ਜ਼ਿੰਦਗੀ ਆ ਜ਼ਰਾ, ਮੈਂ ਨਾ ਤੈਥੋਂ ਨਾਬਰ ਹਾਂ।
ਬੋਲ ਕਿੰਨੇ ਇਮਤਿਹਾਨ ਬਾਕੀ ਨੇ ਮੈਂ ਹਾਜ਼ਰ ਹਾਂ।

ਬੋਝ ਨਾ ਚੁੱਕ ਤੂੰ ਵੀ ਉਤਾਰ ਦੇ ਸਿਰ ਉੱਤੋਂ,
ਫ਼ਰਜ਼ਾਂ ਵਾਲੀ ਪੰਡ ਦੇ ਖੜ੍ਹੀ ਮੈਂ ਬਰਾਬਰ ਹਾਂ।

ਸਾਹਮਣਾ ਕਰ ਹੀ ਲਵਾਂਗੀ ਦੇ ਜਿੰਨੇ ਦੇਣੇ ਨੇ,
ਤੇਰੇ ਧੱਕਿਆਂ ਤੋਂ ਨੀ ਡਰਦੀ ਬੜੀ ਮੈਂ ਬਹਾਦਰ ਹਾਂ।

ਤੂੰ ਜਿੰਨਾ ਮਿਟਾਏਂਗੀ ਮੈਂ ਓਨਾ ਹੀ ਉਘੜਾਂਗੀ,
ਲਹੂ ਦੇ ਰੰਗ 'ਚ ਰੰਗਿਆ ਐਸਾ ਮੈਂ ਹਸਤਾਖ਼ਰ ਹਾਂ।

ਤੂੰ ਪਸਾਰ ਪੈਰ ਜਿੱਥੇ ਤਕ ਪਸਾਰ ਸਕਦੀ ਏਂ,
ਵਧੀ ਜਾਊਂ ਓਨੀ ਹੀ ਐਸੀ ਮੈਂ ਚਾਦਰ ਹਾਂ।

ਮੁਕਾਬਲਾ ਕਰੂੰ ਤੇਰਾ ਡਟ ਕੇ ਲੜੂੰ ਨਾਲ ਤੇਰੇ,
ਬਹੁਤ ਸਹਿ ਲਿਆ ਹੁਣ ਤੈਥੋਂ ਮੈਂ ਨਾਬਰ ਹਾਂ।



ਡਾ. ਜਸਵੀਰ ਕੌਰ ਭੱਲਮਾਜਰਾ
98157-32852

## ਕਵਿਤਾ

### ਔਰਤ

ਕਲਯੁਗ ! ਜਾਂ ਘੋਰ ਕਲਯੁਗ
ਹੇ ਵਰਤਮਾਨ! ਜੋ ਵੀ ਹੈ ਤੇਰਾ ਨਾਂ ।

ਨਾਰੀ ਸਰੂਪ ਹੈ ਇਸ ਦੇਸ਼ ਵਿਚ
ਪੂਜਨੀਕ ਧੀ, ਭੈਣ ਜਾਂ ਮਾਂ
ਮਾਂ ਦੁਰਗਾ, ਲੱਛਮੀ ਤੇ ਸਰਸਵਤੀ ਦੀ
ਪੂਜਾ ਕਰਨ ਵਾਲੇ ਦੇਸ਼ ਵਿਚ
ਇੱਜ਼ਤ ਹੈ ਲੁੱਟੀ ਜਾਂਦੀ ਸ਼ਰੇਆਮ ਜਿਸ ਦੀ
ਹੈ ਉਹ ਵੀ ਸਾਡੀ ਸਭ ਦੀ
ਦੇਵੀ ਸਰੂਪ ਧੀ, ਭੈਣ ਜਾਂ ਪੂਜਨੀਕ ਮਾਂ!

ਔਰਤ ਕਿਤੇ ਵੀ ਸੁਰੱਖਿਅਤ ਨਹੀਂ
ਇਸ ਦੇਸ਼ ਵਿਚ
ਮਾਂ ਦੇ ਪੇਟ ਵਿਚ
ਸੜਕਾਂ 'ਤੇ, ਕਾਲਜ ਜਾਂ ਸਕੂਲ ਵਿਚ
ਚਲਦੀ ਗੱਡੀ ਵਿਚ
ਜਾਂ ਬੱਸ ਵਿਚ
ਜਿੱਥੇ ਸੁਰੱਖਿਅਤ ਹੋਵੇ
ਦੱਸੋ ਉਹ ਥਾਂ
ਸਾਡੀ ਸਭ ਦੀ
ਧੀ, ਭੈਣ ਜਾਂ ਪੂਜਨੀਕ ਮਾਂ...।



ਡਾ: ਬਖ਼ਸ਼ੀ ਸਿੰਘ
96465-66540

# ਕਰਤਾਰ ਸਿੰਘ ਸੂਰੀ ਦਾ ਵਿਛੋੜਾ

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੇ ਵੱਡੇ ਪੁੱਤਰ ਡਾ. ਕਰਤਾਰ ਸਿੰਘ ਸੂਰੀ 23 ਫਰਵਰੀ 2018 ਨੂੰ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਆਖ, ਕਿਸੇ ਅਣ-ਦੱਸੇ, ਅਣ-ਡਿੱਠੇ ਜਹਾਨ 'ਚ ਜਾ ਵਸੇ। ਡਾ. ਸੂਰੀ ਆਪਣੇ ਪਰਿਵਾਰ ਪਿੱਛੇ ਦੋ ਬੇਟੀਆਂ, ਦੋ ਬੇਟੇ ਅਤੇ ਪਤਨੀ ਛੱਡ ਗਏ। ਪ੍ਰੋ. ਸੂਰੀ ਦਾ ਜਨਮ 16 ਅਕਤੂਬਰ 1927 ਨੂੰ ਅੰਮ੍ਰਿਤਸਰ ਦੀ ਧਰਤੀ 'ਤੇ ਹੋਇਆ। ਉਨ੍ਹਾਂ ਦੇ ਮਾਤਾ ਦਾ ਨਾਂ ਰਾਜ ਕੌਰ ਸੀ। 1944 ਈ. ਵਿਚ ਐੱਫ਼ਏ (ਆਰਟਸ) ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1951 ਈ. ਵਿਚ ਐੱਮਏ (ਪੰਜਾਬੀ) ਪਾਸ ਕੀਤੀ। ਉਹ ਮਾਡਲਨ ਕਾਲਜ ਫਾਰ ਵਿਮੈਨ ਅੰਮ੍ਰਿਤਸਰ ਵਿਚ 1951-52 ਤਕ ਲੈਕਚਰਾਰ ਰਹੇ।

ਪਰ ਡਾ. ਸੂਰੀ ਨੇ ਆਪਣਾ ਕਰੀਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬਤੌਰ ਲੈਕਚਰਾਰ (ਪੰਜਾਬੀ) ਵਜੋਂ ਸ਼ੁਰੂ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਵਿਚ ਉਹ ਰੀਡਰ ਰਹੇ ਅਤੇ ਜੰਮੂ ਯੂਨੀਵਰਸਿਟੀ ਵਿੱਚ ਉਹ ਪੰਜਾਬੀ ਵਿਭਾਗ ਵਿੱਚ ਪ੍ਰੋਫੈਸਰ ਅਤੇ ਬਾਬਾ ਫਰੀਦ ਚੇਅਰ ਦੇ ਮੁਖੀ ਰਹੇ। ਬਾਅਦ ਵਿਚ ਉਹ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਅਤੇ ਸਕੂਲ ਆਫ ਪੰਜਾਬੀ ਸਟੱਡੀਜ਼ ਦੇ ਚੇਅਰਮੈਨ ਰਹੇ ਅਤੇ ਇੱਥੋਂ ਹੀ ਉਹ ਸੇਵਾਮੁਕਤ ਹੋਏ ਸਨ। ਉਹ ਪਿਛਲੇ ਕੁਝ ਸਮੇਂ ਤੋਂ ਯਮੁਨਾਨਗਰ ਰਹਿ ਰਹੇ ਸਨ। ਕਰਤਾਰ ਸਿੰਘ ਸੂਰੀ ਨੇ 'ਕਲਮ' ਮਾਸਿਕ 1998-99 ਦਾ ਸੰਪਾਦਕ ਵੀ ਰਹੇ। ਪੰਜਾਬੀ ਸਾਹਿਤ ਸਦਨ, ਚੰਡੀਗੜ੍ਹ ਦੇ ਪ੍ਰਧਾਨ ਅਤੇ ਫਿਰ 1985-87 ਤਕ ਸਾਹਿਤ ਸਮੀਖਿਆ ਸਦਨ ਚੰਡੀਗੜ੍ਹ ਦੇ ਵੀ ਪ੍ਰਧਨ ਰਹੇ। ਪੰਜਾਬੀ ਸਾਹਿਤ ਦੀਆਂ ਅਨੇਕਾਂ ਪੁਸਤਕਾਂ ਆਪ ਨੇ ਪ੍ਰਕਾਸ਼ਤ ਕਰਵਾਈਆਂ ਜਿਨ੍ਹਾਂ ਵਿਚ ਪ੍ਰਭਾਤ ਕਿਰਣਾ-1946, ਅਰਸ਼ ਤੇ ਫ਼ਰਸ਼-1952, ਭਗਵਾਨ ਮਹਿੰਗਾ ਹੈ-1954, ਪੁਰਾਣਾ ਪਿੰਜਰਾ-1958, ਟੁੱਟਿਆ ਆਲ੍ਹਣਾ-1961, ਚੰਦੋਆ-1990, ਨਾਵਲ ਕਲਾ ਤੇ ਪੰਜਾਬੀ ਨਾਵਲ-1952, ਸਾਹਿਕ ਦਰਪਣ 1957, ਨਾਵਲ ਦੀ ਰੂਪ ਰੇਖਾ-1962, ਸਾਹਿਤ ਧਾਰਾ-1964,



ਗੁਰੂ ਅਰਜਨ ਦੇਵ ਤੇ ਦਾਦੂ ਦਿਆਲ-1969, ਵਿਚਾਰ-ਵਿਮਰਸ਼-1976, ਗੁਰੂ ਅਰਜਨ ਦੇਵ-ਕਲਾ ਤੇ ਚਿੰਤਨ 1990, ਪੰਜਾਬੀ ਭਾਸ਼ਾ ਵਿਗਿਆਨ-1964, ਵਿਗਿਆਨ ਤੇ ਕੁਦਰਤ-1990, ਜੰਮੂ ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ-1982, ਵਿਤਸਤਾ ਦੀਆਂ ਲਹਿਰਾਂ (ਅਨੁਵਾਦ)-1977, ਕਬੀਰ (ਅਨੁਵਾਦ)-1982, ਉਨ੍ਹਾਂ ਦੇ ਬਾਊ ਜੀ (ਨਾਨਕ ਸਿੰਘ) ਦੇ ਖ਼ਤਾਂ ਦੀ ਪੁਸਤਕ 'ਖ਼ਤੋ-ਖ਼ਿਤਾਬਤ' -1989, ਅਮਿੱਟ ਯਾਦਾਂ, ਸੱਭੇ ਰੰਗ ਅਕਾਸ਼ ਦੇ-2011, ਪੰਜ ਇਕਾਂਗੀ (ਸੰਪਾਦਤ), ਮੇਰੀ ਜੀਵਨ ਪਟਾਰੀ 'ਚੋਂ (ਅਨੁਵਾਦ) ਭਾਈ ਘਨੱਈਆ ਤੇ ਹੋਰ ਇਕਾਂਗੀ (ਸੰਪਾਦਤ), ਟੁਟਿਆ ਆਲ੍ਹਣਾ ਆਦਿ।

ਹਿੰਦੀ ਵਿਚ ਵੇਦਨਾ-1970, ਗੁਰੂ ਰਾਮਦਾਸ ਰਚਨਾਵਲੀ-1979 ਆਦਿ। ਕਰਤਾਰ ਸਿੰਘ ਸੂਰੀ ਨੂੰ ਅਨੇਕਾਂ ਪੁਰਸਕਾਰ ਤੇ ਸਨਮਾਨ ਵੀ ਹਾਸਲ ਹੋਏ। ਜਿਨ੍ਹਾਂ ਵਿਚ ਪੰਜਾਬੀ ਸਾਹਿਤ ਸਭਾ ਜੰਮੂ ਤੇ ਬਾਰਾਮੂਲਾ ਵੱਲੋਂ -1980-81, ਪੰਜਾਬੀ ਕਲਾ ਮੰਦਿਰ ਪਠਾਨਕੋਟ-1983, ਬਾਬਾ ਫ਼ਰੀਦ ਮੈਮੋਰੀਅਲ ਸੋਸਾਇਟੀ ਵੱਲੋਂ-1986, ਸੱਭਿਆਚਾਰਕ ਮੰਚ, ਲੁਧਿਆਣਾ-1989, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਅਮਰੀਕਾ)-1996, ਭਾਸ਼ਾ ਸੰਗਮ ਇਲਾਹਬਾਦ, ਰੁਦਰਪੁਰ, ਗੁਰੂ ਨਾਨਕ ਖ਼ਾਲਸਾ ਕਾਲਜ ਯਮੁਨਾ ਨਗਰ ਵੱਲੋਂ ਸਨਮਾਨ-1998 ਆਦਿ ਉਨ੍ਹਾਂ ਦੀ ਝੋਲੀ ਪਏ।



ਡਾ. ਜਸਵੀਰ ਸਿੰਘ ਸਰਨਾ
099065-66604

ਇਸ ਤੋਂ ਇਲਾਵਾ ਉਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਅਤੇ ਹਰਿਆਣਾ ਸਾਹਿਤ ਅਕਾਦਮੀ ਵੱਲੋਂ ਭਾਈ ਸੰਤੋਖ ਸਿੰਘ ਪੁਰਸਕਾਰ ਮਿਲਿਆ ਸੀ।•

*ਨਛੱਤਰ ਗਿੱਲ ਨੇ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹ ਪੰਜਾਬੀ ਦੀਆਂ ਜ਼ਿਆਦਾਤਰ ਸਾਹਿਤ ਸਭਾਵਾਂ ਦੇ ਡਿੱਗ ਰਹੇ ਮਿਆਰ ਤੇ ਕਿਰਦਾਰ ਬਾਰੇ ਡਾਢਾ ਚਿੰਤਤ ਹੈ। ਉਹ ਅਗਲੇ ਦੇ ਮੂੰਹ 'ਤੇ ਵੀ ਉਸ ਦੇ ਪਾਜ ਉਘੇੜ ਦਿੰਦਾ ਹੈ...*

# ਬਹੁ-ਪੱਖੀ ਸਾਹਿਤਕਾਰ ਨਛੱਤਰ ਸਿੰਘ ਗਿੱਲ



ਹਰਵਿੰਦਰ ਬਿਲਾਸਪੁਰ
98149-07020

ਨਛੱਤਰ ਸਿੰਘ ਗਿੱਲ ਦਾ ਜਨਮ ਮਾਤਾ ਸਦਾ ਕੌਰ ਅਤੇ ਪਿਤਾ ਸੂਬੇਦਾਰ ਦਲੀਪ ਸਿੰਘ ਦੇ ਘਰ, ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਦੇ ਸਧਾਰਨ ਜ਼ਿਮੀਦਾਰ ਪਰਿਵਾਰ ਵਿਚ 3 ਅਕਤੂਬਰ 1942 ਨੂੰ ਹੋਇਆ। ਦਸਵੀਂ ਤਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿਚ ਕੀਤੀ। ਉਸ ਸਮੇਂ ਪਿੰਡ ਵਿਚ ਇਕ ਵੈੱਲੀ ਬੰਦੇ ਕੋਲੋਂ ਪਿੰਡ ਦੇ ਹੀ ਇਕ ਬੰਦੇ ਦਾ ਕਤਲ ਹੋ ਗਿਆ। ਵਿਰੋਧੀਆਂ ਵੱਲੋਂ ਇਹ ਕਤਲ ਨਛੱਤਰ ਸਿੰਘ ਗਿੱਲ ਦੇ ਪਰਿਵਾਰ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਬੇਕਸੂਰ ਨਛੱਤਰ ਸਿੰਘ ਪੁਲਿਸ ਨਾਲ ਗੁੱਥਮ ਗੁੱਥਾ ਹੋ ਗਿਆ। ਪੰਦਰਾਂ ਵੀਹ ਦਿਨ ਥਾਣੇ ਰੁਲਣ ਪਿੱਛੋਂ ਆਖਰ ਵਿਚ ਬੰਦੇ ਪੈਣ ਕਰਕੇ ਛੁਟਕਾਰਾ ਤਾਂ ਹੋ ਗਿਆ ਪਰ ਉਸ ਪਰਿਵਾਰ ਨਾਲ ਖਹਿਬਾਜ਼ੀ ਵਧ ਗਈ। ਪਿਤਾ ਫ਼ੌਜ ਵਿਚ ਸੀ। ਇਸ ਮਾਹੌਲ ਵਿੱਚੋਂ ਕੱਢਣ ਖ਼ਾਤਰ ਦਾਦਾ ਜੀ ਨੇ ਉਸ ਨੂੰ ਪੜ੍ਹਨ ਲਈ ਜੀਐੱਨਐੱਮ ਕਾਲਜ ਅੰਬਾਲਾ ਵਿਖੇ ਭੇਜ ਦਿੱਤਾ, ਜਿੱਥੇ ਉਸ ਦੇ ਸਾਹਿਤਕਾਰ ਬਣਨ ਦਾ ਮੁੱਢ ਬੱਝਾ।

ਇਸ ਕਾਲਜ ਵਿਚ ਪੰਜਾਬੀ ਦਾ ਪ੍ਰੋਗਰਾਮ ਹੋਣਾ ਸੀ। ਪ੍ਰੋਫੇਸਰ ਸਾਹਿਬਾਨ ਦੇ ਕਹਿਣ 'ਤੇ ਉਸ ਨੇ ਵੀ ਕਹਾਣੀ 'ਕਨੂੰਨ ਦੇ ਰਾਖੇ' ਲਿਖੀ ਅਤੇ ਪ੍ਰੋਗਰਾਮ 'ਤੇ ਬੋਲ ਦਿੱਤੀ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਸੁਜਾਨ ਸਿੰਘ ਸਨ। ਬਾਅਦ ਵਿਚ ਉਨ੍ਹਾਂ ਨੇ ਨਛੱਤਰ ਸਿੰਘ ਨੂੰ ਕਿਹਾ ਕਿ ਕਾਕਾ, ਹਾਲੇ ਇਸ ਨੂੰ ਕਹਾਣੀ ਤਾਂ ਨਹੀਂ ਕਿਹਾ ਜਾ ਸਕਦਾ ਪਰ ਸ਼ਬਦਾਵਲੀ ਤੇਰੇ ਕੋਲ ਹੈ। ਵਿਚਾਰ ਵੀ ਅੱਛੇ ਹਨ। ਉਨ੍ਹਾਂ ਨੇ ਨਛੱਤਰ ਸਿੰਘ ਨੂੰ ਅੱਛੇ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਨ ਦੀ ਸਲਾਹ ਦਿੱਤੀ। ਉਸ ਤੋਂ ਬਾਅਦ ਗਿੱਲ ਨੇ ਤਕਰੀਬਨ ਸਾਰੇ ਅੱਛੇ ਕਹਾਣੀਕਾਰਾਂ ਨੂੰ ਪੜ੍ਹਿਆ।

ਉਸ ਤੋਂ ਬਾਅਦ ਐੱਲਆਰਐੱਮ ਕਾਲਜ ਜਗਰਾਓਂ ਪੜ੍ਹਦਿਆਂ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ਼ ਦੀ ਪ੍ਰੇਰਣਾ ਸਦਕਾ ਪਹਿਲੀ ਕਹਾਣੀ 'ਐੱਮਐੱਲਏ' ਲਿਖੀ ਜੋ ਕਾਲਜ ਮੈਗਜ਼ੀਨ ਵਿਚ ਛਪੀ। ਫਿਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਐੱਮਏ ਪੋਲੀਟੀਕਲ ਸਾਇੰਸ ਅਤੇ ਫਿਰ ਐੱਮਏ ਪੰਜਾਬੀ ਕੀਤੀ।

1966 ਵਿਚ ਪੁਲੀਸ ਡਿਪਾਰਟਮੈਂਟ ਵਿਚ ਡੀਐੱਸਪੀ ਦੀਆਂ ਪੋਸਟਾਂ ਨਿਕਲੀਆਂ। ਅਪਲਾਈ ਕਰਨ ਤੋਂ ਬਾਅਦ ਜਦ ਇੰਟਰਵਿਊ ਹੋਈ ਤਾਂ ਉਸੇ ਦੁਸ਼ਮਣੀ ਵਾਲੇ ਪਰਿਵਾਰ ਨੇ ਸਿਆਸੀ ਰਸੂਖ ਵਰਤ ਕੇ ਸਿਲੈਕਸ਼ਨ ਨਾ ਹੋਣ ਦਿੱਤੀ। ਫਿਰ ਬੀਐੱਡ ਵਿਚ ਦਾਖ਼ਲਾ ਲੈ ਲਿਆ। 1968 ਵਿਚ ਬੀਐੱਡ ਕਰ ਕੇ ਕੁਝ ਚਿਰ ਸਰਕਾਰੀ ਸਕੂਲ ਵਿਚ ਮਾਸਟਰੀ ਕੀਤੀ।

1970 ਵਿੱਚ ਨਕਸਲਾਈਟ ਮੂਵਮੈਂਟ ਵਿਚ ਸ਼ਾਮਿਲ ਹੋ ਗਿਆ। ਮੂਵਮੈਂਟ ਦੌਰਾਨ ਤਿੰਨ ਮਹੀਨੇ ਬੁੜੈਲ ਜੇਲ੍ਹ ਵਿਚ ਰਿਹਾ। ਜੇਲ੍ਹ ਦੀਆਂ ਯਾਦਾਂ ਸਾਂਝੀਆਂ ਕਰਦਾ ਉਹ ਦੱਸਦਾ ਹੈ ਕਿ 'ਇਕ ਵਾਰ ਖਾਣਾ ਚੰਗਾ ਨਾ ਮਿਲਣ ਕਾਰਨ ਮੂਵਮੈਂਟ ਨਾਲ ਸਬੰਧਿਤ ਕੈਦੀਆਂ ਨੇ ਜੇਲ੍ਹਰ ਨੂੰ ਘੇਰ ਲਿਆ ਅਤੇ ਹਿੰਸਾ ਤੇ ਉਤਾਰੂ ਹੋ ਗਏ। ਮੈਂ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਜੇਲ੍ਹਰ ਨੂੰ ਘੇਰੇ ਵਿਚ ਲੈ ਲਿਆ ਅਤੇ ਸੁਰੱਖਿਅਤ ਬਾਹਰ ਕੱਢ ਲਿਆਂਦਾ। ਨਹੀਂ ਤਾਂ ਜੇਲ੍ਹਰ ਦੀ ਜਾਨ ਵੀ ਜਾ ਸਕਦੀ ਸੀ ਅਤੇ ਗੋਲੀ ਚੱਲਣ ਦਾ ਵੀ ਖ਼ਤਰਾ ਸੀ ਜਿਸ ਦੇ ਸਿੱਟੇ ਵਜੋਂ ਮੂਵਮੈਂਟ ਦਾ ਬਹੁਤ ਨੁਕਸਾਨ ਹੋਣਾ ਸੀ। ਬਾਅਦ ਵਿਚ ਜੇਲ੍ਹਰ ਇਸ ਗੱਲ ਦਾ ਬਹੁਤ ਅਹਿਸਾਨ ਮੰਨਦਾ ਰਿਹਾ। ਇਥੋਂ ਤਕ ਕਿ ਇਕ ਵਾਰ ਉਸ ਨੇ ਜੇਲ੍ਹ ਮੈਨੂਅਲ ਦੇ ਬਿਲਕੁਲ ਉਲਟ ਜਾ ਕੇ ਮੇਰੇ ਪਰਿਵਾਰ ਨੂੰ ਜੇਲ੍ਹ ਵਿਚ ਮੇਰੇ ਨਾਲ ਰਾਤ ਬਿਤਾਉਣ ਦੀ ਇਜਾਜ਼ਤ ਵੀ ਦੇ ਦਿੱਤੀ।

'ਮੂਵਮੈਂਟ ਵਿਚ ਜਾਣ ਦਾ ਇਕ ਫਾਇਦਾ ਉਸ ਨੂੰ ਇਹ ਵੀ ਹੋਇਆ ਕਿ ਉਨਾਂ ਨਾਲ ਪਿੰਡ ਵਿਚਲਾ ਦੁਸ਼ਮਣੀ ਭਾਵ ਰੱਖਣ ਵਾਲਾ ਪਰਿਵਾਰ ਵੀ ਸਿੱਧਾ ਹੋ ਗਿਆ ਅਤੇ ਰਾਜੀਨਾਮਾ ਕਰਨ ਲਈ ਸੁਨੇਹੇ ਭੇਜਣ ਲੱਗਾ। ਇਸ ਭੱਜ ਦੌੜ ਦੇ ਸਮੇਂ ਦੌਰਾਨ ਕੁਝ ਲਿਖਣ ਲਈ, ਨਾ ਤਾਂ ਉਸ ਕੋਲ ਸਮਾਂ ਸੀ ਅਤੇ ਨਾ ਹੀ ਮਾਹੌਲ।

ਖ਼ੈਰ ਇਸ ਦੌਰ ਦੀ ਸਮਾਪਤੀ ਮਗਰੋਂ 1994 ਵਿਚ ਉਹ ਕਨੇਡਾ ਆ ਗਿਆ ਜਿੱਥੇ ਉਸ ਨੂੰ ਸਕਿਊਰਟੀ ਗਾਰਡ ਦੀ ਨੌਕਰੀ ਕਰਨੀ ਪਈ। ਇਸ ਨੌਕਰੀ ਦੌਰਾਨ ਉਸ ਕੋਲ ਰਾਤ ਦੇ ਵਕਤ ਲਿਖਣ ਲਈ ਬਹੁਤ ਸਮਾਂ ਸੀ। ਅਸਲ ਵਿਚ ਉਸ ਦੀ ਸਾਹਿਤਕ ਘਾਲਣਾ ਇਥੋਂ ਹੀ ਸ਼ੁਰੂ ਹੁੰਦੀ ਹੈ। ਆਪਣੇ ਸਾਹਿਤਕ ਸਫ਼ਰ ਦੌਰਾਨ ਉਸ ਨੇ ਸਾਹਿਤ ਦੀਆਂ ਕਈ ਵੰਨਗੀਆਂ ਜਿਵੇਂ ਕਵਿਤਾ, ਕਹਾਣੀ, ਮਿੰਨੀ ਕਹਾਣੀ ਅਤੇ ਨਾਵਲ 'ਤੇ ਹੱਥ ਅਜ਼ਮਾਇਆ ਪਰ ਜ਼ਿਆਦਾ ਮਕਬੂਲੀਅਤ ਉਸ ਨੂੰ ਨਾਵਲਕਾਰੀ ਦੇ ਖੇਤਰ ਵਿਚ ਮਿਲੀ।

ਸਭ ਤੋਂ ਪਹਿਲਾਂ ਉਸ ਦੀਆਂ ਤਿੰਨ ਪੁਸਤਕਾਂ, ਪੱਛਮੀ ਰਾਤ ਦੀ ਅੱਖ (ਕਵਿਤਾ ਸੰਗ੍ਰਹਿ),



ਭੱਖੜੇ ਦੇ ਕੰਢੇ (ਮਿੰਨੀ ਕਹਾਣੀ ਸੰਗ੍ਰਹਿ) ਅਤੇ ਮੈਂ ਮੀਰਾਂ ਨਹੀਂ (ਕਹਾਣੀ ਸੰਗ੍ਰਹਿ) ਛਪੀਆਂ ਅਤੇ ਇੱਕੋ ਸਮੇਂ ਤੇ ਸਾਹਿਤ ਅਕੈਡਮੀ ਲੁਧਿਆਣਾ ਵਲੋਂ ਰਿਲੀਜ਼ ਕੀਤੀਆਂ ਗਈਆਂ।

ਉਸ ਦਾ ਪਹਿਲਾ ਨਾਵਲ 'ਔਝੜੇ ਰਾਹੀਂ' ਪ੍ਰਕਾਸ਼ਿਤ ਹੋਇਆ। ਫਿਰ 'ਪੋਸਤ ਦੇ ਫੁੱਲ' ਜਿਸ ਦਾ ਵਿਸ਼ਾ ਵਸਤੂ ਅਫ਼ਗਾਨਿਸਤਾਨ ਵਿਚ ਅਮਰੀਕਾ ਅਤੇ ਰੂਸ ਦੇ ਬੇਲੋੜੇ ਦਖ਼ਲ 'ਤੇ ਅਧਾਰਿਤ ਸੀ, ਪ੍ਰਕਾਸ਼ਿਤ ਹੋਇਆ। ਉਸ ਤੋਂ ਬਾਅਦ ਨੈਲਸਨ ਮੰਡੇਲਾ ਦੇ ਕੱਚ ਸੱਚ ਬਾਰੇ ਦੱਸਦਾ ਨਾਵਲ 'ਕਾਲੀ ਹਨੇਰੀ' ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਨਾਵਲ 'ਪ੍ਰਿਜ਼ਮ' ਪ੍ਰਕਾਸ਼ਿਤ ਹੋਇਆ ਜੋ ਬਹੁਤ ਮਕਬੂਲ ਹੋਇਆ। ਵਰਲਡ ਦੇ ਹਕੂਮਤੀ ਤਾਣੇ ਬਾਣੇ ਦੇ ਸੱਚ ਉਘੇੜਦਾ ਨਾਵਲ 'ਵਾਲ ਸਟ੍ਰੀਟ' ਦੀ ਪ੍ਰਕਾਸ਼ਨਾ ਤੋਂ ਬਾਅਦ ਪੰਜਾਬੀ ਧਰਾਤਲ 'ਤੇ ਅਧਾਰਿਤ ਨਾਵਲ 'ਦੋ ਕਦਮ ਹੋਰ' ਅਤੇ 'ਲੈਕ ਹੋਲ' ਪ੍ਰਕਾਸ਼ਿਤ ਹੋਏ।

ਕਹਾਣੀਆਂ ਵੱਲ ਆਈਏ ਤਾਂ 'ਮੈਂ ਮੀਰਾ ਨਹੀਂ', 'ਆਵਾਸ ਦੇ ਅੱਥਰੂ', 'ਜੜ੍ਹੋਂ ਉੱਖੜੇ ਰੁੱਖ', 'ਔੜ ਮਾਰੇ ਰੁੱਖ' ਮੌਲਿਕ ਕਹਾਣੀ ਸੰਗ੍ਰਹਿ ਅਤੇ ਇਕ ਅਨੁਵਾਦਿਤ ਅਤੇ ਸੰਪਾਦਿਤ ਕਹਾਣੀ ਸੰਗ੍ਰਹਿ 'ਸਲੂਣੀ ਸਿਲ੍ਹ' ਪ੍ਰਕਾਸ਼ਿਤ ਹੋ ਚੁੱਕੇ ਹਨ। ਦੋ ਮਿੰਨੀ ਕਹਾਣੀ ਸੰਗ੍ਰਹਿ 'ਭੱਖੜੇ ਦੇ ਕੰਢੇ' ਅਤੇ 'ਇਹ ਯੁੱਗ ਕਿਹੜੈ' ਵੀ ਪਾਠਕਾਂ ਦੀ ਕਚਿਹਰੀ ਵਿਚ ਹਾਜ਼ਰੀ ਲਵਾ ਚੁੱਕੇ ਹਨ।

'ਪੱਛਮੀ ਰਾਤ ਦੀ ਅੱਖ' ਅਤੇ 'ਮੈਂ ਜਿੰਦਾ ਹਾਂ' ਰਾਹੀਂ ਉਸ ਨੇ ਕਾਵਿ ਸੰਸਾਰ ਵਿਚ ਵੀ ਭਾਵਭਿੰਨੀ ਖ਼ੁਸ਼ਬੂ ਖਿਲਾਰੀ ਹੈ। ਉਸ ਦੁਆਰਾ ਅਨੁਵਾਦ ਕੀਤੀਆਂ ਪੁਸਤਕਾਂ 'ਬਾਬਾ ਪਾਖਰ ਸਿੰਘ ਚੂਹੜਚੱਕੀਆ (ਸੂਫ਼ੀ ਅਮਰਜੀਤ ਅਤੇ ਨਛੱਤਰ ਸਿੰਘ ਗਿੱਲ ਦੁਆਰਾ ਅਨੁਵਾਦਤ) ਅਤੇ ਨਾਵਲ 'ਜ਼ੰਜੀਰਾਂ' (ਅੰਗਰੇਜ਼ ਲੇਖਕ ਬਾਰਬਰਾ ਸਮਕਰ ਦੁਆਰਾ ਰਚਿਤ) ਹਨ। ਇਸ ਤੋਂ ਬਿਨਾਂ 'ਜਿਗਰਪਾਰਾ', 'ਸੁੱਕੀ ਨਦੀ ਦਾ ਰੇਤਾ' ਅਤੇ 'ਨਿੱਕਸੁੱਕ','ਟਟਹਿਣੇ ਦੀ ਟਹਿਕ' (ਸੰਪਾਦਿਤ) ਵੀ ਉਸ ਦੇ ਸਾਹਿਤਕ ਖਜ਼ਾਨੇ ਦਾ ਅੰਗ ਹਨ। ਪੰਜਾਬੀ ਸਾਹਿਤ ਨੂੰ ਉਸ ਦੀ ਇਕ ਹੋਰ ਵੱਡੀ ਦੇਣ ਪੰਜਾਬੀ ਦਾ ਮਿਆਰੀ ਪਰਚਾ, ਤ੍ਰੈਮਾਸਿਕ 'ਲੋਹਮਣੀ' ਹੈ ਜੋ ਉਨ੍ਹਾਂ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਲਗਪਗ ਦਸ ਕੁ ਸਾਲ ਪਹਿਲਾਂ ਕੱਢਣਾ ਸ਼ੁਰੂ ਕੀਤਾ ਸੀ, ਜੋ ਕਿ ਅੱਜ ਵੀ ਉਸ ਦੀ ਟੀਮ ਮੈਂਬਰਾਂ ਦੀ ਅਣਥੱਕ ਮਿਹਨਤ ਸਦਕਾ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ ਹੈ।

ਉਮਰਾਂ ਦੇ ਪੰਧ ਨੇ ਉਸ ਦੀ ਇਨਕਲਾਬੀ ਸੋਚ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ। ਉਸ ਨੇ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹ ਪੰਜਾਬੀ ਦੀਆਂ ਜ਼ਿਆਦਾਤਰ ਸਾਹਿਤ ਸਭਾਵਾਂ (ਦੇਸ਼ ਅਤੇ ਵਿਦੇਸ਼ ਵਿਚਲੀਆਂ) ਦੇ ਡਿੱਗ ਰਹੇ ਮਿਆਰ ਅਤੇ ਕਿਰਦਾਰ ਬਾਰੇ ਡਾਢਾ ਚਿੰਤਤ ਹੈ। ਉਹ ਅਗਲੇ ਦੇ ਮੂੰਹ 'ਤੇ ਵੀ ਉਸ ਦੇ ਪਾਜ ਉਘੇੜ ਦਿੰਦਾ ਹੈ। ਇਸ ਵਾਰ ਇੰਡੀਆ ਫੇਰੀ ਦੌਰਾਨ ਇਕ ਮੁਲਾਕਾਤ ਸਮੇਂ ਦੱਸ ਰਿਹਾ ਸੀ ਕਿ ਕਿਵੇਂ ਕਿਸੇ ਸਾਹਿਤਕ ਪ੍ਰੋਗਰਾਮ ਦੀ ਪ੍ਰਧਾਨਗੀ ਦੇਣ ਪਿੱਛੋਂ ਉਸ ਸ਼ਖ਼ਸੀਅਤ ਕੋਲੋ ਪੈਸੇ ਦੀ ਝਾਕ ਰੱਖੀ ਜਾਂਦੀ ਹੈ।

ਅਨੇਕਾਂ ਸਾਹਿਤਕ ਮੰਚਾਂ ਤੋਂ ਸਨਮਾਨਿਤ ਕੀਤਾ ਜਾ ਚੁੱਕਿਆ ਗਿੱਲ ਆਪਣਾ ਅਸਲ ਸਨਮਾਨ ਪਾਠਕਾਂ ਦੇ ਪਿਆਰ ਨੂੰ ਮੰਨਦਾ ਹੈ। ਲਗਪਗ ਵੀਹ ਕਿਤਾਬਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਉਣ ਤਕ ਜ਼ਿੰਦਗੀ ਦੀਆਂ ਲਗਪਗ 75 ਬਹਾਰਾਂ ਵੇਖ ਚੁੱਕਿਆ ਗਿੱਲ ਪੂਰੇ ਉਤਸ਼ਾਹ ਨਾਲ ਦੱਸਦਾ ਹੈ ਕਿ ਉਸ ਨੇ ਆਪਣੇ ਸਾਹਿਤਕ ਖ਼ਜ਼ਾਨੇ ਵਿਚ ਕੀਮਤੀ ਨਗ ਹਾਲੇ ਜੜ੍ਹਨਾ ਹੈ ਜਿਸ ਨੂੰ ਉਹ ਆਪਣੀ ਸ਼ਾਹਕਾਰ ਰਚਨਾ ਆਖ ਸਕੇ।•

## ਗੀਤ

### ਕਰਦੇ ਨੇ ਸਿਫ਼ਤਾਂ ਲੋਕੀ

ਕੁਝ ਆਰ ਦੀਆਂ ਕੁਝ ਪਾਰ ਦੀਆਂ
ਪੰਜਾਬੀ ਸੁਹਜ-ਸੰਸਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ
ਪੰਜਾਬੀ ਸੱਭਿਆਚਾਰ ਦੀਆਂ।

ਪੰਜਾਬ ਜਿਉਂਦਾ ਗੁਰੂਆਂ ਦੇ ਨਾਲ
ਇਹਦੀ ਜੱਗ ਤੋਂ ਨਿਆਰੀ ਸ਼ਾਨ
ਮਾਂ-ਬੋਲੀ ਵੀ ਬੋਲੀਆਂ ਪਾਉਂਦੀ
ਸੁੱਚੀ ਪ੍ਰੀਤ ਦੇ ਪਹਿਰੇਦਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

ਗਿੱਧੇ-ਭੰਗੜੇ ਵਿਚ ਗੱਭਰੂ-ਮੁਟਿਆਰਾਂ
ਲਾਉਂਦੇ ਰੁਣ-ਝੁਣ ਬੰਨ੍ਹ ਕੇ ਡਾਰਾਂ
ਪੱਗਾਂ ਅਤੇ ਚੁੰਨੀਆਂ ਰਲ-ਮਿਲ
ਰੰਗਾਂ ਦੀ ਮਹਿਕ ਖਿਲਾਰਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

ਦਇਆ ਖ਼ਿਮਾਂ ਵਾਲਾ ਵੇਖ ਵਰਤਾਰਾ
ਮਨ ਹੋ ਜਾਂਦਾ ਅਲਮਸਤ ਮਤਵਾਰਾ
ਅਨਹੱਦ ਸ਼ਬਦ ਸੁਰਾਂ ਅਲਾਪਣ
ਸੁੱਚੇ ਚੱਜ ਆਚਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

'ਮਕਸੂਦਪੁਰੀ' ਆਖੇ ਪੰਜ-ਆਬਾਂ ਨੂੰ ਸਲਾਮ
ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ-ਸ਼ਬਾਬਾਂ ਨੂੰ ਸਲਾਮ
ਸ਼ਾਨਾ-ਮੱਤੇ ਵਿਰਸੇ ਦੇ ਕਿਰਦਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।



ਸੁਰਿੰਦਰ ਮਕਸੂਦਪੁਰੀ
99887-10234

### ਆਪਣੀ ਜ਼ੁਬਾਨ

ਆਪਣੀ ਜ਼ੁਬਾਨ 'ਤੇ ਮਿਠਾਸ ਰੱਖਣਾ।
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਪਿੰਡ ਵਿਚ ਦੋਨੇ ਭਾਈ ਕੱਠੇ ਖੜ੍ਹਿਉ,
ਇੱਕੋ ਚੌਤਰੇ 'ਚ ਸੱਸ ਨੂੰਹ ਨਾ ਲੜਿਉ,
ਮੋਹ ਭਾਈ ਭੈਣ ਦੇ ਲਈ ਖ਼ਾਸ ਰੱਖਣਾ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਆਪਣੀ ਵਿਆਹੀ ਨੂੰ ਕਦੇ ਨਾ ਛੱਡੀਏ,
ਧੱਕੇ ਮਾਰ ਕੇ ਨਾ ਮਾਪੇ ਘਰੋਂ ਕੱਢੀਏ,
ਨਹੁੰਆਂ ਨਾਲ ਜੋੜੀ ਸਦਾ ਮਾਸ ਰੱਖਣ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਧੀਆਂ ਪੇਕੇ ਆਈਆਂ ਨੂੰ ਨਾ ਦੁਰਕਾਰੀਏ,
ਐਵੇਂ ਮਾੜੇ ਬੰਦੇ 'ਤੇ ਨਾ ਰੋਹਬ ਝਾੜੀਏ,
'ਚਰਨਜੀਤ' ਚੰਗੀ ਸਦਾ ਆਸ ਰੱਖਣਾ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।



ਚਰਨਜੀਤ ਕੌਰ ਧਾਲੀਵਾਲ (ਜਰਮਨੀ)
+49-15224333737

## ਮਿੰਨੀ ਕਹਾਣੀ

### ਪਛਤਾਵਾ



ਸੰਤੀ ਬਿਮਾਰੀ ਦੀ ਹਾਲਤ ਵਿਚ ਆਖਰੀ ਸਾਹਾਂ 'ਤੇ ਸੀ। ਪਤੀ ਦੀ ਮੌਤ ਤੋਂ ਬਾਅਦ ਉਸ ਦਾ ਸਹਾਰਾ ਇੱਕਲੋਤਾ ਪੁੱਤਰ ਹੀ ਸੀ, ਜੋ ਕੰਮ-ਕਾਜ ਲਈ ਸ਼ਹਿਰ ਗਿਆ ਤੇ ਉੱਥੋਂ ਦਾ ਹੀ ਹੋ ਕੇ ਰਹਿ ਗਿਆ, ਉੱਥੇ ਹੀ ਵਿਆਹ ਵੀ ਕਰਵਾ ਲਿਆ, ਜਿਸ ਕਾਰਨ ਉਸ ਦੀ ਪਿੰਡ ਵਾਪਸੀ ਮੁਸ਼ਕਿਲ ਸੀ ਕਿਉਂਕਿ ਉਸ ਦੀ ਪਤਨੀ ਨਾ ਤਾਂ ਪਿੰਡ ਆਉਣ ਲਈ ਰਾਜ਼ੀ ਸੀ ਤੇ ਨਾ ਹੀ ਸੰਤੀ ਨੂੰ ਆਪਣੇ ਨਾਲ ਰੱਖਣ ਲਈ।

ਅਜਿਹੀ ਹਾਲਤ ਵਿਚ ਵਿਚਾਰੀ ਸੰਤੀ ਦਾ ਦੁੱਖ ਹੋਰ ਵਧ ਗਿਆ ਕਿ ਜਿਸ ਪੁੱਤਰ ਨੂੰ ਸੰਤੀ ਨੇ ਪਤੀ ਦੀ ਮੌਤ ਤੋਂ ਬਾਅਦ ਬਹੁਤ ਦੁੱਖ ਝੱਲ ਕੇ ਪਾਲ਼ਿਆ ਤੇ ਉਸ ਦਾ ਇਸ ਤਰ੍ਹਾਂ ਆਪਣੇ ਫਰਜ਼ਾਂ ਤੋਂ ਬੇਮੁੱਖ ਹੋ ਜਾਣਾ, ਉਸ ਨੂੰ ਆਪਣੀ ਬਿਮਾਰੀ ਤੋਂ ਵੀ ਜ਼ਿਆਦਾ ਕਸ਼ਟ ਦੇ ਰਿਹਾ ਸੀ। ਆਪਣੇ ਪੁੱਤਰ ਨੂੰ ਯਾਦ ਕਰਦੇ-ਕਰਦੇ ਉਸ ਨੂੰ ਨੀਂਦ ਆ ਗਈ ਤੇ ਕੁਝ ਸਮੇਂ ਬਾਅਦ ਅਚਾਨਕ ਸੰਤੀ ਘਬਰਾ ਕੇ ਉੱਠ ਖੜ੍ਹੀ ਹੋਈ ਜਿਵੇ ਉਸ ਨੇ ਕੋਈ ਬੁਰਾ ਸੁਪਨਾ ਦੇਖਿਆ ਹੋਵੇ, ਜਿਸ ਨਾਲ ਉਸ ਦੀ ਰੂਹ ਕੰਬ ਉੱਠੀ ਸੀ ਤੇ ਉਹ ਥਰ-ਥਰ ਕੰਬਣ ਲੱਗੀ। ਉਹ ਪ੍ਰਮਾਤਮਾ ਤੋਂ ਆਪਣੇ ਕੀਤੇ ਕਿਸੇ ਬੁਰੇ ਕਰਮ ਲਈ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗੀ। ਸੁਪਨੇ ਵਿਚ ਉਸ ਨੇ ਆਪਣੀ ਅਣਜੰਮੀ ਧੀ ਦੇਖੀ, ਜਿਸ ਨੂੰ ਉਸ ਨੇ ਪੁੱਤਰ ਦੀ ਚਾਹਤ ਲਈ ਕੁੱਖ ਵਿਚ ਕਤਲ ਕਰਵਾ ਦਿੱਤਾ ਸੀ। ਉਹ ਕਹਿਣ ਲੱਗੀ, 'ਮਾਂ ਅੱਜ ਮੇਰੇ ਤੋਂ ਤੇਰੀ ਇਹ ਹਾਲਤ ਦੇਖੀ ਨਹੀ ਜਾਂਦੀ ਪਰ ਮੈਂ ਕੁਝ ਕਰ ਵੀ ਤਾਂ ਨਹੀਂ ਸਕਦੀ, ਜਿਸ ਪੁੱਤਰ ਨੂੰ ਪਾਉਣ ਲਈ ਤੂੰ ਮੇਰਾ ਕੁੱਖ ਵਿਚ ਕਤਲ ਕਰਵਾ ਦਿੱਤਾ ਸੀ, ਉਸ ਨੇ ਬੁਢਾਪੇ ਸਮੇਂ ਦੁੱਖ ਵਿਚ ਤੇਰੀ ਸਾਰ ਨਹੀਂ ਲਈ।

ਜੇ ਮੈਂ ਅੱਜ ਜਿਊਂਦੀ ਹੁੰਦੀ ਤਾਂ ਤੇਰਾ ਹਰ ਦੁੱਖ ਵੰਡਾਉਂਦੀ ਪਰ ਅਫ਼ਸੋਸ ਮਾਂ, ਤੇਰੇ ਜਿਹੀਆਂ ਲੱਖਾਂ ਮਾਵਾਂ ਅੱਜ ਵੀ ਆਪਣੀਆਂ ਧੀਆਂ ਦਾ ਕਤਲ ਕਰਵਾ ਕੇ ਪੁੱਤਰਾਂ ਦੀ ਇੱਛਾ ਰੱਖਦੀਆਂ ਹਨ ਤੇ ਉਹੀ ਪੁੱਤਰ ਵੱਡੇ ਹੋ ਕੇ ਆਪਣੇ ਮਾਪਿਆਂ ਨੂੰ ਇਸ ਤਰ੍ਹਾਂ ਛੱਡ ਜਾਂਦੇ ਹਨ। ਸੁਪਨੇ ਵਿਚ ਆਈ ਧੀ ਦੇ ਬੋਲ ਸੁਣ ਕੇ ਸੰਤੀ ਅੱਖਾਂ ਵਿਚ ਹੰਝੂ ਭਰ ਕੇ ਰੋਂਦੀ-ਰੋਂਦੀ ਇਕੱਲੀ ਬੈਠੀ ਜਿਊਂਦੇ-ਜੀ ਪਛਤਾਵੇ ਦੀ ਅੱਗ ਵਿਚ ਸੜ ਰਹੀ ਸੀ।

• ਦਰਸ਼ਨ (ਗਿੱਲ ਦੁਤਾਲ), 99880-32249

## ਮਿੰਨੀ ਕਹਾਣੀ

### ਬੋਝ



ਸੱਜਣ ਸਿੰਘ ਨੇ ਆਪਣੇ ਮੁੰਡੇ ਕਰਮੇ ਨੂੰ ਆਵਾਜ਼ ਮਾਰ ਕੇ ਆਪਣੇ ਕੋਲ ਸੱਦਿਆ, ਜੋ ਕਈ ਦਿਨਾਂ ਤੋਂ ਉਦਾਸ ਜਿਹਾ ਲੱਗਦਾ ਸੀ। ਸੱਜਣ ਸਿੰਘ ਨੇ ਕਰਮੇ ਨੂੰ ਕੋਲ ਆਉਣ 'ਤੇ ਕਿਹਾ, 'ਪੁੱਤਰਾ ਤੇਰੇ ਨਾਲ ਇਕ ਗੱਲ ਸਾਂਝੀ ਕਰਨੀ ਸੀ, ਜੋ ਮੇਰੇ ਦਿਲ 'ਤੇ ਇਕ ਬੋਝ ਜਿਹਾ ਬਣੀ ਹੋਈ ਹੈ। ਤੇਰੇ ਨਾਲ ਗੱਲ ਕਰਕੇ ਇਹ ਬੋਝ ਮੈਂ ਹਲਕਾ ਕਰਨਾ ਚਾਹੁੰਦਾ।

ਪੁੱਤ ਗੱਲ ਇਹ ਹੈ ਕਿ ਕਰਜ਼ੇ ਦਾ ਵੱਡਾ ਬੋਝ ਆਪਣੇ ਸਿਰ 'ਤੇ ਹੈ, ਜ਼ਮੀਨ ਜੋ ਆਪਣੇ ਕੋਲ ਥੋੜ੍ਹੀ ਬਚੀ ਹੈ ਕਹਿਣ ਨੂੰ ਤਾਂ ਆਪਾਂ ਉਸ ਦੇ ਮਾਲਕ ਹਾਂ ਪਰ ਉਸ ਵਿਚ ਬੈਂਕਾਂ ਅਤੇ ਆੜ੍ਹਤੀਆਂ ਦਾ ਨਾਂ ਬੋਲਦਾ ਮੈਂ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋ ਕਿ ਇਸ ਕਰਜ਼ੇ ਦੇ ਬੋਝ ਨੂੰ ਨਹੀਂ ਲਾਹ ਸਕਿਆ ਪੁੱਤਰਾ ਹੁਣ ਤੂੰ ਜਵਾਨ ਹੋ ਗਿਆ ਏ ਖੇਤੀ ਦਾ ਧੰਦਾ ਤਾਂ ਹੁਣ ਲਾਹੇਵੰਦ ਨਹੀਂ ਰਿਹਾ, ਨੌਕਰੀ ਵੀ ਚੰਦਰੀ ਆਪਾਂ ਨੂੰ ਮਿਲਣੀ ਨਹੀਂ ਤੂੰ ਕੋਈ ਛੋਟਾ-ਮੋਟਾ ਕਾਰੋਬਾਰ ਕਰ ਲੈ ਜਿਸ ਨਾਲ ਆਪਾਂ ਆਪਣਾ ਗੁਜ਼ਾਰਾ ਚਲਾ ਸਕੀਏ'।

ਪਿਤਾ ਦੀ ਗੱਲ ਸੁਣ ਕੇ ਅੱਖਾਂ ਵਿਚ ਪਾਣੀ ਭਰਕੇ ਕਰਮਾ ਬੋਲਿਆ, 'ਬਾਪੂ ਮੈਂ ਤੇਰੇ ਤੋਂ ਮੁਆਫ਼ੀ ਚਾਹੁੰਦਾ ਹਾਂ ਤੈਨੂੰ ਦੱਸੇ ਬਿਨਾਂ ਮੈਂ ਆਸੇ-ਪਾਸੇ ਤੋਂ ਕੁਝ ਰੁਪਏ ਉਧਾਰ ਚੁੱਕ ਕੇ ਵਿਦੇਸ਼ ਜਾਣਾ ਚਾਹੁੰਦਾ ਸੀ ਤਾਂ ਜੋ ਤੇਰੇ ਕਰਜ਼ੇ ਦਾ ਬੋਝ ਹਲਕਾ ਕਰ ਸਕਾਂ, ਮੈਂ ਕਿਸੇ ਗ਼ਲਤ ਏਜੰਟ ਦੇ ਧੱਕੇ ਚੜ੍ਹ ਕੇ 20 ਲੱਖ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹਾਂ, ਕਰਮੇ ਦੀ ਇਹ ਗੱਲ ਸੁਣ ਕੇ ਸੱਜਣ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਅੱਖਾਂ ਅੱਗੇ ਹਨੇਰਾ ਛਾ ਗਿਆ, ਉਸ ਨੂੰ ਆਪਣੇ ਕਰਜ਼ੇ ਦਾ ਬੋਝ ਘੱਟਣ ਦੀ ਬਜਾਏ ਦੁੱਗਣਾ ਹੋ ਗਿਆ ਜਾਪ ਰਿਹਾ ਸੀ।

• ਅਵਤਾਰ ਸਿੰਘ ਧਾਲੀਵਾਲ
90419-42308

# ਮੁਹੱਬਤ

• ਕੈਲਾਸ਼ ਚੰਦਰ ਸ਼ਰਮਾ
80540-16816

(ਲੜੀ ਜੋੜਨ ਲਈ ਪਿੱਛਲਾ ਅੰਕ ਦੇਖੋ)

ਗੱਲਾਂ-ਗੱਲਾਂ 'ਚ ਪਦਮਨੀ ਨੇ ਇਕ ਦਿਨ ਤਮੰਨਾ ਦੇ ਮਾਪਿਆਂ ਨਾਲ ਤਮੰਨਾ ਤੇ ਕੁਨਾਲ ਦੇ ਰਿਸ਼ਤੇ ਦੀ ਗੱਲ ਵੀ ਛੇੜੀ। ਤਮੰਨਾ ਦੇ ਮਾਪਿਆਂ ਨੇ ਵੀ ਹਾਮੀ ਭਰ ਦਿੱਤੀ ਕਿਉਂਕਿ ਪਦਮਨੀ ਵੀ ਅਮੀਰ ਸੀ ਤੇ ਉਨ੍ਹਾਂ ਦੀ ਲੜਕੀ ਉਸ ਦੀ ਨੂੰਹ ਬਣ ਕੇ ਖ਼ੁਸ਼ੀ ਵਾਲੀ ਜ਼ਿੰਦਗੀ ਬਤੀਤ ਕਰ ਸਕਦੀ ਸੀ। ਇਕ ਦਿਨ ਤਮੰਨਾ ਨੇ ਪਦਮਨੀ ਨੂੰ ਦੱਸਿਆ ਕਿ ਕੁਨਾਲ ਉਸ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਲੈ ਰਿਹਾ। ਪਦਮਨੀ ਨੇ ਤਮੰਨਾ ਨੂੰ ਕੁਨਾਲ ਦੇ ਸ਼ਰਮੀਲੇ ਸੁਭਾਅ ਦਾ ਹਵਾਲਾ ਦਿੰਦਿਆਂ ਕੁਨਾਲ ਨਾਲ ਫੋਨ 'ਤੇ ਅਕਸਰ ਗੱਲਬਾਤ ਕਰਨ ਲਈ ਕਿਹਾ ਤਾਂ ਜੋ ਕੁਨਾਲ ਉਸ ਵਿਚ ਰੁਚੀ ਲੈਣ ਲੱਗ ਪਵੇ। ਆਪਣੀ ਮਾਂ ਦੀਆਂ ਸਾਰੀਆਂ ਯੋਜਨਾਵਾਂ ਤੋਂ ਬੇਖ਼ਬਰ ਕੁਨਾਲ, ਤਮੰਨਾ ਨਾਲ ਫੋਨ 'ਤੇ ਖੁੱਲ੍ਹ ਕੇ ਗੱਲ ਵੀ ਕਰ ਲੈਂਦਾ ਤੇ ਕਈ ਵਾਰ ਇਕੱਲਾ ਵੀ ਉਨ੍ਹਾਂ ਦੇ ਘਰ ਹੋ ਆਉਂਦਾ ਤਾਂ ਜੋ ਆਪਣੀ ਮਾਂ ਨੂੰ ਖ਼ੁਸ਼ ਰੱਖ ਸਕੇ।

ਇਕ ਦਿਨ ਚਾਂਦਨੀ ਉਨ੍ਹਾਂ ਦੇ ਘਰ ਆਈ ਹੋਈ ਸੀ। ਪਦਮਨੀ ਨੇ ਅੰਦਰੋਂ ਜਾ ਕੇ ਤਮੰਨਾ ਨੂੰ ਕੁਨਾਲ ਨਾਲ ਗੱਲ ਕਰਨ ਲਈ ਕਹਿੰਦੇ ਹੋਏ, ਉਸ ਨਾਲ ਇਸ ਤਰ੍ਹਾਂ ਪਿਆਰ ਦੀਆਂ ਗੱਲਾਂ ਕਰਨ ਲਈ ਕਿਹਾ ਜਿਵੇਂ ਦੋ ਆਸ਼ਕ ਆਪਸ ਵਿਚ ਕਰਦੇ ਨੇ। ਨਾਲ ਹੀ ਤਾਕੀਦ ਕੀਤੀ ਕਿ ਇਹ ਫੋਨ ਕੁਨਾਲ ਦੇ ਮੋਬਾਈਲ 'ਤੇ ਨਹੀਂ ਪਦਮਨੀ ਦੇ ਮੋਬਾਈਲ 'ਤੇ ਕਰੇ, ਉਹ ਆਪੇ ਕੁਨਾਲ ਨਾਲ ਗੱਲ ਕਰਵਾ ਦੇਵੇਗੀ। ਜਦੋਂ ਤਮੰਨਾ ਦਾ ਫੋਨ ਆਇਆ ਤਾਂ ਪਦਮਨੀ ਨੇ ਫੋਨ ਆਨ ਕਰ ਕੇ ਕੁਨਾਲ ਨੂੰ ਗੱਲ ਕਰਨ ਲਈ ਕਿਹਾ। ਜਦੋਂ ਕੁਨਾਲ ਨੇ ਹੈਲੋ ਕਿਹਾ ਹੀ ਸੀ ਕਿ ਤਮੰਨਾ ਨੇ ਕੁਨਾਲ ਨਾਲ ਜਿਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ, ਉਹ ਸੁਣਦਿਆਂ ਹੀ ਚਾਂਦਨੀ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਕੁਨਾਲ ਦੀ ਬੇਵਫ਼ਾਈ ਦਾ ਉਸ ਨੂੰ ਅਹਿਸਾਸ ਦਵਾ ਰਹੀਆਂ ਸਨ। ਕੁਨਾਲ ਦਾ ਵੀ ਹਾਲ ਵੇਖਣ ਹੀ ਵਾਲਾ ਸੀ ਜੋ ਉਸ ਦੀ ਚਾਂਦਨੀ ਪ੍ਰਤੀ ਬੇਵਫ਼ਾਈ ਦਾ ਸਬੂਤ ਪੱਕਾ ਹੋਣ ਦੀ ਪੁਸ਼ਟੀ ਕਰ ਰਿਹਾ ਸੀ। ਚਿੱਡੋਂ ਪਦਮਨੀ ਬਹੁਤ ਖ਼ੁਸ਼ ਸੀ ਕਿ ਉਸ ਦੀ ਯੋਜਨਾ ਬਿਨਾਂ ਕਿਸੇ ਮੁਸ਼ਕਲ ਦੇ ਸਿਰੇ ਚੜ੍ਹ ਗਈ ਸੀ।

ਪਦਮਨੀ, ਚਾਂਦਨੀ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਪਣੇ ਕਮਰੇ ਵਿਚ ਚਲੀ ਗਈ। ਚਾਂਦਨੀ ਦੇ ਸਿਰ 'ਤੇ ਹੱਥ ਫੇਰਦੀ ਹੋਈ ਕਹਿਣ ਲੱਗੀ, 'ਚਾਂਦਨੀ, ਤੂੰ ਮੇਰੀ ਧੀ ਵਰਗੀ ਏਂ, ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਕੁਨਾਲ ਵੀ ਇਹੋ-ਜਿਹਾ ਹੋਵੇਗਾ। ਮੈਂ ਅੱਜ ਮਹਿਸੂਸ ਕੀਤਾ ਏ ਕਿ ਅੱਜ ਕੱਲ੍ਹ ਦੇ ਲੜਕੇ ਕਿਸ ਤਰ੍ਹਾਂ, ਲੜਕੀਆਂ ਨੂੰ ਮੁਹੱਬਤ ਦੇ ਸੁਪਨੇ ਵਿਖਾ ਕੇ ਚਕਨਾਚੂਰ ਕਰ ਦਿੰਦੇ ਹਨ। ਮੈਨੂੰ ਤਾਂ ਡਰ ਲੱਗ ਰਿਹਾ ਏ ਕਿ ਪਤਾ ਨਹੀਂ ਇਸ ਤਰ੍ਹਾਂ ਦੀਆਂ ਕਿੰਨੀਆਂ ਕੁੜੀਆਂ ਨੂੰ ਸਬਜ਼ਬਾਗ਼ ਵਿਖਾਏ ਹੋਣੇ ਨੇ ਇਸ ਨੇ। ਇਕ ਮਾਂ ਹੋਣ ਦੇ ਨਾਤੇ ਮੇਰੀ ਤੈਨੂੰ ਇਹੋ ਹੀ ਸਲਾਹ ਏ ਕਿ ਇਸ ਦਾ ਖਹਿੜਾ ਛੱਡ ਤੇ ਕਿਤੇ ਹੋਰ ਆਪਣਾ ਘਰ ਵਸਾ ਕੇ ਵਧੀਆ ਜ਼ਿੰਦਗੀ ਦਾ ਆਨੰਦ ਲੈ। ਕੀ ਹੋਇਆ ਜੇ ਤੂੰ ਮੇਰੀ ਨੂੰਹ ਨਹੀਂ ਬਣ ਸਕੀ ਪਰ ਧੀ ਤੂੰ ਮੇਰੀ ਸਦਾ ਹੀ ਰਹੇਂਗੀ'।

ਇਹ ਕਹਿੰਦਿਆਂ ਹੀ ਪਦਮਨੀ ਨੇ ਘੁੱਟ ਕੇ ਉਸ ਨੂੰ ਆਪਣੇ ਗਲ਼ ਨਾਲ ਲਾ ਕੇ ਉਸ ਦਾ ਮੱਥਾ ਚੁੰਮਿਆ। ਸਿਆਣੇ ਕਹਿੰਦੇ ਨੇ, 'ਮੁਹੱਬਤ ਇਕ ਕੱਚੇ ਧਾਗੇ ਵਾਂਗ ਹੁੰਦੀ ਏ ਜਿਸ ਨੂੰ ਕੇਵਲ ਵਿਸ਼ਵਾਸ ਹੀ ਮਜ਼ਬੂਤ ਕਰਦਾ ਹੈ। ਜੇਕਰ ਬੇਵਫ਼ਾਈ ਦਾ ਜ਼ਰਾ ਕੁ ਝਟਕਾ ਵੀ ਲੱਗੇ ਤਾਂ ਇਹ ਧਾਗਾ ਇਕਦਮ ਟੁੱਟ ਜਾਂਦਾ ਹੈ। ਚਾਂਦਨੀ ਆਪਣੀ ਟੁੱਟੀ ਹੋਈ ਮੁਹੱਬਤ ਦੇ ਟੁਕੜਿਆਂ ਨੂੰ ਸੰਭਾਲ ਦੀ ਹੋਈ ਪਦਮਨੀ ਤੋਂ ਵਿਦਾਇਗੀ ਲੈ ਕੇ ਘਰ ਵੱਲ ਨੂੰ ਚੱਲ ਪਈ। ਰਸਤੇ ਵਿਚ ਰਹਿ-ਰਹਿ ਕੇ ਚਾਂਦਨੀ ਨੂੰ ਕੁਨਾਲ ਦੀ ਬੇਵਫ਼ਾਈ 'ਤੇ ਗੁੱਸਾ ਵੀ ਆ ਰਿਹਾ ਸੀ ਤੇ ਨਾਲ ਹੀ ਹੈਰਾਨੀ ਵੀ ਹੋ ਰਹੀ ਸੀ ਕਿ ਕੁਨਾਲ ਇਹੋ-ਜਿਹਾ ਤਾਂ ਨਹੀਂ ਸੀ ਤੇ ਨਾ ਹੀ ਕਦੇ ਇਸ ਤਰ੍ਹਾਂ ਦੇ ਵਤੀਰੇ ਦੀ ਬੋਅ ਉਸ ਕੋਲੋਂ ਮਹਿਸੂਸ ਹੋਈ ਸੀ। ਉਸ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਉਹ ਕਿਤੇ ਵੀ ਸ਼ਾਦੀ ਨਹੀਂ ਕਰੇਗੀ ਕਿਉਂਕਿ ਉਹ ਕੁਨਾਲ ਨੂੰ ਆਪਣਾ ਪਤੀ ਮੰਨ ਚੁਕੀ ਸੀ। ਇਸ ਲਈ ਉਸ ਦੇ ਪਿਆਰ ਦੇ ਸਹਾਰੇ ਹੀ ਆਪਣੀ ਸਾਰੀ ਜ਼ਿੰਦਗੀ ਬਤੀਤ ਕਰੇਗੀ। ਉੱਧਰ ਕੁਨਾਲ ਦਾ ਬਹੁਤ ਬੁਰਾ ਹਾਲ ਸੀ ਕਿ ਇਹ ਕੀ ਤੇ ਕਿਵੇਂ ਹੋ ਗਿਆ? ਚਾਂਦਨੀ ਉਸ ਦੀ ਗੱਲ ਸੁਣੇ ਬਗ਼ੈਰ ਹੀ ਰਿਸ਼ਤਾ ਤੋੜ ਗਈ ਸੀ।

ਸਮਾਂ ਆਪਣੀ ਚਾਲੇ ਤੁਰਦਾ ਗਿਆ। ਪਦਮਨੀ ਦੇ ਬਾਰ-ਬਾਰ ਕੁਨਾਲ ਨੂੰ ਸਮਝਾਉਣ 'ਤੇ ਹੌਲੀ-ਹੌਲੀ ਉਹ ਸੰਭਲਣ ਲੱਗਾ। ਆਖ਼ਰਕਾਰ ਕੁਨਾਲ ਤੇ ਤਮੰਨਾ ਦੀ ਸਗਾਈ ਹੋ ਗਈ। ਪਦਮਨੀ ਦੇ ਖ਼ੁਸ਼ੀ ਵਿਚ ਪੈਰ ਭੁੰਜੇ ਨਹੀਂ ਸਨ ਲੱਗ ਰਹੇ ਕਿਉਂਕਿ ਉਹ ਪੂਰੀ ਤਰ੍ਹਾਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਈ ਸੀ। ਸ਼ਾਨੋ-ਸ਼ੌਕਤ ਨਾਲ ਦੋਵਾਂ ਦੀ ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਵੀ ਕੁਨਾਲ ਕੁਝ ਉਖੜਿਆ-ਉਖੜਿਆ ਜਿਹਾ ਰਹਿੰਦਾ। ਤਮੰਨਾ ਨੇ ਇਸ ਬਾਰੇ ਆਪਣੀ ਸੱਸ ਨਾਲ ਵੀ ਗੱਲ ਕੀਤੀ ਪਰ ਉਸ ਦੇ ਇਹ ਕਹਿਣ 'ਤੇ ਕਿ ਕੰਮ ਦੀ ਬਹੁਤਾਤ ਕਰਕੇ ਸ਼ਾਇਦ ਉਸ ਦਾ ਵਤੀਰਾ ਇਸ ਤਰ੍ਹਾਂ ਦਾ ਹੋਵੇਗਾ। ਅਸਲੀ ਕਾਰਨ ਤੋਂ ਬੇਖ਼ਬਰ ਤਮੰਨਾ, ਕੁਨਾਲ ਦੇ ਵਤੀਰੇ 'ਚ ਤਬਦੀਲੀ ਦਾ ਇੰਤਜ਼ਾਰ ਕਰਨ ਲੱਗੀ। ਓਧਰ ਕੁਨਾਲ ਦੇ ਮਨ 'ਤੇ ਚਾਂਦਨੀ ਹੀ ਸਦਾ ਛਾਈ ਰਹਿੰਦੀ। ਉਹ ਸੋਚਦਾ ਕਿਤੇ ਇਕ ਵਾਰ ਚਾਂਦਨੀ ਨਾਲ ਮੇਲ ਹੋ ਜਾਵੇ ਤਾਂ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰ ਸਕੇ। ਆਖ਼ਰਕਾਰ ਇਕ ਦਿਨ ਉਹ ਚਾਂਦਨੀ ਨੂੰ ਮਿਲਣ ਵਿਚ ਕਾਮਯਾਬ ਹੋ ਗਿਆ। ਉਸ ਨੇ ਆਪਣੀ ਸਫ਼ਾਈ ਵਿਚ ਬਹੁਤ ਕਿਹਾ ਪਰ ਚਾਂਦਨੀ 'ਤੇ ਇਸ ਦਾ ਬਹੁਤਾ ਪ੍ਰਭਾਵ ਨਾ ਪਿਆ। ਹੌਲੀ ਹੌਲੀ ਉਨ੍ਹਾਂ ਦਾ ਮੇਲ ਫਿਰ ਵਧਣ ਲੱਗਾ। ਕੁਨਾਲ ਦੇ ਰੋਜ਼ਾਨਾ ਘਰ ਦੇਰ ਨਾਲ ਆਉਣ ਕਾਰਨ ਤਮੰਨਾ ਦੇ ਮਨ ਵਿਚ ਕਈ ਕਿਸਮ ਦੇ ਗ਼ਲਤ ਵਿਚਾਰਾਂ ਨੇ ਆਪਣੀ ਆਮਦ ਵਧਾ ਦਿੱਤੀ। ਇਕ ਦਿਨ, ਉਸ ਨੇ ਕੁਨਾਲ ਦਾ ਪਿੱਛਾ ਕਰਨ ਦਾ ਫੈਸਲਾ ਕੀਤਾ। ਉਸ ਨੂੰ ਪਤਾ ਲੱਗਾ ਕਿ ਕੁਨਾਲ , ਚਾਂਦਨੀ ਦੇ ਪਿੱਛੇ ਜਾਂਦਾ ਸੀ ਤੇ ਇਹੀ ਉਸ ਦੇ ਉਖੜੇ-ਉਖੜੇ ਰਹਿਣ ਦਾ ਕਾਰਨ ਸੀ।

*ਤਮੰਨਾ ਇਕ ਦਿਨ ਚਾਂਦਨੀ ਦੇ ਘਰ ਚਲੀ ਗਈ। ਉਸ ਦੇ ਘਰ ਦੀ ਹਾਲਤ ਵੇਖ ਤਮੰਨਾ ਨੂੰ ਪਦਮਨੀ ਦਵਾਰਾ ਰਚੀ ਲੀਲਾ ਦਾ ਕਾਰਨ ਨਜ਼ਰ ਆਉਣ ਲੱਗਾ। ਚਾਂਦਨੀ ਨੂੰ ਉਸ ਨੇ ਆਪਣੇ ਬਾਰੇ ਦੱਸਦਿਆਂ ਤੇ ਘਰ ਆਉਣ ਦਾ ਸੱਦਾ ਦਿੱਤਾ। ਚਾਂਦਨੀ ਨੇ ਇਹ ਸੱਦਾ ਠੁਕਰਾਉਂਦਿਆਂ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਕੁਨਾਲ ਦੀ ਜ਼ਿੰਦਗੀ 'ਚ ਕੋਈ ਹੋਰ ਦੁੱਖ ਆਉਣ'...*





ਇਕ ਦਿਨ ਮੌਕਾ ਵੇਖ, ਤਮੰਨਾ ਨੇ ਕੁਨਾਲ ਨੂੰ ਉਸ ਦੇ ਚਾਂਦਨੀ ਨਾਲ ਸਬੰਧਾਂ ਬਾਰੇ ਪੁੱਛਿਆ। ਕੁਨਾਲ ਨੇ ਬਿਨਾਂ ਕਿਸੇ ਹਿਚਕਚਾਹਟ ਦੇ ਉਸ ਨੂੰ ਸਭ ਕੁਝ ਦੱਸ ਦਿੱਤਾ। ਕੁਨਾਲ ਨੇ ਦੱਸਿਆ ਕਿ ਉਨ੍ਹਾਂ ਦੋਵਾਂ ਦੀ ਸ਼ਾਦੀ' ਤੇ ਇਕ ਵਾਰ ਉਸ ਦੀ ਮਾਂ ਨੇ ਇਤਰਾਜ਼ ਕੀਤਾ ਸੀ ਪਰ ਉਸ ਤੋਂ ਬਾਅਦ ਸਾਡੇ ਮਿਲਣ 'ਤੇ ਉਸ ਨੂੰ ਕੋਈ ਵੀ ਇਤਰਾਜ਼ ਨਹੀਂ ਸੀ। ਚਾਂਦਨੀ ਬਿਨਾਂ ਕਿਸੇ-ਰੋਕ ਟੋਕ ਦੇ ਉਨ੍ਹਾਂ ਦੇ ਘਰ ਆਉਂਦੀ ਰਹੀ।

ਉਸ ਦਿਨ ਜਦੋਂ ਤੂੰ ਮੇਰੇ ਨਾਲ ਫੋਨ 'ਤੇ ਗੱਲਾਂ ਕੀਤੀਆਂ ਤਾਂ ਚਾਂਦਨੀ ਉਸ ਸਮੇਂ ਮੇਰੇ ਕੋਲ ਹੀ ਬੈਠੀ ਸੀ। ਚਾਂਦਨੀ ਤਾਂ ਕੀ, ਕੋਈ ਵੀ ਲੜਕੀ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਉਸ ਦੇ ਪਿਆਰ ਵਿਚ ਕੋਈ ਦੂਜੀ ਲੜਕੀ ਭਾਈਵਾਲ ਬਣੇ। ਮੈਨੂੰ ਅੱਜ ਤਕ ਇਹ ਸਮਝ ਨਹੀਂ ਲੱਗ ਸਕੀ ਕਿ ਤੂੰ ਮੇਰੇ ਨਾਲ ਇਸ ਤਰ੍ਹਾਂ ਕਿਉਂ ਕੀਤਾ? ਮਨ ਹੀ ਮਨ ਤਮੰਨਾ ਨੂੰ ਸਮਝ ਲੱਗਣ ਲੱਗੀ ਕਿ ਕੁਨਾਲ 'ਤੇ ਚਾਂਦਨੀ ਦੇ ਪਿਆਰ ਨੂੰ ਲੀਰੋ-ਲੀਰ ਕਰਨ ਵਾਲੀ ਅਸਲ ਵਿਚ ਉਸ ਦੀ ਮਾਂ ਹੀ ਹੈ ਕਿਉਂਕਿ ਉਸ ਨੇ ਹੀ ਇਹ ਸਭ ਕਰਨ ਲਈ ਉਸ ਨੂੰ ਕਿਹਾ ਸੀ। ਤਮੰਨਾ ਨੇ ਚਾਂਦਨੀ ਨੂੰ ਮਿਲਣ ਦਾ ਸੋਚਿਆ। ਉਸ ਦੇ ਅੰਦਰ ਦੀ ਔਰਤ ਜਾਗ ਚੁਕੀ ਸੀ।

ਲੱਭਦੀ-ਲੁਭਾਉਂਦੀ ਤਮੰਨਾ ਇਕ ਦਿਨ ਚਾਂਦਨੀ ਦੇ ਘਰ ਚਲੀ ਗਈ। ਚਾਂਦਨੀ ਦੇ ਘਰ ਦੀ ਹਾਲਤ ਵੇਖ ਤਮੰਨਾ ਨੂੰ ਪਦਮਨੀ ਦਵਾਰਾ ਰਚੀ ਲੀਲਾ ਦਾ ਕਾਰਨ ਨਜ਼ਰ ਆਉਣ ਲੱਗਾ। ਚਾਂਦਨੀ ਨੂੰ ਉਸ ਨੇ ਆਪਣੇ ਬਾਰੇ ਦੱਸਦਿਆਂ ਘਰ ਆਉਣ ਦਾ ਸੱਦਾ ਦਿੱਤਾ। ਚਾਂਦਨੀ ਨੇ ਇਹ ਸੱਦਾ ਠੁਕਰਾਉਂਦਿਆਂ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਕੁਨਾਲ ਦੀ ਜ਼ਿੰਦਗੀ 'ਚ ਕੋਈ ਹੋਰ ਦੁੱਖ ਆਉਣ। ਮੈਂ ਉਸ ਨੂੰ ਅੱਜ ਵੀ ਬੇਹੱਦ ਮੁਹੱਬਤ ਕਰਦੀ ਹਾਂ ਤੇ ਤੈਨੂੰ ਇਹੋ ਬੇਨਤੀ ਕਰਦੀ ਹਾਂ ਕਿ ਕੁਨਾਲ ਨੂੰ ਇੰਨਾਂ ਪਿਆਰ ਦੇਵੀਂ ਕਿ ਉਹ ਮੈਨੂੰ ਭੁੱਲ ਜਾਵੇ'। ਤਮੰਨਾ ਦੀ ਜ਼ਿੱਦ ਅੱਗੇ ਚਾਂਦਨੀ ਦੀ ਇਕ ਨਾ ਚੱਲੀ। ਤਮੰਨਾ ਨੇ ਆਪਣੇ ਆਪ ਨੂੰ ਉਸ ਦੀ ਭੈਣ ਦੱਸਦਿਆਂ ਸਿਰਫ਼ ਇਕ ਵਾਰ ਹੀ ਆਉਣ ਦਾ ਵਾਸਤਾ ਪਾਇਆ। ਆਖਰ ਚਾਂਦਨੀ ਆਉਣ ਲਈ ਮੰਨ ਗਈ।

ਤਹਿ ਮਿੱਤੀ ਨੂੰ ਮਿੱਥੇ ਸਮੇਂ 'ਤੇ ਚਾਂਦਨੀ ਉਨ੍ਹਾਂ ਦੇ ਘਰ ਪਹੁੰਚ ਗਈ। ਚਾਂਦਨੀ ਨੂੰ ਆਪਣੇ ਸਾਹਮਣੇ ਵੇਖ ਕੇ ਕੁਨਾਲ ਤੇ ਪਦਮਨੀ ਠਠੰਬਰ ਗਏ। ਤਮੰਨਾ ਨੇ ਅੱਗੇ ਹੋ ਕੇ ਚਾਂਦਨੀ ਦਾ ਹੱਥ ਫੜ ਕੇ ਪਦਮਨੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜੋ ਫੋਨ ਮੈਂ ਕੀਤਾ ਸੀ ਤੇ ਜੋ ਕੁਝ ਵੀ ਕਿਹਾ ਸੀ, ਉਹ ਇਨ੍ਹਾਂ ਦੇ ਕਹਿਣ 'ਤੇ ਕਿਹਾ ਸੀ, ਜਿਸ ਨੇ ਤੁਹਾਡੀ ਮੁਹੱਬਤ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਇਹ ਇਸ ਲਈ ਕਿ ਇਹ ਨਹੀਂ ਸੀ ਚਾਹੁੰਦੀ ਕਿ ਤੁਹਾਡਾ ਵਿਆਹ ਹੋਵੇ ਕਿਉਂਕਿ ਤੂੰ ਗ਼ਰੀਬ ਸੀ। ਇਨ੍ਹਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਇੱਛਾਵਾਂ ਗ਼ਰੀਬ ਦੀ ਝੌਂਪੜੀ ਵਿਚ ਰਹਿਣ ਵਾਲਿਆਂ ਦੀਆਂ ਵੀ ਉਸੇ ਤਰ੍ਹਾਂ ਦੀਆਂ ਹੁੰਦੀਆਂ ਨੇ ਜਿਸ ਤਰ੍ਹਾਂ ਦੀਆਂ ਮਹਿਲਾਂ ਵਾਲਿਆਂ ਦੀਆਂ। ਪੈਸੇ ਦੀ ਭੁੱਖ ਦੀ ਪੂਰਤੀ ਲਈ ਇਸ ਨੇ ਤੁਹਾਡੀ ਜ਼ਿੰਦਗੀ ਵੀ ਦਾਅ 'ਤੇ ਲਗਾ ਦਿੱਤੀ'।

ਚਾਂਦਨੀ ਦਾ ਹੱਥ ਫੜ ਕੇ ਕੁਨਾਲ ਦੇ ਹੱਥ ਫੜਾਉਂਦਿਆਂ ਚਾਂਦਨੀ ਨੂੰ ਤਮੰਨਾ ਨੇ ਕਿਹਾ, 'ਖ਼ੁਸ਼ੀ ਨਾਲ ਜ਼ਿੰਦਗੀ ਬਤੀਤ ਕਰੋ। ਮੈਂ ਤੇਰੀ ਭੈਣ ਹੋਣ ਦਾ ਫਰਜ਼ ਨਿਭਾਇਆ ਹੈ'। ਇਹ ਕਹਿੰਦਿਆਂ ਹੀ ਉਹ ਜਾਣ ਲਈ ਤਿਆਰ ਹੋਣ ਲੱਗੀ। ਕੁਨਾਲ ਨੇ ਆਪਣੀ ਮਾਂ ਨੂੰ ਸਿਰਫ਼ ਇੰਨਾਂ ਹੀ ਕਿਹਾ ਕਿ 'ਮੈਂ ਤਾਂ ਸੁਣਿਆ ਸੀ ਕਿ ਮਾਵਾਂ ਆਪਣੇ ਬੱਚਿਆਂ ਦੀ ਖ਼ੁਸ਼ੀ ਲਈ ਆਪਣੇ ਆਪ ਨੂੰ ਵੀ ਕੁਰਬਾਨ ਕਰ ਦਿੰਦੀਆਂ ਨੇ ਪਰ ਤੂੰ ਤਾਂ ਆਪਣੀ ਖ਼ੁਸ਼ੀ ਨੂੰ ਪੂਰਿਆਂ ਕਰਨ ਲਈ ਮੇਰੀ ਮੁਹੱਬਤ ਨੂੰ ਹੀ ਕੁਰਬਾਨ ਕਰ ਦਿੱਤਾ ਹੈ। ਇਹ ਕਹਿੰਦਿਆਂ ਹੀ ਕੁਨਾਲ ਚਾਂਦਨੀ ਨੂੰ ਲੈ ਕੇ ਬਾਹਰ ਨਿਕਲਣ ਲੱਗਾ ਕਿ ਪਦਮਨੀ ਉਨ੍ਹਾਂ ਨੂੰ ਰੋਕਣ ਦੀ ਇਸ ਤਰ੍ਹਾਂ ਕੋਸ਼ਿਸ਼ ਕਰ ਰਹੀ ਸੀ ਜਿਵੇਂ ਮਾਂ ਹੋਣ ਦੇ ਫਰਜ਼ ਦੀ ਹੋਈ ਕੁਤਾਹੀ ਕਾਰਨ ਉਸ ਨੂੰ ਪਛਤਾਵਾ ਲੱਗ ਰਿਹਾ ਹੋਵੇ।•

# ਵਿਰੋਧੀ ਧਿਰ ਅਫਵਾਹ ਫੈਲਾ ਕੇ ਲੋਕਾਂ ਨੂੰ ਕਰ ਰਿਹਾ ਹੈ ਗੁਮਰਾਹ : ਮੁੱਖ ਮੰਤਰੀ

## ➢ ਮੋਦੀ ਦੀ ਰਣਨੀਤੀ ਨਾਲ ਕਾਂਗਰਸ ਦੇ ਚਿਹਰੇ ਮੁਰਝਾਏ ➢ ਪੰਜਾਬ ਵਿੱਚ ਬਣੇਗੀ ਭਾਜਪਾ ਦੀ ਸਰਕਾਰ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਕੋਲ ਸਰਕਾਰ ਦੇ ਖਿਲਾਫ ਕੋਈ ਮੁੱਦਾ ਨਹੀਂ ਹੈ, ਉਹ ਸਿਰਫ ਅਫਵਾਹ ਫੈਲਾ ਕੇ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੀ ਹੈ। ਭਾਰਤ ਅਤੇ ਅਮੇਰਿਕਾ ਦੇ ਵਿੱਚ ਹੋਏ ਟ੍ਰੇਡ ਡੀਲ ਨਾਲ ਪੂਰੇ ਦੇਸ਼ ਦੇ ਉਦਯੋਗਪਤੀ ਖੁਸ਼ ਹਨ ਅਤੇ ਜਨਤਾ ਦੇ ਚਿਹਰੇ ਵੀ ਖਿਲੇ ਹੋਏ ਹਨ, ਪਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਰਣਨੀਤੀ ਨਾਲ ਸਿਰਫ ਕਾਂਗਰਸ ਦੇ ਚਿਹਰੇ ਮੁਰਝਾਏ ਹੋਏ ਹਨ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਨਿਵਾਸ ਵਿੱਚ ਪ੍ਰੈਸ ਕਾਨਫ੍ਰੈਂਸ ਦੌਰਾਨ ਪੱਤਰਕਾਰਾਂ ਦੇ ਸੁਆਲਾਂ ਦੇ ਜਵਾਬ ਦੇ ਰਹੇ ਸਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣੇ ਜਾਪਾਨ ਦੌਰੇ ਦਾ ਜਿਕਰ ਕਰਦੇ ਹੋਏ ਦਸਿਆ ਕਿ ਉਨ੍ਹਾਂ ਦੀ ਇਸ ਵਿਜਿਟ ਦੌਰਾਨ ਕਰੀਬ 5000 ਕਰੋੜ ਰੁਪਏ ਦੇ ਨਿਵੇਸ਼ ਤਹਿਤ ਐਮਓਯੂ 'ਤੇ ਹਸਤਾਖਰ ਹੋਏ ਸਨ, ਇੰਨ੍ਹਾਂ ਵਿੱਚੋਂ ਕਈ ਨਿਵੇਸ਼ਕਾਂ ਨੇ ਤਾਂ ਸੂਬੇ ਵਿੱਚ ਜਮੀਨ ਚੋਣ ਕਰ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਦਸਿਆ ਕਿ ਵਿਸ਼ਵ ਦੀ ਕਈ ਵੱਡੀ ਕੰਪਨੀਆਂ ਨੇ ਵੀ ਹਰਿਆਣਾ ਵਿੱਚ ਨਿਵੇਸ਼ ਕਰਨ ਦੀ ਇੱਛਾ ਜਾਹਰ ਕੀਤੀ ਹੈ, ਇਸ ਦਿਸ਼ਾ ਵਿੱਚ ਕਦਮ ਵੀ ਚੁੱਕੇ ਗਏ ਹਨ।



ਉਨ੍ਹਾਂ ਨੇ ਪਿਛਲੇ ਬਜਟ ਦੌਰਾਨ ਰਾਜ ਵਿੱਚ ਪ੍ਰਸਤਾਵਿਤ 10 ਆਈਐਮਟੀ ਦਾ ਐਲਾਨ ਦੇ ਮਾਮਲੇ ਵਿੱਚ ਦਸਿਆ ਕਿ ਇੰਨ੍ਹਾਂ ਵਿੱਚੋਂ 6 ਆਈਐਮਟੀ ਸਥਾਪਿਤ ਕਰਨ ਲਈ ਥਾਂ ਵੀ ਚੋਣ ਕਰ ਲਈ ਗਈ ਹੈ ਅਤੇ ਨਿਰਮਾਣ ਨਾਲ ਸਬੰਧਿਤ ਤੇਜੀ ਨਾਲ ਕੰਮ ਚੱਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਦਯੋਗਾਂ ਦੇ ਅਨੁਕੂਲ ਮਾਹੌਲ ਹੋਣ ਦੇ ਕਾਰਨ ਹਰਿਆਣਾ ਸ਼ਹਿਰੀ ਨਿਵੇਸ਼ਕਾਂ ਲਈ ਮੁੱਖ ਡੇਸਟੀਨੇਸ਼ਨ ਸਥਾਨ ਬਣ ਕੇ ਉਭਰਿਆ ਹੈ। ਉਨ੍ਹਾਂ ਨੇ ਇਹ ਵੀ ਦਸਿਆ ਕਿ ਇਸ ਵਾਰ ਦੇ ਆਮ ਬਜਟ ਵਿੱਚ ਵੀ ਉਦਯੋਗਾਂ ਨਾਲ ਸਬੰਧਿਤ ਕਈ ਪੋਲਿਸੀ ਆ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਪੰਜਾਬ ਦੌਰਿਆਂ ਨੂੰ ਲੈ ਕੇ ਉੱਥੇ ਮਚੀ ਸਿਆਸੀ ਹਲਚਲ 'ਤੇ ਚੁੱਟਕੀ ਲੈਂਦੇ ਹੋਏ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਕਾਂਗਰਸ ਅਤੇ ਹੁਣ ਆਪ ਪਾਰਟੀ ਦੀ ਸਰਕਾਰ ਦੇ ਕਾਰਨ ਉਨ੍ਹਾਂ ਦਾ ਆਰਥਕ ਪ੍ਰਬੰਧਨ ਗੜਬੜਾ ਗਿਆ ਹੈ। ਹਰਿਆਣਾ ਆਰਥਕ ਪ੍ਰਬੰਧਨ ਦੇ ਮਾਮਲੇ ਵਿੱਚ ਨੰਬਰ ਵਨ ਹੈ। ਅਗਾਮੀ ਚੋਣ ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ ਅਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅਰਥਵਿਵਸਥਾ ਵਿੱਚ ਸੁਧਾਰ ਕੀਤਾ ਜਾਵੇਗਾ।

ਉਨ੍ਹਾਂ ਨੇ ਅੱਗੇ ਕਿਹਾ ਕਿ ਪੰਜਾਬ ਦੇ ਕਿਸਾਨ ਜਾਣਦੇ ਹਨ ਕਿ ਹਰਿਆਣਾ ਸਰਕਾਰ 24 ਫਸਲਾਂ ਨੂੰ ਐਮਐਸਪੀ 'ਤੇ ਖਰੀਦ ਰਹੀ ਹੈ ਅਤੇ ਆਪਦਾ ਦੇ ਸਮੇਂ ਵਿੱਚ ਆਪਣੇ ਕਿਸਾਨਾਂ ਨੂੰ ਸਹੀ ਮੁਆਵਜਾ ਦੇ ਕੇ ਉਨ੍ਹਾਂ ਨੂੰ ਸੰਬਲ ਪ੍ਰਦਾਨ ਕਰਦੀ ਹੈ।

ਵਿਰੋਧੀ ਧਿਰ ਵੱਲੋਂ ਸੂਬੇ ਵਿੱਚ ਐਚਪੀਐਸਸੀ ਤਹਿਤ ਬਾਹਰੀ ਨੌਜੁਆਨਾਂ ਨੂੰ ਨੌਕਰੀ ਦੇਣ ਦੇ ਸੁਆਲ 'ਤੇ ਮੁੱਖ ਮੰਤਰੀ ਸ੍ਰੀ ਸੈਣੀ ਨੇ ਕਿਹਾ ਕਿ ਹਰਿਆਣਾ ਦੇ ਨੌਜੁਆਨਾਂ ਵੀ ਗੁਆਂਢੀ ਸੂਬਾ ਪੰਜਾਬ, ਉੱਤਰ ਪ੍ਰਦੇਸ਼, ਰਾਜਸਤਾਨ, ਹਿਮਾਚਲ ਪ੍ਰਦੇਸ਼ ਆਦਿ ਵਿੱਚ ਨੌਕਰੀ ਲਈ ਚੋਣ ਹੁੰਦੇ ਹਨ ਤਾਂ ਉਕਤ ਸੂਬਿਆਂ ਦੇ ਨੌਜੁਆਨ ਵੀ ਮੈਰਿਟ ਦੇ ਆਧਾਰ 'ਤੇ ਹਰਿਆਣਾ ਵਿੱਚ ਚੋਣ ਹੋ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਪਾਰਦਰਸ਼ਿਤਾ ਦੇ ਆਧਾਰ 'ਤੇ ਕੰਮ ਕਰ ਰਹੀ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਦਸਿਆ ਕਿ ਇਸ ਸਾਲ ਸਰਕਾਰ ਨੇ ਲਗਭਗ 36 ਹਜਾਰ ਨੌਜੁਆਨਾਂ ਦਾ ਮੈਰਿਟ ਆਧਾਰ 'ਤੇ ਨੌਕਰੀ ਦਿੱਤੀ ਹੈ, ਫਿਲਹਾਲ 12500 ਖਾਲੀ ਅਹੁਦਿਆਂ 'ਤੇ ਭਰਤੀ ਪ੍ਰਕ੍ਰਿਆ ਚੱਲ ਰਹੀ ਹੈ,

ਇੰਨ੍ਹਾਂ ਵਿੱਚ ਲਗਭਗ 5500 ਖਾਲੀ ਅਸਾਮੀਆਂ ਨੂੰ ਭਰਨ ਲਈ ਪੁਲਿਸ ਵਿਭਾਗ ਵਿੱਚ ਪ੍ਰਕ੍ਰਿਆ ਚੱਲ ਰਹੀ ਹੈ।

ਪਲਵਲ ਜਿਲ੍ਹਾ ਵਿੱਚ ਅਣਪਛਾਣੀ ਬੀਮਾਰੀ ਕਾਰਨ ਹੋਈ ਮੌਤਾ ਦੇ ਸੁਆਲ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਦਸਿਆ ਕਿ ਸਰਕਾਰ ਇਸ ਮਾਮਲੇ ਵਿੱਚ ਪੂਰੀ ਤਰ੍ਹਾ ਨਾਲ ਸੁਚੇਤ ਹੈ, ਸਿਹਤ ਵਿਭਾਗ ਦੀ ਟੀਮਾਂ ਦਾ ਗਠਨ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤਾਂ ਦੇ ਇਲਾਜ ਲਈ ਸਰਕਾਰ ਹਰ ਸੰਭਵ ਸਹਾਇਤਾ ਕਰ ਰਹੀ ਹੈ।

# ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿਖੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਵਿਖੇ ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਮੰਦਿਰ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਸ਼ਿਵਰਾਤਰੀ ਦੇ ਸ਼ੁਭ ਮੌਕੇ 'ਤੇ ਕਾਂਵੜੀਏ ਹਰਿਦੁਆਰ ਤੋਂ ਡਾਕ ਕਾਂਵੜ ਯਾਤਰਾ ਰਾਹੀਂ ਪਵਿੱਤਰ ਗੰਗਾ ਜਲ (ਕਾਂਵੜ) ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਿਰ ਲੈ ਕੇ ਆਏ ਅਤੇ ਸ਼੍ਰੀ ਨਰਮਦੇਸ਼ਵਰ ਮਹਾਂਦੇਵ ਨੂੰ ਅਰਪਿਤ ਕੀਤਾ। ਇਸ ਸ਼ੁਭ ਮੌਕੇ 'ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਮੰਦਿਰ ਵਿੱਚ ਇਕੱਠੇ ਹੋਏ ਅਤੇ ਸਾਰੇ ਸ਼ਰਧਾਲੂਆਂ ਨੇ ਕਾਂਵੜੀਆਂ ਦਾ ਫੁੱਲਾਂ ਨਾਲ ਸ਼ਾਨਦਾਰ ਸਵਾਗਤ ਕੀਤਾ। ਇਸ ਤੋਂ ਬਾਅਦ ਸਾਰੇ ਸ਼ਰਧਾਲੂ ÷ਬਮ ਬਮ ਭੋਲੇ,÷ ÷ਜੈ ਸ਼ਿਵ ਸ਼ੰਕਰ,÷ ÷ਗੰਗਾ ਮਈਆ ਦੀ ਜੈ,÷ ਅਤੇ ÷ਹਰ ਹਰ ਮਹਾਂਦੇਵ÷ ਦੇ ਜੈਕਾਰੇ ਲਗਾਉਂਦੇ ਹੋਏ ਮੰਦਿਰ ਵਿੱਚ ਦਾਖਲ ਹੋਏ। ਇਸ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੇ ਭੋਲੇ ਬਾਬਾ ਦੀ ਪੂਜਾ ਕੀਤੀ ਅਤੇ ਸਾਰਾ ਮਾਹੌਲ ਭੋਲੇ ਨਾਥ ਜੀ ਦੀ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਸੀ।

ਇਸ ਮੌਕੇ 'ਤੇ ਸ਼੍ਰੀ ਸੰਤ ਸ਼ਿਰੋਮਣੀ ਇੱਛਾਪੂਰਤੀ ਬਾਲਾਜੀ ਚੈਰੀਟੇਬਲ ਟਰੱਸਟ ਵੱਲੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਕੌੜਿਆਂ ਅਤੇ ਖੀਰ ਦਾ ਲੰਗਰ ਲਗਾਇਆ ਗਿਆ। ਸ਼ਹਿਰ ਵਾਸੀਆਂ ਨੇ ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵਿਖੇ ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਵੱਡੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ।

ਸਵੇਰ ਤੋਂ ਰਾਤ ਤੱਕ, ਭੋਲੇ ਬਾਬਾ ਦੇ ਦਰਸ਼ਨ ਕਰਨ ਅਤੇ ਜਲ ਚੜ੍ਹਾਉਣ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਲੱਗੀ ਰਹੀ। ਸੰਤ ਸ਼ਿਰੋਮਣੀ ਇੱਛਾਪੂਰਤੀ ਬਾਲਾਜੀ ਚੈਰੀਟੇਬਲ ਟਰੱਸਟ ਨੇ ਹਰਿਦੁਆਰ ਅਤੇ ਰਸਤੇ ਵਿੱਚ ਮੈਡੀਕਲ ਕੈਂਪਾਂ ਵਿੱਚ ਸ਼ਰਧਾਲੂਆਂ ਨੂੰ ਮੁਫਤ ਡਾਕਟਰੀ ਇਲਾਜ ਅਤੇ ਮੁਫਤ ਪਾਣੀ ਦੀ ਸੇਵਾ ਕੀਤੀ। ਮਹਾਂਸ਼ਿਵਰਾਤਰੀ 'ਤੇ ਸਾਰੇ ਸ਼ਿਵ ਭਗਤ ਅਤੇ ਸ਼ਰਧਾਲੂ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਕਾਂਵੜ ਲਿਆਉਂਦੇ ਹਨ ਅਤੇ ਸ਼ਿਵ ਮੰਦਰ ਵਿੱਚ ਜਲ ਚੜ੍ਹਾਉਂਦੇ ਹਨ, ਭਗਵਾਨ ਭੋਲੇ ਨਾਥ ਸਾਰੇ ਸ਼ਰਧਾਲੂਆਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਇਸ ਮੌਕੇ ਡਾ: ਦਿਨੇਸ਼ ਗੁਪਤਾ, ਅਸ਼ਵਨੀ ਬਾਂਸਲ, ਡਾ: ਨਰਿੰਦਰ, ਲਵ ਸ਼ਰਮਾ, ਸੁਨੀਲ ਸਿੰਗਲਾ, ਵਿਕਾਸ ਕਾਂਸਲ, ਸੰਜੀਵ ਨਾਗਰਾ, ਸੁਰਿੰਦਰ ਸਿੰਗਲਾ, ਮੋਹਿਤ ਕੁਮਾਰ, ਪੰਕਜ ਸ਼ਰਮਾ, ਸ਼ੀਤਲ ਮਿੱਤਲ, ਪ੍ਰਵੇਸ਼ ਅਗਰਵਾਲ, ਕਮਲ ਠੇਕੇਦਾਰ, ਅਜੈ ਗੁਪਤਾ, ਅਨਿਲ ਲੀਲਾ, ਜਤਿਨ ਕੁਮਾਰ, ਲੱਕੀ ਖੀਪਾਲ, ਪੰਕਜ ਸ਼ਰਮਾ, ਸਚਿਨ ਗੋਇਲ, ਕੇਸ਼ਵ ਗੁਪਤਾ, ਮਾਧਵ, ਗੌਤਮ, ਚਕਸ਼ੂ, ਸੋਨੂੰ ਸਿੰਗਲਾ, ਹੈਪੀ ਗੋਇਲ, ਨਾਰਾਇਣ ਸ਼ਰਮਾ, ਵਿਕਾਸ, ਗੋਲੂ, ਗਗਨ ਮੌਜੂਦ ਸਨ।

# ਡਾ. ਬਲਬੀਰ ਸਿੰਘ ਵੱਲੋਂ ਸੂਬਾ ਪੱਧਰੀ ਸਮੀਖਿਆ ਮੀਟਿੰਗ ਦੌਰਾਨ ਮਰੀਜ਼ਾਂ ਲਈ ਬਿਹਤਰ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

## ➢550 ਤੋਂ ਵੱਧ ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕਰਨ ਦਾ ਐਲਾਨ ➢ ਸੂਬੇ ਭਰ ਵਿੱਚ ਪ੍ਰਾਇਮਰੀ ਦੇਖਭਾਲ ਨੈੱਟਵਰਕ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ➢ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜ਼ਰੂਰੀ ਦਵਾਈਆਂ ਦੀ 100 ਫੀਸਦੀ ਉਪਲਬਧਤਾ ਅਤੇ ਮੁਫਤ ਜਾਂਚ ਸਹੂਲਤਾਂ ਯਕੀਨੀ ਬਣਾਉਣ ਦੇ ਸਖ਼ਤ ਨਿਰਦੇਸ਼

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਿਵਲ ਸਰਜਨਾਂ ਅਤੇ ਡਿਪਟੀ ਮੈਡੀਕਲ ਕਮਿਸ਼ਨਰਾਂ ਨਾਲ ਸੂਬਾ ਪੱਧਰੀ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਜਿੱਥੇ ਸੂਬਾ ਸਰਕਾਰ ਦੇ ਪ੍ਰਮੁੱਖ ਸਿਹਤ ਪ੍ਰੋਗਰਾਮਾਂ ਦੇ ਜ਼ਮੀਨੀ ਪੱਧਰ 'ਤੇ ਲਾਗੂਕਰਨ ਦੀ ਸਮੀਖਿਆ ਕੀਤੀ, ਉੱਥੇ ਪ੍ਰਾਇਮਰੀ ਤੇ ਸੈਕੰਡਰੀ ਸਿਹਤ ਸੰਭਾਲ ਸੇਵਾਵਾਂ ਵਿੱਚ ਸੁਧਾਰਾਂ ਦੇ ਅਗਲੇ ਪੜਾਅ ਦੀ ਰੂਪ-ਰੇਖਾ ਉਲੀਕੀ। ਸਮੀਖਿਆ ਮੀਟਿੰਗ ਦੌਰਾਨ ਮਰੀਜ਼ਾਂ ਨੂੰ ਦੇਖਭਾਲ ਸੇਵਾ ਪ੍ਰਦਾਨ ਕਰਨ, ਡਿਜੀਟਲ ਸੁਧਾਰਾਂ, ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਅਤੇ ਜ਼ਿਲ੍ਹਿਆਂ ਵਿੱਚ ਸਖ਼ਤ ਨਿਗਰਾਨ ਵਿਧੀਆਂ 'ਤੇ ਜ਼ੋਰ ਦਿੱਤਾ ਗਿਆ।

ਸੂਬੇ ਦੀ ਮੁੱਢਲੀ ਸਿਹਤ ਸੰਭਾਲ ਦੀ ਰੀੜ੍ਹ ਦੀ ਹੱਡੀ ਵਜੋਂ ਜਾਣ ਜਾਂਦੇ ਆਮ ਆਦਮੀ ਕਲੀਨਿਕਾਂ 'ਤੇ ਚਾਨਣਾ ਪਾਉਂਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਸੂਬੇ ਭਰ ਵਿੱਚ 881 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ ਇੱਥੇ ਇਲਾਜ ਕਰਵਾਉਣ ਲਈ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਦੌਰਾਨ ਹੀ ਇਹਨਾਂ ਕਲੀਨਿਕਾਂ ਵਿੱਚ ਗਰਭਵਤੀ ਔਰਤਾਂ ਦੀ ਆਮਦ ਵਿੱਚ ਲਗਭਗ 30 ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਕਲੀਨਿਕਾਂ ਵਿੱਚ ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਵਜੋਂ ਸ਼ਨਾਖਤ ਕੀਤੇ ਗਏ ਮਾਮਲੇ ਸੂਬੇ ਪੱਧਰ 'ਤੇ 29 ਫ਼ੀਸਦ ਤੱਕ ਪਹੁੰਚ ਗਏ ਹਨ, ਜਿਸ ਨਾਲ ਸ਼ੁਰੂਆਤੀ ਡਾਕਟਰੀ ਇਲਾਜ ਸੰਭਵ ਹੋ ਰਿਹਾ ਹੈ ਅਤੇ ਮਾਵਾਂ ਤੇ ਨਵਜੰਮੇ ਬੱਚਿਆਂ ਦੀ ਸਿਹਤ ਦੀ ਰੱਖਿਆ ਕੀਤੀ ਜਾ ਰਹੀ ਹੈ।




ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਛੇਤੀ ਹੀ 243 ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਜਾਣਗੇ ਜਦਕਿ 308 ਉਪ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕਾਂ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਵੀਆਂ ਸੇਵਾਵਾਂ ਵਿੱਚ ਨਵਜਾਤ ਅਤੇ ਬਾਲ ਦੇਖਭਾਲ, ਰੁਟੀਨ ਟੀਕਾਕਰਨ ਅਤੇ ਮੂੰਹ ਤੇ ਪ੍ਰੋਸਟੇਟ ਕੈਂਸਰ ਲਈ ਸਕ੍ਰੀਨਿੰਗ ਸ਼ਾਮਲ ਹੋਵੇਗੀ। ਉਨ੍ਹਾਂ ਨੇ ਬਲਾਕ ਪੱਧਰ ਉੱਤੇ ਰੈਫਰ ਕਰਨ ਦੇ ਮਾਮਲਿਆਂ ਨੂੰ ਘਟਾਉਣ ਅਤੇ ਜ਼ਿਆਦਾ ਇਲਾਜ ਪ੍ਰਦਾਨ ਕਰਨ ਦੇ ਉਦੇਸ਼ ਲਈ ਬਲਾਕ ਪੱਧਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਦਵਾਈਆਂ ਦੀ ਉਪਲਬਧਤਾ ਬਾਰੇ ਗੱਲ ਕਰਦਿਆਂ ਸਿਹਤ ਮੰਤਰੀ ਨੇ ਸਟਾਕ ਦੀ ਘਾਟ ਪ੍ਰਤੀ ਜ਼ੀਰੋ ਟੋਲਰੈਂਸ ਬਰਕਰਾਰ ਰੱਖਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ 14 ਜ਼ਿਲ੍ਹਿਆਂ ਨੇ ਆਮ ਆਦਮੀ ਕਲੀਨਿਕਾਂ 'ਤੇ 102 ਜ਼ਰੂਰੀ ਦਵਾਈਆਂ ਵਿੱਚੋਂ ਘੱਟੋ-ਘੱਟ 97 ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸਟਾਕ ਵਿੱਚ ਕਿਸੇ ਵੀ ਤਰ੍ਹਾਂ ਦੀ ਘਾਟ ਹੋਣ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਕੇਂਦਰ ਵਿੱਚ ਆਉਣ ਵਾਲੇ ਹਰੇਕ ਮਰੀਜ਼ ਨੂੰ ਨਿਰਧਾਰਤ ਦਵਾਈਆਂ ਅਤੇ ਜਾਂਚ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਈ-ਔਸ਼ਧੀ ਅਤੇ ਜ਼ਿਲ੍ਹਾ ਪੱਧਰੀ ਡੈਸ਼ਬੋਰਡਾਂ ਰਾਹੀਂ ਨਿਗਰਾਨੀ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਸਮੀਖਿਆ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਸਿਹਤ ਬੀਮਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਉਦੇਸ਼ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਦੇ ਵਿੱਤੀ ਬੋਝ ਨੂੰ ਬਿਲਕੁੱਲ ਘੱਟ ਕਰਨਾ ਹੈ। ਉਨ੍ਹਾਂ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਉਹ ਸੂਚੀਬੱਧ ਹਸਪਤਾਲਾਂ ਵਿੱਚ ਨਿਰਵਿਘਨ ਰਜਿਸਟ੍ਰੇਸ਼ਨ ਅਤੇ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਲਾਜ ਤੋਂ ਵਾਂਝਾ ਨਾ ਰਹੇ। ਉਨ੍ਹਾਂ ਵੱਧ ਤੋਂ ਵੱਧ ਪਹੁੰਚ ਯਕੀਨੀ ਬਣਾਉਣ ਅਤੇ ਵਿੱਤੀ ਬੋਝ ਨੂੰ ਘੱਟ ਕਰਨ ਲਈ ਸੀ.ਐਸ.ਸੀ., ਆਸ਼ਾ ਅਤੇ ਪੀ.ਆਰ.ਆਈ. ਨੁਮਾਇੰਦਿਆਂ ਨਾਲ ਨਜ਼ਦੀਕੀ ਤਾਲਮੇਲ ਬਣਾਉਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਮੈਡੀਕਲ ਕਾਨੂੰਨੀ ਨਿਰੀਖਣ ਅਤੇ ਪੋਸਟ ਮਾਰਟਮ ਰਿਪੋਰਟਿੰਗ ਪ੍ਰਣਾਲੀ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ, ਜਿਸ ਨਾਲ ਕੇਸਾਂ ਵਿੱਚ ਪਾਰਦਰਸ਼ਤਾ ਆਉਣ ਸਣੇ ਪ੍ਰਕਿਰਿਆ ਵਿੱਚ ਵੀ ਤੇਜ਼ੀ ਆਈ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਆਯੁਸ਼ਮਾਨ ਭਾਰਤ ਸਿਹਤ ਬੁਨਿਆਦੀ ਢਾਂਚਾ ਮਿਸ਼ਨ ਤਹਿਤ ਸਾਰੀਆਂ 22 ਜ਼ਿਲ੍ਹਾ ਇੰਟੀਗ੍ਰੇਟਿਡ ਪਬਲਿਕ ਹੈਲਥ ਲੈਬਾਂ ਅਤੇ 22 ਕ੍ਰਿਟੀਕਲ ਕੇਅਰ ਬਲਾਕਾਂ 'ਤੇ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ 7 ਲੈਬਾਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਹ ਲੈਬਾਂ ਇੱਕੋ ਛੱਤ ਹੇਠ ਮੌਲੀਕਿਊਲਰ ਬਾਇਓਲੋਜੀ ਅਤੇ ਵਾਇਰੋਲੋਜੀ ਟੈਸਟਿੰਗ ਸਮੇਤ ਏਕੀਕ੍ਰਿਤ ਡਾਇਗਨੌਸਟਿਕ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਹਸਪਤਾਲਾਂ ਨੂੰ ਸੌਂਪੀਆਂ ਜਾ ਰਹੀਆਂ ਹਨ।

ਇਸ ਦੌਰਾਨ ਸੈਕੰਡਰੀ ਦੇਖਭਾਲ ਸੁਵਿਧਾਵਾਂ ਵਿੱਚ ਜ਼ਰੂਰੀ ਦਵਾਈਆਂ ਦੇ ਸਟਾਕ, ਬਾਇਓਮੈਡੀਕਲ ਉਪਕਰਣਾਂ ਦੀ ਉਪਬੱਧਤਾ, ਸੈਨੀਟੇਸ਼ਨ ਕੰਟਰੈਕਟ, ਲਿਫਟ ਮੇਨਟੇਨੈਂਸ, ਫਾਇਰ ਸੇਫਟੀ ਸਬੰਧੀ ਪਾਲਣਾ ਅਤੇ ਪਾਵਰ ਬੈਕਅਪ ਸਿਸਟਮ ਬਾਰੇ ਵਿਚਾਰ-ਚਰਚਾ ਕੀਤੀ ਗਈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੁਨਿਆਦੀ ਢਾਂਚੇ ਸਬੰਧੀ ਤਿਆਰੀਆਂ ਅਤੇ ਸਫਾਈ ਸਿੱਧੇ ਤੌਰ 'ਤੇ ਲੋਕਾਂ ਦੇ ਭਰੋਸੇ ਵਿੱਚ ਵਾਧਾ ਕਰਦੀਆਂ ਹੈ। ਇਸ ਦੌਰਾਨ ਖਰੀਦ ਮਾਪਦੰਡਾਂ ਦੀ ਪਾਲਣਾ ਅਤੇ ਵਰਤੋਂ ਸਬੰਧੀ ਸਰਟੀਫਿਕੇਟਾਂ ਦੀ ਵੀ ਸਮੀਖਿਆ ਕੀਤੀ ਗਈ।

ਕਾਨਫਰੰਸ ਦੌਰਾਨ ਸਥਾਈ ਵਿਕਾਸ ਟੀਚਿਆਂ ਤਹਿਤ ਜੱਚਾ-ਬੱਚਾ ਮੌਤ ਦਰ ਵਿੱਚ ਕਮੀ, ਨਵਜਾਤਾਂ ਦੇ ਬਚਾਅ, ਟੀਕਾਕਰਨ ਮੁਹਿੰਮ ਅਤੇ ਤਪਦਿਕ ਦਾ ਪਤਾ ਲਗਾਉਣ ਸਬੰਧੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਜੱਚਾ-ਬੱਚਾ ਮੌਤ ਦਰ ਦੇ ਅਨੁਪਾਤ ਵਿੱਚ ਸੁਧਾਰ ਅਤੇ ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਦਾ ਪਤਾ ਲਗਾਉਣ ਬਾਰੇ ਵੀ ਚਰਚਾ ਕੀਤੀ ਗਈ ਅਤੇ ਨਾਲ ਹੀ ਸਟੀਕ ਐਚ.ਐਮ.ਆਈ.ਐਸ. ਰਿਪੋਰਟਿੰਗ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ।

# ਆਂਗਣਵਾੜੀ ਕੇਂਦਰਾਂ ਵਿੱਚ ਮਨਾਇਆ ਮਨਾਇਆ ਮੁੱਢਲੀ ਸਿੱਖਿਆ ਅਤੇ ਦੇਖਭਾਲ ਦਿਵਸ



**ਮਲੇਰਕੋਟਲਾ, 19 ਫਰਵਰੀ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ 545 ਆਂਗਣਵਾੜੀ ਕੇਂਦਰਾਂ ਵਿੱਚ ਮੁੱਢਲੀ ਸਿੱਖਿਆ ਅਤੇ ਦੇਖਭਾਲ (5335) ਦਿਵਸ ਮਨਾਇਆ ਗਿਆ। ਇਸ ਦਿਵਸ ਦਾ ਉਦੇਸ਼ 0-6 ਸਾਲ ਦੇ ਬੱਚਿਆਂ ਦੇ ਸਰਵਾਂਗੀਣ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਮਾਪਿਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ।ਇਸ ਮੌਕੇ ਆਂਗਣਵਾੜੀ ਵਰਕਰਾਂ ਵੱਲੋਂ ਮਾਪਿਆਂ ਨੂੰ ਬੱਚਿਆਂ ਦੀ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਛੋਟੀ ਉਮਰ ਵਿੱਚ ਸਹੀ ਪੋਸ਼ਣ, ਨਿਯਮਿਤ ਸਰੀਰਕ ਗਤੀਵਿਧੀਆਂ ਅਤੇ ਖੇਡ-ਆਧਾਰਿਤ ਸਿੱਖਿਆ ਬੱਚਿਆਂ ਦੇ ਸਿਹਤਮੰਦ ਵਿਕਾਸ ਲਈ ਅਤਿ ਜਰੂਰੀ ਹਨ। ਮਾਪਿਆਂ ਨੂੰ ਦੌੜ, ਰੱਸੀ ਕੂਦ, ਗੇਂਦ ਨਾਲ ਖੇਡਾਂ, ਸੰਤੁਲਨ ਗਤੀਵਿਧੀਆਂ ਅਤੇ ਸਧਾਰਣ ਕਸਰਤਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਹ ਗਤੀਵਿਧੀਆਂ ਬੱਚਿਆਂ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਚੁਸਤੀ, ਲਚਕਤਾ ਅਤੇ ਆਤਮ-ਵਿਸ਼ਵਾਸ ਨੂੰ ਵੀ ਵਧਾਉਂਦੀਆਂ ਹਨ। ਇਸ ਦੌਰਾਨ ਬੱਚਿਆਂ ਲਈ ਖੇਡ-ਖੇਡ ਵਿੱਚ ਸਿੱਖਣ ਸਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਨਾਲ ਬੱਚਿਆਂ ਦੀ ਰੁਚੀ ਅਤੇ ਭਾਗੀਦਾਰੀ ਯਕੀਨੀ ਬਣੀ ਰਹੀ। ਮਾਪਿਆਂ ਨੂੰ ਸੰਤੁਲਿਤ ਖੁਰਾਕ, ਸਫ਼ਾਈ ਅਤੇ ਰੋਜ਼ਾਨਾ ਦੀ ਸਿਹਤਮੰਦ ਦਿਨਚਰੀ ਅਪਣਾਉਣ ਬਾਰੇ ਵੀ ਜਾਗਰੂਕ ਕੀਤਾ ਗਿਆ, ਤਾਂ ਜੋ ਬੱਚਿਆਂ ਦਾ ਸਮੂਹਿਕ ਵਿਕਾਸ ਸੁਨਿਸ਼ਚਿਤ ਕੀਤਾ ਜਾ ਸਕੇ।

ਇਸ ਮੌਕੇ ਸੁਪਰਵਾਈਜ਼ਰ ਅਤੇ ਆਂਗਣਵਾੜੀ ਵਰਕਰਾਂ ਤੋਂ ਇਲਾਵਾ ਸਮੇਤ 0-6 ਸਾਲ ਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਹਾਜਰ ਰਹੇ ।

# 'ਪਟਿਆਲਾ ਵਿਰਾਸਤੀ ਮੇਲਾ-2026'; ਵਾਰਿਸ ਭਰਾਵਾਂ ਦੀ ਦਿਲਕਸ਼ ਰਹੀ ਪੇਸ਼ਕਾਰੀ, ਪੰਜਾਬੀ ਗੀਤਾਂ 'ਤੇ ਖ਼ੂਬ ਨੱਚੇ ਦਰਸ਼ਕ

## ➢ ਮਾਣਕ ਅਲੀ, ਕਮਲ ਹੀਰ ਤੇ ਮਨਮੋਹਨ ਵਾਰਿਸ ਨੇ ਸੱਭਿਆਚਾਰਕ ਤੇ ਲੋਕ ਗਾਇਕੀ ਨਾਲ ਬੰਨ੍ਹਿਆਂ ਰੰਗ ➢ ਲੋਕ ਗਾਇਕੀ ਤੇ ਪੌਪ ਸ਼ੋਅ ਦੀ ਸ਼ਾਮ ਦਾ ਅਨੰਦ ਮਾਨਣ ਪੁੱਜੇ ਵੱਡੀ ਗਿਣਤੀ ਪਟਿਆਲਵੀ







**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪਟਿਆਲਾ ਵਿਰਾਸਤੀ ਮੇਲੇ ਦੇ ਛੇਵੇਂ ਦਿਨ ਦੀ ਲੋਕ ਗਾਇਕੀ ਤੇ ਪੌਪ ਸ਼ੋਅ ਵਾਲੀ ਸ਼ਾਮ ਇੱਥੇ ਪੋਲੋ ਗਰਾਊਂਡ ਵਿਖੇ ਆਪਣੀ ਸੱਭਿਆਚਾਰਕ ਤੇ ਸੂਫ਼ੀ ਗਾਇਕੀ ਨਾਲ ਉੱਘੇ ਗਾਇਕਾਂ ਮਾਣਕ ਅਲੀ, ਵਾਰਿਸ ਭਰਾਵਾਂ, ਕਮਲ ਹੀਰ ਅਤੇ ਮਨਮੋਹਨ ਵਾਰਿਸ ਨੇ ਆਪਣੀ ਗਾਇਕੀ ਨਾਲ ਇਸ ਵਿਰਾਸਤੀ ਉਤਸਵ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਮੌਕੇ ਵਾਰਿਸ ਭਰਾਵਾਂ ਵੱਲੋਂ ਗਾਏ ਗੀਤਾਂ 'ਤੇ ਦਰਸ਼ਕਾਂ ਨੇ ਖ਼ੂਬ ਭੰਗੜਾ ਪਾਇਆ ਤੇ ਤਾੜੀਆਂ ਵਜਾਈਆਂ।

ਮਨਮੋਹਨ ਵਾਰਿਸ ਨੇ, 'ਬੱਚਿਆਂ ਨੂੰ ਦੱਸਿਓ ਪੰਜਾਬ ਕਿਸ ਨੂੰ ਕਹਿੰਦੇ ਨੇ, ਖਾਧੀਆਂ ਖੁਰਾਕਾਂ ਕੰਮ ਆਉਣੀਆਂ, ਆਜਾ ਭਾਬੀ ਝੂਟ ਲੈ, ਨਹੀਂ..ਨਹੀਂ.. ਮੇਰਾ ਮਿੱਤਰ ਪਿਆਰਾ ਹੋਊਗਾ, ਦਿਲ ਉਡਜੂੰ ਉਡਜੂੰ ਕਰਦਾ' ਅਤੇ ਹੋਰ ਪ੍ਰਸਿੱਧ ਗੀਤ ਗਾਏ। ਜਦਕਿ ਕਮਲ ਹੀਰ ਨੇ 'ਕੰਮ ਕਿਸੇ ਦਾ ਰੁਕਦਾ ਨਹੀਂ, ਸਭ ਦਾ ਸਰ ਜਾਂਦਾ, 'ਬਚਪਨ, ਕੈਂਠਾ, ਤ੍ਰਿੰਜਣ, ਨਜ਼ਾਰੇ, ਜਾਰੀ ਜੰਗ ਰੱਖਿਓ, ਮੈਂ ਤਾਂ ਭਾਰ ਵਧਾ ਲਿਆ ਲੰਮਿਆਂ ਰੂਟਾਂ 'ਤੇ, ਸਾਨੂੰ ਚਿੱਟਿਆਂ ਟਰੱਕਾਂ ਚੋਂ, ਡਾਕਰ ਜਮੀਨ ਜਿਹੇ ਯਾਰ, ਗੱਭਰੂ ਨੂੰ ਜਿੰਦਗੀ, ਕਿਨੂੰ ਯਾਦ ਕਰ ਕਰ ਹੱਸਦੀ' ਆਦਿ ਸਮੇਤ ਹੋਰ ਕਈ ਮਸ਼ਹੂਰ ਗੀਤ ਵੀ ਦੋਵਾਂ ਭਰਾਵਾਂ ਨੇ ਰਲਕੇ ਅੰਮਾ ਜਾਏ.. ਤੁਰ ਤੋਂ ਮਿਲੇ ਸਹਾਰੇ, ਪਿਸਟਲ ਤਾਂ ਮਿਲਣ ਬਜਾਰੋਂ, ਸਿਰ ਦੇ ਤਾਜ ਵੀ ਗਾਏ।

ਇਸ ਮੌਕੇ ਮੇਅਰ ਕੁੰਦਨ ਗੋਗੀਆ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਚੇਅਰਮੈਨ ਨਾਭਾ ਜੱਸੀ ਸੋਹੀਆਂ ਵਾਲਾ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਏ ਡੀ ਸੀ ਸਿਮਰਪ੍ਰੀਤ ਕੌਰ, ਨੋਡਲ ਅਫ਼ਸਰ ਐਸ.ਡੀ.ਐਮ ਹਰਜੋਤ ਕੌਰ ਮਾਵੀ ਨੇ ਲੋਕ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦਾ ਆਨੰਦ ਮਾਣਿਆ ਅਤੇ ਕਮਲ ਹੀਰ, ਗਾਇਕ ਮਨਮੋਹਨ ਵਾਰਿਸ ਤੇ ਮਾਣਕ ਅਲੀ ਦਾ ਸਨਮਾਨ ਕੀਤਾ।

ਇਸ ਸਮੇਂ ਮੇਅਰ ਗੋਗੀਆ, ਚੇਅਰਮੈਨ ਮਹਿਤਾ ਤੇ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਰਵਾਇਆ ਗਿਆ ਪਟਿਆਲਾ ਹੈਰੀਟੇਜ ਮੇਲਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਵੱਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਅਹਿਮ ਸਾਬਤ ਹੋਇਆ ਹੈ।

ਉਨ੍ਹਾਂ ਨੇ ਕਿਹਾ ਕਿ ਅਜਿਹੀ ਸਾਫ਼ ਸੁਥਰੀ ਗਾਇਕੀ ਸਾਨੂੰ ਸਾਡੀ ਵਿਰਾਸਤ ਨਾਲ ਜੋੜਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਸੰਗੀਤ ਰਾਹੀਂ ਆਪਣੇ ਜੀਵਨ ਨੂੰ ਉੱਚਾ ਤੇ ਸੱਚਾ ਰੱਖਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਵਿਰਾਸਤੀ ਮੇਲੇ ਕਰਵਾਉਣ ਲਈ ਵਧਾਈ ਵੀ ਦਿੱਤੀ।

ਪੰਜਾਬ ਸਰਕਾਰ ਦੇ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਰੋਜ਼ਾ ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਛੇਵੇਂ ਦਿਨ ਦੀ ਪੌਪ ਗਾਇਕੀ ਦੀ ਇਸ ਸ਼ਾਮ ਵੇਲੇ ਖਚਾਖਚ ਭਰੇ ਪੋਲੋ ਗਰਾਊਂਡ ਵਿਚ ਇੱਕ ਵੱਖਰਾ ਹੀ ਮਾਹੌਲ ਸਿਰਜਦਿਆਂ ਵਾਰਿਸ ਭਰਾਵਾਂ ਨੇ ਸੱਭਿਆਚਾਰਕ ਤੇ ਸੂਫ਼ੀ ਗੀਤ ਤੇ ਦਰਸ਼ਕਾਂ ਦੀ ਮੰਗ ਮੁਤਾਬਕ ਆਪਣੇ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਦੇ ਹੋਏ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਮਨਮੋਹਨ ਵਾਰਿਸ ਤੇ ਕਮਲ ਹੀਰ ਨੇ ਇਸ ਵਿਰਾਸਤੀ ਉਤਸਵ ਨੂੰ ਕਰਵਾਉਣ 'ਤੇ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ। ਵਾਰਿਸ ਭਰਾਵਾਂ ਨੇ ਸੁਨੇਹਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਇਹ ਵਿਰਾਸਤੀ ਮੇਲਾ ਇੱਕ ਬਹੁਤ ਚੰਗਾ ਉਪਰਾਲਾ ਹੈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਚੰਗਾ ਸੁਨਣ ਅਤੇ ਚੰਗਾ ਦੇਖਣ ਤਾਂ ਕਿ ਗਾਇਕ ਤੇ ਫ਼ਿਲਮੀ ਸਿਤਾਰੇ ਵਧੀਆ ਪੇਸ਼ਕਾਰੀਆਂ ਦੇਣ ਤੇ ਨੌਜਵਾਨ ਪੀੜ੍ਹੀ ਨੂੰ ਕੁਝ ਚੰਗਾ ਸਿੱਖਣ ਨੂੰ ਮਿਲੇ। ਮੰਚ ਸੰਚਾਲਨ ਸੁਮਨ ਬੱਤਰਾ ਅਤੇ ਐਨ.ਜੈਡ.ਸੀ.ਸੀ. ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਬਾਖ਼ੂਬੀ ਕੀਤਾ।

ਸਮਾਰੋਹ ਦੌਰਾਨ ਸਭ ਤੋਂ ਪਹਿਲਾਂ ਮਾਣਕ ਅਲੀ 'ਬਿਸਮਿਲਾ, ਰੱਬਾ ਸੋਹਣਿਆਂ ਨੂੰ ਕੈਦ ਕਰਾ ਦੇ ਤੇਰਾ ਕਿਹੜਾ ਮੁੱਲ ਲੱਗਦਾ, ਦਸਤਾਰ, ਟੱਪੇ, ਮੁੱਲਾ ਯਾਰ ਮਨਾਵਣ ਦੇ ਤੇਰੀ ਲੱਗੀ ਤੂੰ ਨਿਭਾਅ ਸਾਨੂੰ ਅਪਣੀ ਨਿਭਾਵਣ ਦੇ, ਸ਼ਾਹ ਹੁਸੈਨ ਦੀ ਕਾਫ਼ੀ 'ਮਨ ਅਟਕਿਆ ਬੇਪਰਵਾਹ ਦੇ ਨਾਮ ਤੇ' ਆਦਿ ਸੂਫ਼ੀ ਲੋਕ ਗੀਤ ਗਾਏ। ਇਸ ਤੋਂ ਬਾਅਦ ਕਮਲ ਹੀਰ ਨੇ ਬਚਪਨ ਨਾਲ ਸ਼ੁਰੂਆਤ ਕਰਦਿਆਂ ਆਪਣੇ ਹਿੱਟ ਗੀਤਾਂ ਦੀ ਬੌਛਾਰ ਲਾਈ ਅਤੇ ਬਾਅਦ ਵਿੱਚ ਮਨਮੋਹਨ ਵਾਰਿਸ ਨੇ ਆਪਣੇ ਗੀਤਾਂ ਦੀ ਛਹਿਬਰ ਲਗਾਈ ਤੇ ਦੋਵਾਂ ਨੇ ਆਪਣੇ ਕੁਝ ਹਿੱਟ ਗੀਤ ਰਲਕੇ ਵੀ ਗਾਏ।

ਇਸ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਐਸ.ਐਸ.ਪੀ. ਵਰੁਣ ਸ਼ਰਮਾ, ਐਸ.ਪੀ ਪਲਵਿੰਦਰ ਸਿੰਘ ਚੀਮਾ, ਏ.ਡੀ.ਸੀ ਸਿਮਰਪ੍ਰੀਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ ਡੀ ਐਮ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ, ਪੀਆਰਟੀਸੀ ਏਐਮਡੀ ਨਵਦੀਪ ਕੁਮਾਰ ਸਮੇਤ ਪਟਿਆਲਾ ਵਾਸੀ ਅਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਦੇਰ ਰਾਤ ਤੱਕ ਪੌਪ ਗਾਇਕੀ ਦਾ ਅਨੰਦ ਮਾਣਿਆ।

# ਸਲਮਾਨ ਦੇ ਪਿਤਾ ਸਲੀਮ ਖਾਨ ਹਸਪਤਾਲ ਵਿੱਚ ਦਾਖਲ



**ਮੁੰਬਈ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦੀ ਸਿਨੇਮਾ ਦੇ ਦਿੱਗਜ ਲੇਖਕ ਸਲੀਮ ਖਾਨ ਨੂੰ ਮੰਗਲਵਾਰ ਸਵੇਰੇ ਮੁੰਬਈ ਦੇ ਲੀਲਾਵਤੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਹਸਪਤਾਲ ਦੇ ਆਈ.ਸੀ.ਯੂ. (93") ਵਿੱਚ ਰੱਖਿਆ ਗਿਆ ਹੈ, ਜਿੱਥੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ।

90 ਸਾਲਾ ਸਲੀਮ ਖਾਨ, ਜਿਨ੍ਹਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਆਪਣਾ ਜਨਮਦਿਨ ਮਨਾਇਆ ਸੀ, ਬੌਲੀਵੁੱਡ ਦੇ ਸਭ ਤੋਂ ਸਤਿਕਾਰਤ ਲੇਖਕਾਂ ਵਿੱਚੋਂ ਇੱਕ ਹਨ। ਆਪਣੇ ਪਿਤਾ ਦੀ ਸਿਹਤ ਦਾ ਹਾਲ ਜਾਣਨ ਲਈ ਸੁਪਰਸਟਾਰ ਸਲਮਾਨ ਖਾਨ ਨੂੰ ਵੀ ਹਸਪਤਾਲ ਦੇ ਬਾਹਰ ਦੇਖਿਆ ਗਿਆ।

ਸਲੀਮ ਖਾਨ ਨੇ 70 ਦੇ ਦਹਾਕੇ ਵਿੱਚ ਜਾਵੇਦ ਅਖਤਰ ਨਾਲ ਮਿਲ ਕੇ 'ਸ਼ੋਲੇ', 'ਦੀਵਾਰ' ਅਤੇ 'ਜ਼ੰਜੀਰ' ਵਰਗੀਆਂ ਕਈ ਸੁਪਰਹਿੱਟ ਫਿਲਮਾਂ ਲਿਖ ਕੇ ਭਾਰਤੀ ਸਿਨੇਮਾ ਨੂੰ ਨਵੀਂ ਦਿਸ਼ਾ ਦਿੱਤੀ ਸੀ। ਇਸ ਖ਼ਬਰ ਦੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਪ੍ਰਸ਼ੰਸਕ ਅਤੇ ਫਿਲਮੀ ਜਗਤ ਦੀਆਂ ਹਸਤੀਆਂ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਦੁਆ ਮੰਗ ਰਹੀਆਂ ਹਨ। ਫਿਲਹਾਲ ਹਸਪਤਾਲ ਪ੍ਰਸ਼ਾਸਨ ਜਾਂ ਪਰਿਵਾਰ ਵੱਲੋਂ ਉਨ੍ਹਾਂ ਦੀ ਸਿਹਤ ਬਾਰੇ ਕੋਈ ਅਧਿਕਾਰਤ ਬੁਲੇਟਿਨ ਜਾਰੀ ਨਹੀਂ ਕੀਤਾ ਗਿਆ ਹੈ।

# ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਜਨ ਸੰਪਰਕ ਮੁਹਿੰਮ' ਨੇ ਆਪ ਅਤੇ ਕਾਂਗਰਸ ਨੂੰ ਛੇੜੀ ਕੰਬਣੀ: ਚੱਠਾ

ਪਟਿਆਲਾ, 19 ਫਰਵਰੀ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਸੂਪੜਾ ਸਾਫ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 'ਪੰਜਾਬ ਬਚਾਓ ਜਨ ਸੰਪਰਕ ਮੁਹਿੰਮ' ਦਾ ਆਗਾਜ਼ ਕੀਤਾ ਗਿਆ ਹੈ। ਜਿਸ ਦੇ ਪਹਿਲੇ ਦਿਨ ਹੀ ਗੁਰਦਾਸਪੁਰ ਜਿਲ੍ਹੇ ਦੀ ਕਾਦੀਆਂ ਵਿਖੇ ਹੋਏ ਰੈਲੀ ਨੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੂਬੇ ਅੰਦਰੋਂ ਲੋਕ 2027 ਵਿਚ ਆਪ ਅਤੇ ਕਾਂਗਰਸ ਦਾ ਬੋਰ੍ਹੀ ਬਿਸਤਰਾ ਗੋਲ ਕਰਨ ਵਾਲੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਆਗੂ ਜਸਪਾਲ ਸਿੰਘ ਬਿੱਟੂ ਚੱਠਾ, ਜਿਲ੍ਹਾ ਸ਼ਹਿਰੀ ਪ੍ਰਧਾਨ ਅਮਿਤ ਸਿੰਘ ਰਾਠੀ, ਜਿਲ੍ਹਾ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਕੀਤੇ ਕਾਰਜਾਂ ਨੂੰ ਲੋਕ ਮੁੜ ਤੋਂ ਯਾਦ ਕਰਨ ਲੱਗ ਪਏ ਹਨ ਤਾਂ ਹੀ ਹੁਣ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਲਈ ਬੇਹੱਦ ਉਤਾਵਲੇ ਹਨ। ਕਿਉਂਕਿ ਪੰਜਾਬ ਦੇ ਹੱਕਾਂ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੀ ਇਕਲੌਤੀ ਸ਼੍ਰੋਮਣੀ ਅਕਾਲੀ ਦਲ ਹੀ ਖੇਤਰੀ ਪਾਰਟੀ ਹੈ, ਜੋ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦਾ ਦਰਦ ਸਮਝਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਹੋਣ ਵਾਲੀਆਂ 40 ਰੈਲੀਆਂ ਵਿਚੋਂ ਅੱਜ ਦੀ ਰੈਲੀ ਪਹਿਲੀ ਸੀ, ਜੋ ਹੱਦ ਤੋਂ ਵੱਧ ਸਫਲ ਰਹੀ ਹੈ ਅਤੇ ਆਉਣ ਵਾਲੀਆਂ ਰੈਲੀਆਂ ਨੂੰ ਆਮ ਲੋਕ, ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਤੇ ਮੁਲਾਜ਼ਮ ਜਥੇਬੰਦੀਆਂ ਦੇ ਕਾਰਕੁੰਨ ਵੱਡੀ ਗਿਣਤੀ ਵਿਚ ਭਾਗ ਲੈ ਕੇ ਸਫਲ ਬਣਾਉਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਵਰਕਰ ਅਤੇ ਆਗੂ ਵੀ ਆਪੋ ਆਪਣੇ ਇਲਾਕਿਆਂ ਵਿਚ ਹੁਣ ਤੋਂ ਹੀ ਲੋਕਾਂ ਨਾਲ ਵੱਡੀ ਗਿਣਤੀ ਵਿਚ ਸੰਪਰਕ ਸਾਧ ਰਹੇ ਹਨ ਤਾਂ ਜੋ ਭਵਿੱਖ ਵਿਚ ਪਾਰਟੀ ਨੂੰ ਬੂਥ ਪੱਧਰ 'ਤੇ ਮਜ਼ਬੂਤ ਕਰਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਲਈ ਉਤਰਨ ਵਾਲੇ ਉਮੀਦਵਾਰਾਂ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਇਆ ਜਾ ਕੇ। ਇਸ ਮੌਕੇ ਜਥੇਦਾਰ ਪਰਮਜੀਤ ਸਿੰਘ ਪੰਮਾ, ਰਜਿੰਦਰ ਸਿੰਘ ਵਿਰਕ, ਹਰਿੰਦਰ ਸਿੰਘ ਫੱਗਣਮਾਜਰਾ, ਬੇਅੰਤ ਸਿੰਘ ਖੁਰਦ, ਸਤਨਾਮ ਸਿੰਘ ਬਖਸ਼ੀਵਾਲ, ਮਨਜੀਤ ਸਿੰਘ ਸਾਹੀ, ਨਵਦੀਪ ਚੰਦੀ, ਰਵਿੰਦਰ ਸਿੰਘ ਰਾਜੂ, ਹਰਜੀਤ ਸਿੰਘ, ਸਰੂਪ ਸਿੰਘ, ਲਖਵੀਰ ਸਿੰਘ ਭੱਟੀ, ਬੁੱਧ ਸਿੰਘ ਰੋਹਟੀ ਖਾਸ, ਜਗਰੂਪ ਸਿੰਘ ਸੰਗਤਪੁਰੀਆ, ਕਰਮਜੀਤ ਸਿੰਘ ਘਮਰੌਦਾ, ਸਵਰਨ ਸਿੰਘ ਰੋਹਟਾ, ਧਰਮਿੰਦਰ ਸਿੰਘ ਲੁਬਾਣਾ, ਅਮਰੀਕ ਸੈਕਟਰੀ, ਪਵਨ ਘਈ, ਬਾਬੂ ਸਿੰਘ, ਅਮਰਜੀਤ ਸਿੰਘ ਸਾਹਨੀ ਆਦਿ ਆਗੂਆਂ ਨੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਹੁਣ ਮੁੜ ਅਕਾਲੀ ਦਲ ਪੂਰੀ ਮਜ਼ਬੂਤੀ ਨਾਲ ਅੱਗੇ ਵਧ ਰਿਹਾ ਹੈ। ਜਿਸ ਵਿਚ ਲੋਕਾਂ ਦਾ ਸਾਥ ਵੀ ਬੇਹੱਦ ਜਰੂਰੀ ਹੈ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਟਿਆਲਾ ਦਿਹਾਤੀ ਦੇ ਸੀਨੀਅਰ ਆਗੂ ਜਸਪਾਲ ਸਿੰਘ ਬਿੱਟੂ ਚੱਠਾ, ਅਮਿਤ ਸਿੰਘ ਰਾਠੀ, ਜਗਮੀਤ ਸਿੰਘ ਹਰਿਆਊ ਤੇ ਹੋਰ।

# ਬੀਜੇਪੀ ਦਾ ਪਿੰਡ ਪੱਧਰ 'ਤੇ ਵਿਸਥਾਰ ਕਰਨ ਲਈ ਖੱਟੜਾ ਨੇ ਵੰਡੇ ਨਿਯੁਕਤੀ ਪੱਤਰ



ਪਟਿਆਲਾ, 19 ਫਰਵਰੀ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਇਕੱਲੇ ਤੌਰ 'ਤੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ, ਜਿਸ ਦੀ ਤਿਆਰੀ ਹੁਣ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਤਹਿਤ ਪਿੰਡ ਪੱਧਰ 'ਤੇ ਪਾਰਟੀ ਦਾ ਵਿਸਥਾਰ ਕਰਦਿਆਂ ਸਰਕਲ ਆਲੋਵਾਲ 'ਚ ਨਵੀਂ ਟੀਮ ਦੀ ਨਿਯੁਕਤੀ ਕੀਤੀ ਗਈ ਹੈ। ਜਿਸ ਵਿਚ ਰਜਿੰਦਰ ਸਿੰਧੀ ਪ੍ਰਧਾਨ ਤ੍ਰਿਪੜੀ ਸਰਕਲ, ਅਨਿਲ ਕੁਮਾਰ, ਸੁਰਜੀਤ ਸਿੰਘ ਵਿੱਕੀ ਪੇਧਨ, ਮਨਪ੍ਰੀਤ ਸਿੰਘ ਸਿੱਧੂਵਾਲ ਜਨਰਲ ਸੈਕਟਰੀ, ਵਾਈਸ ਪ੍ਰਧਾਨ ਬਲਦੇਵ ਬਾਤਿਸ਼, ਮੱਖਣ ਸਿੰਘ ਫੌਜੀ ਲੁਬਾਣਾ, ਚਮਕੌਰ ਸਿੰਘ ਇੱਛੇਵਾਲ, ਨਰਿੰਦਰ ਸਿੰਘ ਮੰਡੌੜ, ਤਰਸੇਮ ਸਿੰਘ, ਕੁਲਵੰਤ ਸਿੰਘ ਲਲੋਢਾ, ਗੁਰਦਾਸ ਸਿਉਣਾ, ਗੁਰਜਿੰਦਰ ਸਿੰਘ ਕਸਿਆਣਾ, ਇਤਵੀਰ ਪ੍ਰਧਾਨ ਯੁਵਾ ਮੋਰਚਾ, ਕਾਲਾ ਮੰਡੌੜ, ਭੋਲਾ ਸਿੱਧੂਵਾਲ, ਹਰਦੀਪ ਸਿੰਘ ਬਖਸ਼ੀਵਾਲ, ਅਜਾਇਬ ਸਿੰਘ ਪੇਧਨ, ਗੁਰਵੀਰ ਸਿੰਘ ਆਲੋਵਾਲ, ਲਖਵਿੰਦਰ ਸਿੰਘ ਪੇਧਨ, ਬਲਕਾਰ ਸਿੰਘ, ਮਹਿਲਾ ਮੋਰਚਾ ਪ੍ਰਧਾਨ ਸੀਤਾ ਦੇਵੀ, ਮਨਪ੍ਰੀਤ ਕੌਰ, ਅਨੀਤਾ ਸੰਧੂ, ਰਾਣੀ, ਕਿਰਨ ਆਦਿ ਸ਼ਾਮਲ ਹਨ। ਜਿਨ੍ਹਾਂ ਨੂੰ ਭਾਜਪਾ ਦੇ ਜਿਲ੍ਹਾ ਪ੍ਰਧਾਨ ਵਿਜੇ ਕੂਕਾ ਅਤੇ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ, ਗੁਰਭਜਨ ਸਿੰਘ ਲਚਕਾਣੀ, ਆਈ. ਟੀ. ਵਿੰਗ ਦੇ ਕਨਵੀਨਰ ਹਰਪ੍ਰੀਤ ਸਿੰਘ ਭਾਮਰਾ, ਤਰਸੇਮ ਸਿੰਘ ਕੋਟਲੀ ਆਦਿ ਨੇ ਇਸ ਸਮੁੱਚੀ ਟੀਮ ਨੂੰ ਨਿਯੁਕਤੀ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਐਡਵੋਕੇਟ ਸਤਬੀਰ ਸਿੰਘ ਖੱਟੜਾ ਤੇ ਵਿਜੇ ਕੂਕਾ ਨੇ ਪਾਰਟੀ ਦੀ ਨਵੀਂ ਚੁਣੀ ਟੀਮ ਨੂੰ ਵਧਾਈ ਦੇਣ ਉਪਰੰਤ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਕਮਾਂਡ ਸੰਭਾਉਣ ਲਈ ਤਿਆਰ ਬਰ ਤਿਆਰ ਬੈਠੇ ਹਨ, ਕਿਉਂਕਿ ਸੂਬੇ ਅੰਦਰ ਵੱਖ-ਵੱਖ ਸਮਿਆਂ ਅੰਦਰ ਰਾਜ ਕਰਨ ਵਾਲੀਆਂ ਪਾਰਟੀਆਂ ਤੋਂ ਲੋਕ ਅੱਕ ਚੁੱਕੇ ਹਨ, ਜਿਸ ਕਰਕੇ ਲੋਕ ਹੁਣ ਕੇਂਦਰ ਦੀ ਸਰਕਾਰ ਵਾਲੀ ਭਾਈਵਾਲ ਪਾਰਟੀ ਦੀ ਸੂਬੇ ਅੰਦਰ ਵੀ ਸਰਕਾਰ ਦੇਖਣ ਲਈ ਉਤਾਵਲੇ ਹਨ ਤਾਂ ਜੋ ਪੰਜਾਬ ਅੰਦਰ ਵੀ ਡਬਲ ਇੰਜਣ ਦੀ ਸਰਕਾਰ ਪੰਜਾਬ ਦਾ ਵਿਕਾਸ ਕਰਵਾ ਸਕੇ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਬੇਰੋਜ਼ਗਾਰੀ ਦਾ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇਸ਼ ਨੂੰ ਹੋਰ ਤਰੱਕੀ ਵੱਲ ਤੋਰਨ ਵਿਚ ਲੱਗੀ ਹੋਈ ਹੈ। ਖੱਟੜਾ ਨੇ ਕਿਹਾ ਕਿ ਕੇਂਦਰ ਭਾਜਪਾ ਟੀਮ ਵੀ ਚਾਹੁੰਦੀ ਹੈ ਕਿ ਪੰਜਾਬ ਅੰਦਰ ਭਾਜਪਾ ਨੂੰ ਸੇਵਾ ਕਰਨ ਦਾ ਮੌਕਾ ਮਿਲੇ ਤਾਂ ਜੋ ਸੂਬੇ ਅੰਦਰੋਂ ਭ੍ਰਿਸ਼ਟਾਚਾਰ ਦਾ ਖਾਤਮਾ ਕੀਤਾ ਜਾ ਸਕੇ ਅਤੇ ਸੂਬੇ ਅੰਦਰ ਮੁੜ ਤੋਂ ਪਿਛਲੇ ਸਮਿਆਂ ਵਾਂਗ ਖੁਸ਼ਹਾਲੀ ਲਿਆਂਦੀ ਜਾ ਸਕੇ।

# ਗੁਰਸ਼ਰਨ ਸਿੰਘ ਛੀਨਾ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ 'ਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ

ਚੰਡੀਗੜ੍ਹ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰਸ਼ਰਨ ਸਿੰਘ ਛੀਨਾ ਨੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਕਾਰਜਭਾਰ ਸੰਭਾਲਿਆ। ਇਸ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੂਬੇ ਦੇ ਜਨਤਕ ਸਿਹਤ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕੰਮ ਕਰਨਗੇ।

ਸ੍ਰੀ ਛੀਨਾ, ਜੋ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੇ ਜੁਆਇੰਟ ਸਕੱਤਰ ਰਹੇ ਹਨ, ਰਾਜਾਸਾਂਸੀ ਹਲਕੇ ਵਿੱਚ ਇੱਕ ਪ੍ਰਮੁੱਖ ਜਨਤਕ ਚਿਹਰਾ ਮੰਨੇ ਜਾਂਦੇ ਹਨ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣੀ ਸਰਗਰਮ ਭੂਮਿਕਾ ਲਈ ਜਾਣੇ ਜਾਂਦੇ ਹਨ।

ਡਾ. ਬਲਬੀਰ ਸਿੰਘ ਨੇ ਸ੍ਰੀ ਛੀਨਾ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਨਗੇ। ਉਨ੍ਹਾਂ ਨਵੇਂ ਚੇਅਰਮੈਨ ਨੂੰ ਅਪੀਲ ਕੀਤੀ ਕਿ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਦਿਖਾਈ ਗਈ ਊਰਜਾ ਅਤੇ ਵਚਨਬੱਧਤਾ ਨੂੰ ਪ੍ਰਸ਼ਾਸਨਿਕ ਕੰਮਾਂ ਵਿੱਚ ਵੀ ਜਾਰੀ ਰੱਖਣ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਸਮੇਂ ਸਿਰ ਪਹੁੰਚੇ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਲੰਬੇ ਤੱਕ ਕਾਰਗਰ ਰਹਿਣ ਵਾਲੀ ਯੋਜਨਾ ਹੈ ਅਤੇ ਪੰਜਾਬ ਸਰਕਾਰ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਦਕਿ ਵਿਰੋਧੀ ਪਾਰਟੀਆਂ ਚੋਣਾਂ ਦੇ ਹਿਸਾਬ-ਕਿਤਾਬ ਵਿੱਚ ਰੁੱਝੀਆਂ ਹੋਈਆਂ ਹਨ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਪ੍ਰਗਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਮਰੀਜ਼ਾਂ ਨੂੰ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਦਾਖਲੇ ਤੋਂ ਲੈ ਕੇ ਛੁੱਟੀ ਤੱਕ ਨਗਦੀ ਰਹਿਤ ਇਲਾਜ ਦੀ ਸੁਵਿਧਾ ਮਿਲਦੀ ਹੈ। ਰਾਜ ਵਿੱਚ 23 ਹਸਪਤਾਲਾਂ ਵਿੱਚ ਗੰਭੀਰ ਦੇਖਭਾਲ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ, ਜਿਸ ਨਾਲ ਜੀਵਨ ਰੱਖਿਆ ਸੇਵਾਵਾਂ ਦੀ ਪਹੁੰਚ ਵਿੱਚ ਵੱਡਾ ਵਾਧਾ ਹੋਇਆ ਹੈ।

ਇਸ ਮੌਕੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸਨੀ ਸਿੰਘ ਅਹਲੂਵਾਲੀਆ, ਐਮ ਡੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਅਮਿਤ ਤਲਵਾਰ, ਉਪ ਚੇਅਰਮੈਨ ਪੀ ਐਚ ਐਸ ਸੀ ਮਨਿੰਦਰਜੀਤ ਸਿੰਘ ਵਿਕੀ ਘਨੌਰ, ਸੋਨੀਆ ਮਾਨ ਅਤੇ ਹੋਰ ਅਧਿਕਾਰੀ ਤੇ ਆਗੂ ਵੀ ਮੌਜੂਦ ਸਨ।

## ਡੀ.ਏ.ਵੀ. ਸਕੂਲ ਵੱਲੋਂ ਤੀਜੀ ਤੋਂ ਪੰਜਵੀਂ ਜਮਾਤਾਂ ਲਈ ਤਿੰਨ ਦਿਵਸੀ ਕਲਾਸ ਕਾਂਸਰਟ ਦਾ ਆਯੋਜਨ

ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਏ.ਵੀ. ਪਬਲਿਕ ਸਕੂਲ ਵੱਲੋਂ ਤੀਜੀ ਤੋਂ ਪੰਜਵੀਂ ਜਮਾਤਾਂ ਲਈ ਤਿੰਨ ਦਿਵਸੀ ਕਲਾਸ ਕਾਂਸਰਟ ਦਾ ਆਯੋਜਨ ਕੀਤਾ ਗਿਆ। ਸਮਾਰੋਹਾਂ ਦੇ ਵਿਸ਼ੇ ਸਨ — ਪ੍ਰਵਾਹ - ਸਿੱਖਣ, ਹਾਸੇ ਅਤੇ ਪ੍ਰਤਿਭਾ ਦੀ ਵਗਦੀ ਯਾਤਰਾ, ਡਿਜ਼ਿਟਲ ਵੇਵਜ਼ - ਕਿੰਨਾ ਹੈ ਬਹੁਤ ਜ਼ਿਆਦਾ? ਅਤੇ ਤਰੰਗ - ਖੁਸ਼ੀਆਂ ਦੀਆਂ ਲਹਿਰਾਂ। ਇਸ ਭਵਿਆ ਆਯੋਜਨ ਨੇ ਸਕੂਲ ਦੀ ਅਕਾਦਮਿਕ ਉਤਕ੍ਰਿਸ਼ਟਤਾ, ਸੱਭਿਆਚਾਰਕ ਧਨਵੰਤਾ ਅਤੇ ਮੁੱਲ-ਆਧਾਰਿਤ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਰੋਸ਼ਨ ਕੀਤਾ।

ਕਾਰਜਕ੍ਰਮ ਦੀ ਸ਼ੁਰੂਆਤ ਦੀਪ ਪ੍ਰਜਵਲਨ, ਡੀ.ਏ.ਵੀ. ਗੀਤ ਅਤੇ ਫੁੱਲਾਂ ਨਾਲ ਸਵਾਗਤ ਨਾਲ ਹੋਈ। ਸਮਾਰੋਹਾਂ ਨੂੰ ਸ਼ੋਭਾ ਬਖ਼ਸ਼ਣ ਲਈ ਮੁੱਖ ਮਹਿਮਾਨ ਵਜੋਂ ਸ਼੍ਰੀ ਵਿਕਾਸ ਸਭਰਵਾਲ (197 ਪੁਲਿਸ ਕਰਾਈਮ ਬ੍ਰਾਂਚ) ਅਤੇ ਸ਼੍ਰੀ ਸੁਰਿੰਦਰਪਾਲ ਖੰਨਾ (ਸਾਬਕਾ 197 ਪ੍ਰਿਜ਼ਨਜ਼) ਹਾਜ਼ਰ ਰਹੇ। ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ ਮੇਹਰ ਸਿੰਘ (ਸਬ ਇੰਸਪੈਕਟਰ), ਅਤਿਥਿ-ਵਿਸ਼ੇਸ਼ ਸ਼੍ਰੀਮਤੀ ਅਨੁ ਤਿਵਾਰੀ, ਸ਼੍ਰੀਮਤੀ ਕੁਮੁਦ ਸਭਰਵਾਲ ਅਤੇ ਸ਼੍ਰੀ ਨੀਰਜ ਗੋਇਲ (ਪ੍ਰਿੰਸੀਪਲ, ਮੋਦੀ ਕਾਲਜ, ਪਟਿਆਲਾ) ਨੇ ਆਪਣੀ ਹਾਜ਼ਰੀ ਲਗਵਾਈ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਵਿਵੇਕ ਤਿਵਾਰੀ ਨੇ ਆਪਣੇ ਪ੍ਰੇਰਕ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸੰਤੁਲਿਤ ਜੀਵਨ, ਉਤਕ੍ਰਿਸ਼ਟਤਾ ਅਤੇ ਸਚੇਤ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਕਲਾਸ 999 ਵੱਲੋਂ ਪੇਸ਼ ਕੀਤਾ ਗਿਆ ਪ੍ਰਵਾਹ ਪ੍ਰੋਗਰਾਮ ਭਗਤੀ, ਵਿਭਿੰਨਤਾ ਅਤੇ ਖੁਸ਼ੀ ਦਾ ਸੁੰਦਰ ਮਿਲਾਪ ਸੀ, ਜਿਸ ਵਿੱਚ ਲਗਭਗ 250 ਵਿਦਿਆਰਥੀਆਂ ਨੇ ਭਾਗ ਲਿਆ। ਸ਼ਿਵਾਹਨ - ਸ਼ਿਵ ਸਤੁਤੀ, ਕਲਚਰਲ ਕੈਲਾਈਡੋਸਕੋਪ, ਧੀਆਂ ਦੀ ਲੋਹੜੀ, ਦ ਹੋਲੀ ਸਪਲੈਸ਼, ਅਤੇ ਇਲਾਹੀ ਇਸ਼ਕ ਕਵਾਲੀ ਵਰਗੀਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ। ਗਣੇਸ਼ ਚਤੁਰਥੀ ਅਤੇ ਕਰਿਸਮਸ 'ਤੇ ਆਧਾਰਿਤ ਪ੍ਰਸਤੁਤੀਆਂ ਨੇ ਇਕਤਾ ਵਿੱਚ ਵਿਭਿੰਨਤਾ ਦਾ ਸੰਦੇਸ਼ ਦਿੱਤਾ। ਅੱਖੋਂ ਦੇਖੀ ਅਤੇ ਲਾਈਟਸ ਆਫ ਚੇਂਜ ਵਰਗੇ ਨੁੱਕੜ ਨਾਟਕਾਂ ਨੇ ਸਮਾਜਿਕ ਜਾਗਰੂਕਤਾ ਫੈਲਾਈ, ਜਦਕਿ ਅਹਸਾਸ ਕਾ ਅਰਮਾਨ ਯੋਗ ਪ੍ਰਸਤੁਤੀ ਨੇ ਸਿਹਤ ਅਤੇ ਸੁਖ-ਸਮ੍ਰਿੱਧੀ 'ਤੇ ਜ਼ੋਰ ਦਿੱਤਾ

## ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਹਰ ਹਫ਼ਤੇ ਲਗਾਇਆ ਜਾਂਦੈ ਪਲੇਸਮੈਂਟ ਕੈਂਪ : ਡਿਪਟੀ ਡਾਇਰੈਕਟਰ

ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਬਿਊਰੋ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਵਿੱਚ ਮਦਦ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਬਿਊਰੋ ਵੱਲੋਂ ਹਫ਼ਤੇ ਦੇ ਹਰੇਕ ਬੁੱਧਵਾਰ ਪਲੇਸਮੈਂਟ ਕੈਂਪ ਲਗਾਇਆ ਜਾਂਦਾ ਹੈ ਅਤੇ ਇਨ੍ਹਾਂ ਕੈਂਪਾਂ ਵਿੱਚ ਅਨਪੜ੍ਹ ਤੋਂ ਲੈ ਕੇ ਅੱਠਵੀਂ, ਦਸਵੀਂ, ਬਾਰਵੀਂ ਆਈ.ਟੀ.ਆਈ., ਪੋਲੀਟੈਕਨਿਕ, ਗ੍ਰੈਜੂਏਸ਼ਨ, ਪੋਸਟ ਗ੍ਰੈਜੂਏਸ਼ਨ ਆਦਿ ਵਿੱਦਿਅਕ ਯੋਗਤਾ ਰੱਖਣ ਵਾਲੇ ਹੁਨਰਮੰਦ ਤੇ ਗੈਰ ਹੁਨਰਮੰਦ ਉਮੀਦਵਾਰਾਂ ਨੂੰ ਬੁਲਾ ਕੇ ਵੱਖ-ਵੱਖ ਕੰਪਨੀਆਂ ਦੇ ਨੁਮਾਇੰਦਿਆਂ ਕੋਲੋਂ ਇੰਟਰਵਿਊ ਕਰਵਾਈ ਜਾਂਦੀ ਹੈ ਤਾਂ ਜੋ ਉਮੀਦਵਾਰਾਂ ਨੂੰ ਆਪਣੀ ਮਨਪਸੰਦ ਕੰਪਨੀ ਤੇ ਇਲਾਕੇ ਵਿੱਚ ਆਪਣੀ ਯੋਗਤਾ ਅਨੁਸਾਰ ਮਨਪਸੰਦ ਰੋਜ਼ਗਾਰ ਮਿਲ ਸਕੇ ਅਤੇ ਉਹ ਆਪਣਾ ਭਵਿੱਖ ਬਣਾ ਸਕਣ।

ਉਨ੍ਹਾਂ ਕਿਹਾ ਕਿ ਅਜਿਹੇ ਪਲੇਸਮੈਂਟ ਕੈਂਪਾਂ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਕਰਨਾ ਅਤੇ ਵੱਖ-ਵੱਖ ਉਦਯੋਗਾਂ ਨੂੰ ਲੋੜ ਅਨੁਸਾਰ ਢੁੱਕਵੀਂ ਮੈਨ ਪਾਵਰ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਜ਼ਿਲ੍ਹੇ ਨਾਲ ਸਬੰਧਿਤ ਨੌਜਵਾਨਾਂ ਨੂੰ ਪਲੇਸਮੈਂਟ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ।

ਡਿਪਟੀ ਡਾਇਰੈਕਟਰ ਨੇ ਜ਼ਿਲ੍ਹੇ ਦੇ ਸਮੂਹ ਉਦਯੋਗਪਤੀਆਂ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਹਰ ਹਫ਼ਤੇ ਲਗਾਏ ਜਾਣ ਵਾਲੇ ਇਨ੍ਹਾਂ ਪਲੇਸਮੈਂਟ ਕੈਂਪਾਂ ਵਿੱਚ ਸ਼ਾਮਿਲ ਹੋਣ ਅਤੇ ਦਫ਼ਤਰ ਦੇ ਇਸ ਉੱਦਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਕੰਪਨੀਆਂ ਅਤੇ ਉਦਯੋਗਿਕ ਇਕਾਈਆਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੀ ਈ-ਮੇਲ jalandharemployment@gmail.com 'ਤੇ ਅਸਾਮੀਆਂ ਦੇ ਵੇਰਵੇ ਭੇਜ ਸਕਦੀਆਂ ਹਨ ਜਾਂ ਦਫ਼ਤਰ ਵਿਖੇ ਕਮਰਾ ਨੰ. 313, ਤੀਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਮਣੇ ਪੁੱਡਾ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ ਵਿਖੇ ਪਹੁੰਚ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰ. 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਸਰਕਾਰ ਹਰ ਯੋਗ ਪਰਿਵਾਰ ਤੱਕ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਪਹੁੰਚਾਉਣ ਲਈ ਵਚਨਬੱਧ: ਅੰਮ੍ਰਿਤਪਾਲ ਸਿੰਘ



ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹਲਕਾ ਜਲੰਧਰ ਪੱਛਮੀ ਦੇ ਇਲਾਕੇ ਮਾਡਲ ਹਾਊਸ ਵਿਖੇ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਲਗਾਇਆ ਗਿਆ।

ਇਸ ਕੈਂਪ ਵਿੱਚ ਸ਼ਿਰਕਤ ਕਰਦਿਆਂ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਨੇ ਜਨਤਾ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਾਂ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਸ ਲੋਕ-ਹਿਤੈਸ਼ੀ ਯੋਜਨਾ ਦਾ ਮਕਸਦ ਹਰੇਕ ਯੋਗ ਪਰਿਵਾਰ ਤੱਕ ਸਿਹਤ ਸੁਰੱਖਿਆ ਦੀ ਸਹੂਲਤ ਪਹੁੰਚਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਹਰੇਕ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।

ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰੇਕ ਯੋਗ ਪਰਿਵਾਰ ਨੂੰ ਇਸ ਸਕੀਮ ਦਾ ਲਾਭ ਦਿਵਾਉਣ ਲਈ ਪੂਰੀ ਸਰਗਰਮੀ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੈਂਪਾਂ ਵਿੱਚ ਰਜਿਸਟ੍ਰੇਸ਼ਨ ਦਾ ਕੰਮ ਪੂਰੇ ਪਾਰਦਰਸ਼ੀ, ਸੁਚੱਜੇ ਅਤੇ ਉਚਿਤ ਤਰੀਕੇ ਨਾਲ ਹੋਵੇ ਤਾਂ ਜੋ ਕਿਸੇ ਵੀ ਯੋਗ ਲਾਭਪਾਤਰੀ ਨੂੰ ਕੋਈ ਦਿੱਕਤ ਪੇਸ਼ ਨਾ ਆਵੇ ਅਤੇ ਉਹ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਣ।

ਲੋਕਾਂ ਨੇ ਉਤਸ਼ਾਹ ਨਾਲ ਕੈਂਪ ਵਿੱਚ ਭਾਗ ਲਿਆ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀਆਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਈ।

ਇਸ ਮੌਕੇ ਸੰਜੀਵ ਭਗਤ, ਬਲਾਕ ਪ੍ਰਧਾਨ ਨਵੀਨ ਸੋਨੀ, ਕੌਂਸਲਰ ਰਾਜ ਕੁਮਾਰ ਰਾਜੂ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਵੱਲੋਂ ਵੱਖ-ਵੱਖ ਵਾਰਡਾਂ ਵਿੱਚ ਲਗਾਏ ਗਏ ਕੈਂਪਾਂ ਵਿੱਚ ਸ਼ਿਰਕਤ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

## ਪੰਜਾਬ ਸਖੀ ਸ਼ਕਤੀ ਮੇਲਾ 21 ਫਰਵਰੀ ਤੋਂ ਖੰਨਾ ਵਿੱਚ ਸ਼ੁਰੂ : ਉਪ ਮੰਡਲ ਮੈਜਿਸਟਰੇਟ ਖੰਨਾ ਸਵਾਤੀ ਟਿਵਾਣਾ

ਲੁਧਿਆਣਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਉਪ ਮੰਡਲ ਮੈਜਿਸਟਰੇਟ ਖੰਨਾ ਸਵਾਤੀ ਟਿਵਾਣਾ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਖੀ ਸ਼ਕਤੀ ਮੇਲਾ-2026 ਦਾ ਆਗਾਜ਼ 21 ਫਰਵਰੀ ਤੋਂ 2 ਮਾਰਚ ਤੱਕ ਦੁਸਹਿਰਾ ਗਰਾਊਂਡ ਖੰਨਾ ਵਿਖੇ ਹੋਵੇਗਾ।

10 ਦਿਨਾਂ ਦੇ ਇਸ ਮੇਲੇ ਦੌਰਾਨ ਪ੍ਰਸਿੱਧ ਪੰਜਾਬੀ ਕਲਾਕਾਰਾਂ ਦੀ ਸ਼ਾਨਦਾਰ ਲਾਈਨ-ਅੱਪ ਦਰਸ਼ਕਾਂ ਨੂੰ ਮਨੋਰੰਜਨ ਭਰੀਆਂ ਸ਼ਾਮਾਂ ਪ੍ਰਦਾਨ ਕਰੇਗੀ।

ਮੇਲੇ ਦੇ ਸੰਗੀਤਕ ਪ੍ਰੋਗਰਾਮਾਂ ਵਿੱਚ ਗੁਲਾਬ ਸਿੱਧੂ, ਅਲਾਪ ਸਿਕੰਦਰ, ਖਾਨ ਭੈਣੀ, ਲਾਭ ਹੀਰਾ, ਮੀਤ ਕੌਰ-ਦੀਪਕ ਢਿੱਲੋਂ, ਹਰਫ ਚੀਮਾ, ਹਰਭਜਨ ਮਾਨ, ਸਿੱਪੀ ਗਿੱਲ, ਆਰ. ਨੈਤ ਅਤੇ ਅੰਤਿਮ ਦਿਨ ਰਣਜੀਤ ਬਾਵਾ ਆਪਣੀਆਂ ਪੇਸ਼ਕਾਰੀਆਂ ਨਾਲ ਦਰਸ਼ਕਾਂ ਨੂੰ ਮੋਹਿਤ ਕਰਨਗੇ।



ਸੰਗੀਤਕ ਪ੍ਰੋਗਰਾਮਾਂ ਤੋਂ ਇਲਾਵਾ ਮੇਲੇ ਵਿੱਚ ਸੱਭਿਆਚਾਰਕ ਪ੍ਰਦਰਸ਼ਨੀਆਂ, ਰਵਾਇਤੀ ਕਲਾਵਾਂ, ਪੰਜਾਬੀ ਅਤੇ ਦੇਸ਼ ਭਰ ਦੇ ਪਕਵਾਨਾਂ ਦੇ ਸਟਾਲ ਅਤੇ ਪਰਿਵਾਰਕ ਮਨੋਰੰਜਨ ਦੀਆਂ ਵਿਭਿੰਨ ਗਤੀਵਿਧੀਆਂ ਵੀ ਆਕਰਸ਼ਣ ਦਾ ਕੇਂਦਰ ਰਹਿਣਗੀਆਂ। ਐਸ.ਡੀ.ਐਮ ਨੇ ਜ਼ਿਲ੍ਹਾ ਲੁਧਿਆਣਾ ਅਤੇ ਪੰਜਾਬ ਵਾਸੀਆਂ ਨੂੰ ਪਰਿਵਾਰ ਸਮੇਤ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ।

## ਗਿਆਨਦੀਪ ਮੰਚ ਵੱਲੋਂ ਇੱਕ ਸਾਹਿਤਕ ਸਮਾਗਮ ਕਰਵਾਇਆ




ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਮਹੀਨਾਵਾਰ ਇੱਕ ਸਾਹਿਤਕ ਸਮਾਗਮ ਿ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲਵੀ ਨੇ ਕਵੀਆਂ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ।ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਅੱਜ ਸ਼ਿਵਰਾਤਰੀ ਦਾ ਸ਼ੁਭ ਦਿਹਾੜਾ ਹੈ।ਸ਼ਿਵ ਜੀ ਨੇ ਦੁਸ਼ਮਣੀ ਅਤੇ ਭੇਦ ਭਾਵੀਂ ਰੂਪੀ ਜ਼ਹਿਰ ਪੀ ਕੇ ਵਿਸ਼ਵ ਨੂੰ ਅਮਨ ਸ਼ਾਂਤੀ ਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਲੇਖਕਾਂ ਨੂੰ ਵੀ ਨੂੰ ਇਹ ਸੰਦੇਸ਼ ਆਪਣੀਆਂ ਰਚਨਾਵਾਂ ਰਾਹੀਂ ਲੋਕਾਈ ਨੂੰ ਦੇਣਾ ਚਾਹੀਦਾ ਹੈ।ਮੰਚ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਨਾਰੀਕੇ ਨੇ ਕਿਹਾ ਕਿ ਲੇਖਕ ਅਜਿਹਾ ਲਿਖਣ ਜਿਸ ਨਾਲ ਉਹਨਾਂ ਦੀਆਂ ਰਚਨਾਵਾਂ ਅਮਰ ਹੋ ਜਾਣ। ਸਮਾਗਮ ਦੌਰਾਨ ਸਰਬਸੰਮਤੀ ਨਾਲ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੂੰ ਗਿਆਨਦੀਪ ਸਾਹਿਤ ਸਾਧਨਾ ਮੰਚ(ਰਜਿ) ਪਟਿਆਲ਼ਾ ਦਾ ਜਨਰਲ ਸਕੱਤਰ, ਦਰਸ਼ਨ ਸਿੰਘ ਦਰਸ਼ ਪਸਿਆਣਾ ਨੂੰ ਸਕੱਤਰ, ਗੁਰਪ੍ਰੀਤ ਢਿੱਲੋਂ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ,ਰਾਜਬੀਰ ਸਿੰਘ ਮੱਲ੍ਹੀ,ਹਰਿਸੁਬੇਗ ਸਿੰਘ, ਇੰਜ. ਮੇਜਰ ਸਿੰਘ,ਇੰਦਰਪਾਲ ਸਿੰਘ,ਗੁਰਮੇਲ ਸਿੰਘ ਐੱਸ ਡੀ ਓ,ਜਸਵਿੰਦਰ ਕੌਰ, ਹਰਜੀਤ ਕੌਰ,ਜੱਗਾ ਰੰਗੂਵਾਲ,ਰਾਜੇਸ਼ਵਰ ਕੁਮਾਰ, ਗੁਰਪ੍ਰੀਤ ਲੰਗ, ਬਲਵੰਤ ਬੱਲੀ ਅਤੇ ਹਰਵਿੰਦਰ ਸਿੰਘ ਗੁਲਾਮ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

**ਸੰਗਰੂਰ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਦੀ ਪਲੇਠੀ ਜ਼ਿਲ੍ਹਾ ਪੱਧਰੀ ਬੈਠਕ ਹੋਈ**

# ਪੰਜਾਬ ਸਰਕਾਰ ਨੇ ਵਪਾਰੀਆਂ ਦੀ ਸਮੱਸਿਆਵਾਂ ਦੇ ਹੱਲ ਲਈ ਵਪਾਰੀਆਂ ਤੱਕ ਸਿੱਧੀ ਪਹੁੰਚ ਬਣਾਈ : ਨਰਿੰਦਰ ਕੌਰ ਭਰਾਜ

ਸੰਗਰੂਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਵਪਾਰ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸਮਾਂਬੱਧ ਢੰਗ ਨਾਲ ਕਰਨ ਲਈ ਬਣਾਏ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੀ ਜ਼ਿਲ੍ਹਾ ਪੱਧਰੀ ਇਕਾਈ ਵੱਲੋਂ ਅੱਜ ਸੰਗਰੂਰ ਦੇ ਵਪਾਰੀਆਂ ਨਾਲ ਕਿਲ੍ਹਾ ਮਾਰਕਿਟ ਵਿਖੇ ਪਲੇਠੀ ਜ਼ਿਲ੍ਹਾ ਪੱਧਰੀ ਬੈਠਕ ਕੀਤੀ ਗਈ। ਇਸ ਮੌਕੇ ਛੋਟੇ ਅਤੇ ਦਰਮਿਆਨੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੀਆਂ ਸਮੱਸਿਆਵਾਂ ਰੱਖੀਆਂ।



ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ, ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਏ.ਡੀ.ਸੀ. ਅੰਕੁਰ ਮਹਿੰਦਰੂ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਵੀ ਮੌਜੂਦ ਸਨ। ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਖ਼ੁਦ ਵਪਾਰੀਆਂ ਤੱਕ ਪੁੱਜ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਦਾ ਉਦੇਸ਼ ਵਪਾਰ-ਪੱਖੀ ਨੀਤੀਆਂ ਨੂੰ ਹੋਰ ਮਜ਼ਬੂਤ ਕਰਨਾ ਅਤੇ ਪਾਰਦਰਸ਼ੀ ਸ਼ਿਕਾਇਤ ਨਿਵਾਰਨ ਪ੍ਰਣਾਲੀ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਵਪਾਰੀਆਂ ਲਈ ਜ਼ਿਲ੍ਹਾ ਪੱਧਰ ਤੋਂ ਵੀ ਹੇਠਾਂ ਵਿਧਾਨ ਸਭਾ ਹਲਕੇ ਤੱਕ ਸੁਣਵਾਈ ਲਈ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰ ਵਪਾਰੀ ਵਰਗ ਨਾਲ ਹੀ ਸਬੰਧ ਰੱਖਦੇ ਹੋਣ।

ਉਨ੍ਹਾਂ ਕਿਹਾ ਕਿ ਅੱਜ ਜੋ ਵਪਾਰੀਆਂ ਵੱਲੋਂ ਸਮੱਸਿਆਵਾਂ ਰੱਖੀਆਂ ਗਈਆਂ ਹਨ, ਉਨ੍ਹਾਂ ਵਿਚੋਂ ਕੁਝ ਦਾ ਨਿਪਟਾਰਾ ਮੌਕੇ 'ਤੇ ਕੀਤਾ ਗਿਆ ਹੈ ਜਦਕਿ ਕੁਝ ਸਮੱਸਿਆਵਾਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕਰਨ ਲਈ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਨਿਪਟਾਰਾ ਅਗਲੀ ਬੈਠਕ ਤੋਂ ਪਹਿਲਾਂ ਕੀਤਾ ਜਾਣਾ ਯਕੀਨੀ ਬਣਾਇਆ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਹਰ ਮਾਮਲੇ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਲਿਖਤੀ ਰੂਪ ਵਿੱਚ ਦਰਜ ਕਰਵਾਉਣ ਤਾਂ ਜੋ ਸਮੱਸਿਆ ਦਾ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਟਰੇਡਰਜ਼ ਕਮਿਸ਼ਨ ਕੋਲ ਰੱਖੀ ਹਰੇਕ ਸਮੱਸਿਆ ਜ਼ਿਲ੍ਹਾ ਪ੍ਰਸ਼ਾਸਨ ਕੋਲ ਤੁਰੰਤ ਪੁੱਜੇਗੀ ਅਤੇ ਉਸ 'ਤੇ ਤੁਰੰਤ ਕਾਰਵਾਈ ਵੀ ਯਕੀਨੀ ਬਣਾਈ ਜਾਵੇਗੀ।

ਜ਼ਿਲ੍ਹਾ ਪੱਧਰੀ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਲਈ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਨੂੰ ਤੁਰੰਤ ਅਤੇ ਪ੍ਰਭਾਵਸ਼ਾਲੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਹਰੇਕ ਬੁੱਧਵਾਰ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਦਫ਼ਤਰ ਵਿੱਚ ਵਪਾਰੀਆਂ ਦੀ ਸਮੱਸਿਆਵਾਂ ਨੂੰ ਸੁਣਨਗੇ। ਇਸ ਤੋਂ ਇਲਾਵਾ ਵਪਾਰੀ ਕਿਸੇ ਵੀ ਸਮੇਂ ਟਰੇਡਸ ਕਮਿਸ਼ਨ ਦੇ ਕਿਸੇ ਵੀ ਮੈਂਬਰ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

ਵਪਾਰੀਆਂ ਨੇ ਇਸ ਪਹਿਲਕਦਮੀ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਬੈਠਕਾਂ ਨਾਲ ਸਰਕਾਰ ਅਤੇ ਵਪਾਰੀ ਭਾਈਚਾਰੇ ਵਿਚਕਾਰ ਸੰਚਾਰ ਹੋਰ ਮਜ਼ਬੂਤ ਹੋਵੇਗਾ ਅਤੇ ਜ਼ਮੀਨੀ ਪੱਧਰ 'ਤੇ ਦਰਪੇਸ਼ ਮੁੱਦਿਆਂ ਦਾ ਸਮੇਂ ਸਿਰ ਹੱਲ ਯਕੀਨੀ ਬਣੇਗਾ।

ਏ.ਈ.ਟੀ.ਸੀ. ਰੋਹਿਤ ਕੁਮਾਰ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਅਤੇ ਵਪਾਰੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਜ਼ਿਲ੍ਹਾ ਚੇਅਰਮੈਨ ਅਰੁਣ ਜਿੰਦਲ, ਹਲਕਾ ਚੇਅਰਮੈਨ ਸੁਖਜਿੰਦਰ ਮਾਨ, ਹਲਕਾ ਲਹਿਰਾ ਚੇਅਰਮੈਨ ਪ੍ਰਿੰਸ ਗਰਗ, ਹਲਕਾ ਧੂਰੀ ਚੇਅਰਮੈਨ ਪੁਸ਼ਪਿੰਦਰ ਸ਼ਰਮਾ, ਹਲਕਾ ਸੁਨਾਮ ਚੇਅਰਮੈਨ ਰਾਮ ਕੁਮਾਰ, ਹਲਕਾ ਦਿੜ੍ਹਬਾ ਚੇਅਰਮੈਨ ਅਜੇ ਬਾਂਸਲ, ਜੀ.ਐਮ. ਡੀ.ਆਈ.ਸੀ. ਰਾਕੇਸ਼ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵਪਾਰੀ ਪ੍ਰਤੀਨਿਧੀ ਮੌਜੂਦ ਸਨ।

## ਪਟਿਆਲਾ ਵਿੱਚ ਭਗਵਾਨ ਵਾਮਨ ਅਵਤਾਰ ਮੰਦਿਰ ਦੀ ਬਹਾਲੀ ਦੀ ਮੰਗ ਸਬੰਧੀ ਵਿੱਤ ਮੰਤਰੀ ਨੇ ਕੀਤਾ ਨਿਰੀਖਣ



ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਵਿੱਚ ਭਗਵਾਨ ਵਾਮਨ ਅਵਤਾਰ ਜੀ ਦੇ ਪ੍ਰਸਿੱਧ ਅਤੇ ਇਤਿਹਾਸਕ ਮੰਦਿਰ ਦੀ ਬਹਾਲੀ ਦੀ ਮੰਗ ਨੂੰ ਲੈ ਕੇ ਹਿੰਦੂ ਸੰਗਠਨ ਪਿਛਲੇ ਨੌਂ ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ। ਸ਼ਰਧਾਲੂ ਅਤੇ ਸੰਗਠਨ ਮੰਦਰ ਅਤੇ ਆਲੇ ਦੁਆਲੇ ਦੇ ਖੇਤਰ ਦੀ ਖਸਤਾ ਹਾਲਤ ਤੋਂ ਬਹੁਤ ਨਾਰਾਜ਼ ਹਨ।

ਇਸ ਦੌਰਾਨ, ਅੱਜ ਪਟਿਆਲਾ ਵਿੱਚੋਂ ਲੰਘਦੇ ਹੋਏ, ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਥਾਨ 'ਤੇ ਰੁਕ ਕੇ ਮੰਦਰ ਕੰਪਲੈਕਸ ਅਤੇ ਆਲੇ ਦੁਆਲੇ ਦੇ ਖੇਤਰ ਦਾ ਨਿਰੀਖਣ ਕੀਤਾ। ਉਨ੍ਹਾਂ ਭੁੱਖ ਹੜਤਾਲ 'ਤੇ ਬੈਠੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ।

ਹਿੰਦੂ ਸੰਗਠਨਾਂ ਨੇ ਮੰਦਰ ਦੀ ਤੁਰੰਤ ਬਹਾਲੀ, ਸੁੰਦਰੀਕਰਨ ਅਤੇ ਜ਼ਰੂਰੀ ਸਹੂਲਤਾਂ ਦੇ ਵਿਕਾਸ ਲਈ ਮੰਤਰੀ ਅੱਗੇ ਮੰਗਾਂ ਰੱਖੀਆਂ। ਉਨ੍ਹਾਂ ਕਿਹਾ ਕਿ ਭਗਵਾਨ ਵਾਮਨ ਅਵਤਾਰ ਜੀ ਦਾ ਇਹ ਮੰਦਰ ਨਾ ਸਿਰਫ਼ ਧਾਰਮਿਕ ਆਸਥਾ ਦਾ ਕੇਂਦਰ ਹੈ ਬਲਕਿ ਇਤਿਹਾਸਕ ਮਹੱਤਵ ਵੀ ਰੱਖਦਾ ਹੈ, ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਰੋਸਾ ਦਿੱਤਾ ਕਿ ਮੰਦਰ ਦੀ ਬਹਾਲੀ ਅਤੇ ਵਿਕਾਸ ਨਾਲ ਸਬੰਧਤ ਮੰਗਾਂ ਸਰਕਾਰ ਸਾਹਮਣੇ ਰੱਖੀਆਂ ਜਾਣਗੀਆਂ ਅਤੇ ਸਬੰਧਤ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਜ਼ਰੂਰੀ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਧਾਰਮਿਕ ਸਥਾਨਾਂ ਦੀ ਸੁਰੱਖਿਆ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਪੂਰਾ ਸਤਿਕਾਰ ਕਰਦੀ ਹੈ।

ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਦੇ ਨਿਰੀਖਣ ਨੇ ਭੁੱਖ ਹੜਤਾਲ 'ਤੇ ਬੈਠੇ ਸੰਗਠਨਾਂ ਨੂੰ ਕੁਝ ਉਮੀਦ ਜ਼ਰੂਰ ਦਿੱਤੀ ਹੈ, ਹਾਲਾਂਕਿ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਵਿਰੋਧ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਨੂੰ ਲਿਖਤੀ ਅਤੇ ਠੋਸ ਭਰੋਸਾ ਨਹੀਂ ਮਿਲਦਾ।

ਇਸ ਮੌਕੇ ਵਰੁਣ ਜਿੰਦਲ, ਅਨੁਰਾਗ ਸ਼ਰਮਾ, ਨਈਅਰ ਸਮੇਤ ਕਈ ਆਗੂ ਤੇ ਕਾਰਕੁੰਨ ਹਾਜ਼ਰ ਸਨ।

# ਹੱਥੀਂ ਮਿਹਨਤ ਕਰਨ ਵਾਲਿਆਂ ਲਈ ਲਾਹੇਵੰਦ ਹੈ ਸਬਜ਼ੀਆਂ ਦੀ ਖੇਤੀ

• ਮਹਿੰਦਰ ਸਿੰਘ ਅਰਲੀਭੰਨ

ਇਕ ਪਾਸੇ ਜਿੱਥੇ ਘਾਟੇਵੰਦ ਕਿਰਸਾਨੀ ਕਾਰਨ ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ, ਉੱਥੇ ਡੇਰਾ ਬਾਬਾ ਨਾਨਕ ਅਧੀਨ ਪਿੰਡ ਨਿੱਜਰਪੁਰ ਦੇ 70 ਸਾਲਾ ਕਿਸਾਨ ਸਰਦੂਲ ਸਿੰਘ ਪੁੱਤਰ ਪੂਰਨ ਸਿੰਘ ਨੇ ਨੌਕਰੀ ਛੱਡ ਕੇ 'ਅਕਲ ਨਾਲ ਵਾਹ ਤੇ ਰੱਜ ਖਾਹ' ਦੇ ਕਥਨ 'ਤੇ ਅਮਲ ਕਰਦਿਆਂ ਸਬਜ਼ੀਆਂ ਦੀ ਪੈਦਾਵਾਰ ਨੂੰ ਅਪਣਾਇਆ ਹੈ। ਇਸ ਧੰਦੇ ਵਿੱਚੋਂ ਉਸ ਨੇ ਕਰੀਬ ਪੌਣੇ ਕਰੋੜ ਦੀ ਜ਼ਮੀਨ ਖ਼ਰੀਦੀ ਹੈ। ਇਸ ਤੋਂ ਇਲਾਵਾ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆਂ ਦੇਣ ਕਰਕੇ ਉਹ ਪਿੰਡ ਤੇ ਇਲਾਕੇ ਦੇ ਕਿਸਾਨਾਂ ਲਈ ਪ੍ਰੇਰਨਾ ਸਰੋਤ ਹੈ

## ਗੋਭੀ ਦੀ ਸਫਲ ਕਾਸ਼ਤ ਨੇ ਕੀਤਾ ਪ੍ਰੇਰਿਤ

ਪਿੰਡ ਨਿੱਜਰਪੁਰ ਦੇ 80 ਫ਼ੀਸਦੀ ਕਿਸਾਨ ਸਬਜ਼ੀਆਂ ਦੇ ਧੰਦੇ ਨਾਲ ਜੁੜ ਕੇ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ। ਸਰਦੂਲ ਸਿੰਘ ਅਨੁਸਾਰ ਹੱਥੀਂ ਮਿਹਨਤ ਕਰਨ ਵਾਲਿਆਂ ਲਈ ਸਬਜ਼ੀਆਂ ਤੇ ਪਨੀਰੀ ਦੀ ਪੈਦਾਵਾਰ ਇਕ ਲਾਹੇਵੰਦ ਧੰਦਾ ਹੈ। ਉਸ ਦਾ ਕਹਿਣਾ ਹੈ ਕਿ ਘੱਟ ਜ਼ਮੀਨ ਵਾਲੇ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਸਬਜ਼ੀਆਂ ਦੀ ਖੇਤੀ ਕਰ ਕੇ ਆਪਣਾ ਜੀਵਨ ਸੁਖਾਲਾ ਕਰ ਸਕਦੇ ਹਨ। ਸਰਦੂਲ ਸਿੰਘ ਨੇ ਦੱਸਿਆ ਕਿ ਉਹ 50 ਸਾਲ ਤੋਂ ਵੱਖ-ਵੱਖ ਕਿਸਮਾਂ ਦੀਆਂ ਹਰ ਮੌਸਮ ਦੀਆਂ ਸਬਜ਼ੀਆਂ ਬੀਜਦਾ ਹੈ।

ਸਬਜ਼ੀਆਂ ਦੀ ਖੇਤੀ ਦਾ ਸ਼ੌਕ ਉਸ ਨੂੰ 1971 ਵਿਚ ਉਸ ਸਮੇਂ ਲੱਗਾ ਜਦੋਂ ਉਸ ਨੇ ਗੋਭੀ ਦੀ ਫ਼ਸਲ ਦੀ ਕਾਸ਼ਤ ਕੀਤੀ। ਉਸ ਨੂੰ ਪ੍ਰਤੀ ਏਕੜ 40 ਹਜ਼ਾਰ ਰੁਪਏ ਦੀ ਆਮਦਨ ਹੋਈ। ਉਸ ਸਮੇਂ ਉਹ ਕੋਆਪ੍ਰੇਟਿਵ ਸੁਸਾਇਟੀ 'ਚ ਬਤੌਰ ਸਕੱਤਰ ਕੰਮ ਕਰਦਾ ਸੀ ਤੇ ਉਸ ਨੂੰ 120 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਸੀ।

ਸਰਦੂਲ ਸਿੰਘ ਨੂੰ ਇਸ ਆਮਦਨੀ ਨੇ ਉਤਸ਼ਾਹਿਤ ਕੀਤਾ ਤੇ ਉਸ ਨੇ ਨੌਕਰੀ ਛੱਡ ਕੇ ਸਬਜ਼ੀਆਂ ਦੀ ਪੈਦਾਵਾਰ ਸ਼ੁਰੂ ਕਰ ਦਿੱਤੀ। ਸਰਦੂਲ ਸਿੰਘ ਨੇ ਦੱਸਿਆ ਕਿ ਉਸ ਦੀ ਮਾਲਕੀ ਜ਼ਮੀਨ ਸਿਰਫ਼ ਦੋ ਏਕੜ ਸੀ ਜਦਕਿ ਕਿ ਸਬਜ਼ੀਆਂ ਦੀ ਪੈਦਾਵਾਰ ਤੋਂ ਹੋਈ ਕਮਾਈ ਨਾਲ ਉਸ ਨੇ 78 ਲੱਖ ਰੁਪਏ ਦੀ ਹੋਰ ਜ਼ਮੀਨ ਖ਼ਰੀਦ ਕੇ ਆਪਣੀ ਖੇਤੀ ਦਾ ਵਿਸਥਾਰ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਆਪਣੇ ਦੋਵੇਂ ਬੇਟੇ ਅਤੇ ਬੇਟੀ ਬੀਐੱਡ ਤਕ ਪੜ੍ਹਾਇਆ। ਇਕ ਬੇਟਾ ਅਧਿਆਪਨ ਦਾ ਕੋਰਸ ਕਰਨ ਉਪਰੰਤ ਵੀ ਸਬਜ਼ੀਆਂ ਦੀ ਖੇਤੀ ਕਰ ਰਿਹਾ ਹੈ।

*ਸਬਜ਼ੀਆਂ ਦੀ ਸਫ਼ਲ ਕਾਸ਼ਤਕਾਰੀ ਕਾਰਨ ਸਰਦੂਲ ਸਿੰਘ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੇ ਪਿੰਡ ਨਿੱਜਰਪੁਰ ਦੇ ਕਰੀਬ 80 ਫ਼ੀਸਦੀ ਲੋਕ ਸਬਜ਼ੀਆਂ ਦੀ ਕਾਸ਼ਤ ਨਾਲ ਜੁੜ ਚੁੱਕੇ ਹਨ...*



## ਇਲਾਕੇ ਦੇ ਕਿਸਾਨਾਂ ਲਈ ਪ੍ਰੇਰਣਾ ਸਰੋਤ

ਸਰਦੂਲ ਸਿੰਘ ਦਾ ਕਹਿਣਾ ਹੈ ਕਿ ਕੁਝ ਲੋਕ ਕਿਸਾਨੀ ਨੂੰ ਘਾਟੇਵੰਦ ਆਖਦੇ ਹਨ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਹੱਥੀਂ ਮਿਹਨਤ ਕਰਨ ਨੂੰ ਘੱਟ ਤਰਜ਼ੀਹ ਦੇ ਰਹੇ ਹਨ। ਉਸ ਨੇ ਦੱਸਿਆ ਕਿ ਉਹ ਸਾਲ 'ਚ ਲਗਾਤਾਰ ਤਿੰਨ ਵਾਰ ਗੋਭੀ ਦੀ ਕਾਸ਼ਤ ਤੋਂ ਇਲਾਵਾ ਅਗੇਤੇ ਤੇ ਪਛੇਤੇ ਮੌਸਮ ਦੀਆਂ ਸਬਜ਼ੀਆਂ ਦੀ ਪਨੀਰੀ ਤਿਆਰ ਕਰਦੇ ਹਨ। ਉਨ੍ਹਾਂ ਨੇ ਇਸ ਸਮੇਂ ਗਾਜਰ, ਮਟਰ, ਟਮਾਟਰ, ਭਿੰਡੀ ਤੋਰੀ, ਮਿਰਚ, ਕੱਦੂ, ਖੀਰੇ, ਤਰ, ਖਰਬੂਜੇ ਦੀ ਫ਼ਸਲ ਦੀ ਕਾਸ਼ਤ ਕੀਤੀ ਹੈ।

ਉਹ ਖੇਤੀ ਵਾਸਤੇ ਦੇਸੀ ਰੂੜੀ ਤੋਂ ਇਲਾਵਾ ਕੀਟਨਾਸ਼ਕਾਂ ਵੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਦੇ ਹਨ। ਸਬਜ਼ੀਆਂ ਦੀ ਸਫ਼ਲ ਕਾਸ਼ਤਕਾਰੀ ਕਾਰਨ ਸਰਦੂਲ ਸਿੰਘ ਤੋਂ ਪ੍ਰੇਰਿਤ ਹੋ ਕੇ ਪਿੰਡ ਦੇ ਕਰੀਬ 80 ਫ਼ੀਸਦੀ ਲੋਕ ਸਬਜ਼ੀਆਂ ਦੀ ਕਾਸ਼ਤ ਨਾਲ ਜੁੜੇ ਹਨ ਅਤੇ ਨਿੱਜਰਪੁਰ ਦੀਆਂ ਸਬਜ਼ੀਆਂ ਪੰਜਾਬ ਭਰ ਦੀਆਂ ਮੰਡੀਆਂ 'ਚ ਮਸ਼ਹੂਰ ਹਨ। •

# ਏਕੇ ਤੇ ਕਿਰਤ ਨੇ ਬਣਾਇਆ 54 ਹਜ਼ਾਰ ਏਕੜ ਦੇ ਮਾਲਕ



• ਜਤਿੰਦਰ ਪੰਮੀ
97818-00213

ਪੰਜਾਬ ਵਿਚੋਂ ਵਿਸ਼ੇਸ਼ ਕਰਕੇ ਦੁਆਬੇ ਦੀ ਧਰਤੀ ਦਾ ਕੋਈ ਸ਼ਹਿਰ, ਕਸਬਾ ਜਾਂ ਪਿੰਡ ਅਜਿਹਾ ਹੋਵੇਗਾ, ਜਿੱਥੋਂ ਲੋਕ ਵਿਦੇਸ਼ਾਂ ਵਿਚ ਜਾ ਕੇ ਨਾ ਵੱਸੇ ਹੋਣ। ਸੱਤ ਸਮੁੰਦਰੋਂ ਪਾਰ ਜਾ ਕੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਜਿਹੜੀਆਂ ਮੱਲਾਂ ਮਾਰੀਆਂ ਹਨ, ਉਹ ਜਗ ਜ਼ਾਹਰ ਹਨ। ਖੁੱਲ੍ਹੇ ਸੁਭਾਅ ਤੇ ਸਖ਼ਤ ਮਿਹਨਤ ਲਈ ਜਾਣੇ ਜਾਂਦੇ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਮਿਹਨਤ ਤੇ ਲਗਨ ਨਾਲ ਹੱਥੀਂ ਕਿਰਤ ਕਰ ਕੇ ਜਿੱਥੇ ਆਪਣੀਆਂ ਜ਼ਿੰਦਗੀਆਂ ਸੰਵਾਰੀਆਂ ਉੱਥੇ ਆਪਣੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੀ ਜ਼ਿੰਦਗੀ ਵੀ ਸੁਖਾਲੀ ਬਣਾਈ ਹੈ। ਵਿਦੇਸ਼ਾਂ 'ਚ ਕਈ ਪੰਜਾਬੀ ਪਰਿਵਾਰਾਂ ਨੇ ਏਨੀ ਮਿਹਨਤ ਕੀਤੀ ਕਿ ਜੋ ਪੰਜਾਬ 'ਚ ਛੋਟੀ-ਮੋਟੀ ਕਿਸਾਨੀ ਕਰਦੇ ਸਨ, ਉਹ ਵਿਦੇਸ਼ਾਂ 'ਚ ਮਿਲਖਾਂ ਦੇ ਮਾਲਕ ਬਣੇ ਤੇ ਅੱਜ ਉਨ੍ਹਾਂ ਦਾ ਨਾਂ ਦੁਨੀਆ ਭਰ 'ਚ ਵੱਸੇ ਭਾਰਤੀਆਂ ਤੇ ਪੰਜਾਬੀਆਂ ਦੀ ਜ਼ੁਬਾਨ 'ਤੇ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਦੁਆਬੇ ਨਾਲ ਸਬੰਧਤ ਪੰਜਾਬੀਆਂ ਦੀ ਹੈ, ਜਿਨ੍ਹਾਂ ਨੇ ਪੱਛਮੀ ਦੇਸ਼ਾਂ ਤੋਂ ਇਲਾਵਾ ਕੈਨੇਡਾ ਤੇ ਅਮਰੀਕੀ ਦੇਸ਼ਾਂ 'ਚ ਵੱਡੀਆਂ ਮੱਲਾਂ ਮਾਰੀਆਂ ਹਨ। ਉਹ ਹਰ ਖੇਤਰ ਵਿਚ ਉੱਚੇ ਮੁਕਾਮ 'ਤੇ ਪੁੱਜੇ ਹਨ। ਇਨ੍ਹਾਂ ਪੰਜਾਬੀ ਪਰਿਵਾਰਾਂ 'ਚੋਂ ਇਕ ਹੈ ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ 'ਚ ਰਹਿੰਦੇ ਟੁੱਟ ਭਰਾਵਾਂ ਦਾ।

## ਟਰੱਕ ਡਰਾਈਵਰੀ ਤੋਂ ਕੀਤੀ ਸ਼ੁਰੂਆਤ

ਜਲੰਧਰ ਜ਼ਿਲ੍ਹੇ ਦੇ ਪਰਾਗਪੁਰ ਪਿੰਡ ਦੇ ਵਾਸੀ ਟੁੱਟ ਭਰਾ ਕੈਲੇਫੋਰਨੀਆ ਦੇ ਨਾਲ-ਨਾਲ ਲਾਤੀਨੀ ਅਮਰੀਕੀ ਦੇਸ਼ ਬਲੀਜ਼ ਦੇ ਵੱਡੇ ਜ਼ਿੰਮੀਂਦਾਰ ਹਨ। ਪਰਾਗਪੁਰ ਵਾਸੀ ਬਾਪੂ ਸਾਧੂ ਸਿੰਘ ਟੁੱਟ ਤੇ ਮਾਤਾ ਅਮਰ ਕੌਰ ਟੁੱਟ ਦੇ ਚਾਰ ਪੁੱਤਰ ਅਮਰਜੀਤ ਸਿੰਘ ਟੁੱਟ, ਸੁਰਜੀਤ ਸਿੰਘ ਟੁੱਟ, ਪ੍ਰੀਤਮ ਸਿੰਘ ਟੁੱਟ ਤੇ ਰਣਜੀਤ ਸਿੰਘ ਟੁੱਟ ਪਰਿਵਾਰ ਨਾਲ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਪਰਵਾਸ ਦੇ ਸ਼ੁਰੂ 'ਚ ਉਨ੍ਹਾਂ ਨੇ ਟਰੱਕ ਡਰਾਇਵਰੀ ਸ਼ੁਰੂ ਕਰ ਕੇ ਵਿਸ਼ਾਲ ਟਰੱਕ ਕੰਪਨੀ ਖੜ੍ਹੀ ਕੀਤੀ ਤੇ ਉਨ੍ਹਾਂ ਕੋਲ ਸੈਂਕੜੇ ਟਰੱਕਾਂ ਦੀ ਟਰਾਂਸਪੋਰਟ ਹੈ। ਟੁੱਟ ਭਰਾਵਾਂ ਕੋਲ ਇਸ ਵੇਲੇ ਕੈਲੇਫੋਰਨੀਆ ਤੇ ਬਲੀਜ਼ 'ਚ 54,000 ਏਕੜ ਜ਼ਮੀਨ ਹੈ, ਜਿਸ ਵਿੱਚੋਂ 12,000 ਏਕੜ ਕੈਲੇਫੋਰਨੀਆ ਤੇ 42,000 ਏਕੜ ਜ਼ਮੀਨ ਬਲੀਜ਼ 'ਚ ਹੈ। ਉਨ੍ਹਾਂ ਦੀ ਇਸ ਤਰੱਕੀ ਦਾ ਰਾਜ਼ ਪਰਿਵਾਰਕ ਸਾਂਝ, ਭਰਾਵਾਂ ਦਾ ਏਕਾ ਤੇ ਹੱਥੀਂ ਕਿਰਤ ਕਰਨ ਦੀ ਵਿਰਾਸਤ ਹੈ।

## ਮਾਤਾ-ਪਿਤਾ ਬਣੇ ਪ੍ਰੇਰਣਾ ਸਰੋਤ

ਪਿਛਲੇ ਦਿਨੀਂ ਕਿਸਾਨ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਆਪਣੇ ਪਿੰਡ ਆਏ ਟੁੱਟ ਭਰਾਵਾਂ 'ਚੋਂ ਸਭ ਤੋਂ ਛੋਟੇ ਰਣਜੀਤ ਸਿੰਘ ਟੁੱਟ ਨੇ ਦੱਸਿਆ ਕਿ ਉਨ੍ਹਾਂ ਦੀ ਤਰੱਕੀ ਦਾ ਰਾਜ਼ ਪਰਿਵਾਰਕ ਏਕਤਾ ਤੇ ਹੱਥੀਂ ਕਿਰਤ ਹੈ। ਉਨ੍ਹਾਂ ਦੇ ਪਿਤਾ ਨੇ ਹਮੇਸ਼ਾ ਉਨ੍ਹਾਂ ਨੂੰ ਬੰਦ ਮੁੱਠੀ ਵਾਂਗ ਏਕਾ ਬਣਾਈ ਰੱਖਣ ਦੀ ਸਿੱਖਿਆ ਦਿੱਤੀ, ਜਿਸ 'ਤੇ ਅਮਲ ਕਰਦਿਆਂ ਉਨ੍ਹਾਂ ਨੇ ਤਰੱਕੀ ਦੀਆਂ ਬੁਲੰਦੀਆਂ ਛੂਹੀਆਂ ਹਨ ਤੇ ਅੱਜ ਵੀ ਉਹ ਮਰਹੂਮ ਪਿਤਾ ਦੀ ਸਿੱਖਿਆ ਨੂੰ ਪੱਲ੍ਹੇ ਬੰਨ੍ਹੀ ਏਕਤਾ ਦੀ ਲੜੀ 'ਚ ਬੱਝੇ ਹੋਏ ਹਨ। ਉਨ੍ਹਾਂ ਦੇ ਦਾਦਾ ਬੱਬਰ ਲਹਿਰ ਦੇ ਮੋਢੀ ਕਿਸ਼ਨ ਸਿੰਘ ਗੜਗੱਜ ਦੇ ਸਾਥੀ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ 'ਚ ਸਰਗਰਮ ਭੂਮਿਕਾ ਨਿਭਾਈ। ਪੰਜਾਬ 'ਚ ਜਿੱਥੇ ਕਿਰਸਾਨੀ ਨਿਘਾਰ ਵੱਲ ਜਾ ਰਹੀ ਹੈ ਤੇ ਕਿਸਾਨ ਹੱਥੀਂ ਕਿਰਤ ਕਰਨੀ ਛੱਡ ਕੇ ਢਹਿੰਦੀ ਕਲਾ 'ਚ ਜਾ ਰਹੇ ਹਨ, ਉੱਥੇ ਟੁੱਟ ਭਰਾ ਹੱਥੀਂ ਕਿਰਤ ਕਰ ਕੇ ਚੜ੍ਹਦੀ ਕਲਾ 'ਚ ਹਨ। ਬੇਸ਼ੱਕ ਅਮਰੀਕਾ ਜਾ ਕੇ ਉਨ੍ਹਾਂ ਨੇ ਏਨੀ ਜ਼ਿਆਦਾ ਤਰੱਕੀ ਕੀਤੀ ਫਿਰ ਵੀ ਆਪਣੀ ਧਰਤੀ ਦਾ ਮੋਹ ਉਨ੍ਹਾਂ ਦੇ ਦਿਲਾਂ 'ਚ ਛਾਲਾਂ ਮਾਰਦਾ ਹੈ। ਉਹ ਪੰਜਾਬ ਦੇ ਕਿਸਾਨਾਂ ਦੀ ਬਦਤਰ ਹਾਲਤ ਦੇਖ ਕੇ ਦੁਖੀ ਹੁੰਦੇ ਹਨ ਤੇ ਉਨ੍ਹਾਂ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਯਤਨ ਵੀ ਆਰੰਭੇ ਹੋਏ ਹਨ। ਜਿਸ ਦੇ ਤਹਿਤ ਕਈ ਸਾਲਾਂ ਤੋਂ ਉਹ ਆਪਣੇ ਪਿੰਡ ਪਰਾਗਪੁਰ 'ਚ ਕਿਸਾਨ ਮੇਲਾ ਕਰਵਾਉਂਦੇ ਹਨ। ਇਸ ਵਿਚ ਪੰਜਾਬ ਤੇ ਹੋਰਨਾਂ ਸੂਬਿਆਂ ਦੇ ਕਿਸਾਨਾਂ ਨੂੰ ਸੱਦ ਕੇ ਆਧੁਨਿਕ ਖੇਤੀ ਤਕਨੀਕੀਆਂ, ਖੇਤੀ ਸੰਦਾਂ ਤੇ ਮਸ਼ੀਨਰੀ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਿਸਾਨਾਂ ਨੂੰ ਹੱਥੀਂ ਕਿਰਤ ਕਰਨ ਲਈ ਪ੍ਰੇਰਦੇ ਹਨ। ਅਜਿਹਾ ਕਰਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

## ਕਿਰਤ ਨਾਲ ਖੇਤੀ 'ਚ ਕਮਾਇਆ ਨਾਂ

ਕਿਸਾਨ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਦਾ ਜ਼ਮੀਨ ਨਾਲ ਮੋਹ ਵੀ ਬਣਿਆ ਰਿਹਾ। ਪਰਾਗਪੁਰ 'ਚ ਉਨ੍ਹਾਂ ਦੇ ਪਰਿਵਾਰ ਕੋਲ ਸਿਰਫ 5 ਏਕੜ ਜ਼ਮੀਨ ਸੀ ਤੇ 15 ਏਕੜ ਜ਼ਮੀਨ ਉਨ੍ਹਾਂ ਨੇ ਠੇਕੇ ਉੱਪਰ ਲਈ ਹੋਈ ਸੀ ਜਿਸ 'ਤੇ ਉਹ ਆਪਣੇ ਪਿਤਾ ਨਾਲ ਖੇਤੀ ਕਰਦੇ ਸਨ। ਅਮਰੀਕਾ 'ਚ ਟਰੱਕ ਚਲਾਉਣ ਦੇ ਨਾਲ-ਨਾਲ ਉਨ੍ਹਾਂ ਨੇ ਖੇਤੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਤੇ 1992 ਤਕ ਉਨ੍ਹਾਂ ਨੇ ਸੈਂਕੜੇ ਏਕੜ ਜ਼ਮੀਨ ਖ਼ਰੀਦੀ ਤੇ ਵੱਡੇ ਕਿਸਾਨਾਂ 'ਚ ਉਨ੍ਹਾਂ ਦੀ ਗਿਣਤੀ ਹੋਣ ਲੱਗੀ। ਕੈਲੇਫੋਰਨੀਆ 'ਚ ਉਹ ਬਾਗ਼ਬਾਨੀ ਵੀ ਕਰਦੇ ਹਨ, ਜਿਥੇ ਮੁੱਖ ਤੌਰ 'ਤੇ ਬਦਾਮ, ਸੰਤਰੇ, ਸੇਬਾਂ ਦੇ ਬਾਗ਼ ਹਨ ਤੇ ਇਨ੍ਹਾਂ ਦੀ ਪੈਦਾਵਾਰ ਦੇ ਨਾਲ-ਨਾਲ ਉਹ ਇਨ੍ਹਾਂ ਦੀ ਮਾਰਕੀਟਿੰਗ ਵੀ ਕਰਦੇ ਹਨ। ਬਦਾਮ ਤੇ ਫਲਾਂ ਦੀ ਭਾਰਤ ਤੇ ਚੀਨ ਨੂੰ ਬਰਾਮਦ ਕੀਤੀ ਜਾਂਦੀ ਹੈ। ਬਲੀਜ਼ ਵਿਚਲੀ 42,000 ਏਕੜ ਜ਼ਮੀਨ 'ਚੋਂ ਹਜ਼ਾਰਾਂ ਏਕੜ ਜ਼ਮੀਨ 'ਤੇ ਚੌਲ, ਗੰਨੇ ਤੇ ਮੱਕੀ ਦੀ ਖੇਤੀ ਕੀਤੀ ਜਾਂਦੀ ਹੈ। ਪੰਜ ਹਜ਼ਾਰ ਏਕੜ 'ਚ ਗੰਨੇ ਦੀ ਤੇ 8,000 ਏਕੜ 'ਚ ਚੌਲਾਂ ਦੀ ਖੇਤੀ ਹੈ। ਬਾਕੀ ਜ਼ਮੀਨ ਜੰਗਲੀ ਰਕਬੇ 'ਚ ਹੈ, ਜਿਸ 'ਚੋਂ ਕੀਮਤੀ ਲੱਕੜ ਸਪਲਾਈ ਕੀਤੀ ਜਾਂਦੀ ਹੈ। ਰਣਜੀਤ ਸਿੰਘ ਅਨੁਸਾਰ ਉਹ ਸਾਰੇ ਭਰਾ ਤੇ ਉਨ੍ਹਾਂ ਦੇ ਬੱਚੇ ਖੇਤੀ ਦਾ ਕੰਮ ਸਾਂਭਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਖੇਤੀ ਕਾਰੋਬਾਰ 'ਚ 800 ਮਜ਼ਦੂਰ ਤੇ ਹੋਰ ਅਮਲਾ ਕੰਮ ਕਰਦਾ ਹੈ। ਹਜ਼ਾਰਾਂ ਏਕੜ ਜ਼ਮੀਨ ਦੀ ਦੇਖਭਾਲ ਸੌਖੀ ਨਹੀਂ, ਇਸ ਲਈ ਉਹ ਸਵੇਰੇ 6 ਵਜੇ ਖੇਤਾਂ 'ਚ ਚਲੇ ਜਾਂਦੇ ਹਨ ਤੇ ਮਜ਼ਦੂਰਾਂ ਤੋਂ ਕੰਮ ਕਰਵਾਉਣ ਲਈ ਭੱਜ-ਨੱਠ ਕਰਦੇ ਹਨ। ਸ਼ਾਮ 6 ਵਜੇ ਉਹ ਵਾਪਸ ਆਉਂਦੇ ਹਨ। ਟੁੱਟ ਭਰਾਵਾਂ ਕੋਲ 4 ਸੀਟਾਂ ਵਾਲਾ ਹੈਲੀਕਾਪਟਰ ਵੀ ਹੈ, ਜਿਸ ਨਾਲ ਉਨ੍ਹਾਂ ਨੂੰ ਜ਼ਮੀਨ 'ਚ ਚੱਕਰ ਲਾਉਣਾ ਆਸਾਨ ਰਹਿੰਦਾ ਹੈ। ਰਣਜੀਤ ਸਿੰਘ ਟੁੱਟ ਦਾ ਕਹਿਣਾ ਹੈ ਕਿ ਟਰੱਕਾਂ ਤੇ ਖੇਤੀ ਤੋਂ ਇਲਾਵਾ ਉਨ੍ਹਾਂ ਦੇ ਬੱਚੇ ਰੀਅਲ ਅਸਟੇਟ ਕਾਰੋਬਾਰ 'ਚ ਵੀ ਕੰਮ ਕਰ ਰਹੇ ਹਨ। 2006-07 ਤੋਂ ਉਹ ਕੰਸਟ੍ਰਕਸ਼ਨ ਸਨਅਤ 'ਚ ਕੰਮ ਕਰ ਰਹੇ ਹਨ ਤੇ ਉਨ੍ਹਾਂ ਨੇ 1400 ਦੇ ਕਰੀਬ ਘਰ ਬਣਾ ਕੇ ਵੇਚੇ ਜਾਂ ਕਿਰਾਏ 'ਤੇ ਦਿੱਤੇ ਹਨ।

## ਪੰਜਾਬ ਦੀ ਕਿਸਾਨੀ ਤੋਂ ਚਿੰਤਤ

ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਤੋਂ ਟੁੱਟ ਭਰਾ ਵੀ ਚਿੰਤਤ ਹਨ। ਉਹ ਇਸ ਵਰਤਾਰੇ ਲਈ ਜਿੱਥੇ ਸਰਕਾਰਾਂ ਨੂੰ ਜ਼ਿੰਮੇਵਾਰ ਮੰਨਦੇ ਹਨ, ਉਥੇ ਕਿਸਾਨਾਂ ਦੇ ਹੱਥੀਂ ਕਿਰਤ ਕਰਨ ਤੋਂ ਹੱਟਣ ਨੂੰ ਵੀ ਜ਼ਿੰਮੇਵਾਰ ਮੰਨਦੇ ਹਨ। ਰਣਜੀਤ ਸਿੰਘ ਟੁੱਟ ਦਾ ਕਹਿਣਾ ਹੈ ਕਿ ਸਾਡੇ ਗੁਰੂ ਸਾਹਿਬਾਨ ਵੱਲੋਂ ਕਿਰਤ ਕਰਨ ਦੀ ਪਾਈ ਗਈ ਪਿਰਤ ਅੱਜ ਅਲੋਪ ਹੋ ਰਹੀ ਹੈ। ਬਹੁਤ ਘੱਟ ਕਿਸਾਨ ਹੱਥੀਂ ਖੇਤੀ ਕਰਨ ਨੂੰ ਪਹਿਲ ਦੇ ਰਹੇ ਹਨ। ਬਹੁਤੇ ਕਿਸਾਨਾਂ ਨੇ ਖੇਤੀਬਾੜੀ ਨੂੰ ਦੂਸਰਿਆਂ ਦੇ ਸਿਰ 'ਤੇ ਛੱਡਿਆ ਹੋਇਆ ਹੈ, ਜਿਸ ਨਾਲ ਖੇਤੀ ਘਾਟੇਵੰਦੀ ਬਣੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਰਹਿੰਦੇ ਵੱਡੇ-ਵੱਡੇ ਪੰਜਾਬੀ ਜ਼ਿੰਮੀਂਦਾਰ ਹਾਲੇ ਵੀ ਹੱਥੀਂ ਕਿਰਤ ਕਰਦੇ ਹਨ। ਉਨ੍ਹਾਂ ਦਾ ਪਰਿਵਾਰ ਵੀ ਖੇਤਾਂ 'ਚ ਜਾ ਕੇ ਆਪਣੀ ਦੇਖ-ਰੇਖ ਵਿਚ ਕੰਮ ਕਰਵਾਉਂਦਾ ਹੈ। ਇਸ ਦੇ ਉਲਟ ਪੰਜਾਬ ਵਿਚ ਕਿਸਾਨਾਂ ਦੇ ਬੱਚੇ ਹੱਥੀਂ ਕਿਰਤ ਕਰਨ ਤੋਂ ਭੱਜਦੇ ਹਨ ਤੇ ਨੌਕਰਾਂ ਦੇ ਸਿਰ 'ਤੇ ਹੀ ਖੇਤੀ ਨੂੰ ਛੱਡ ਦਿੰਦੇ ਹਨ।

ਖੇਤੀ ਕਰਜ਼ਿਆਂ ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਕਿਸਾਨ ਕਰਜ਼ਾ ਲੈ ਕੇ ਉਸ ਦੀ ਵਰਤੋਂ ਖੇਤੀ ਦੀ ਥਾਂ ਵਿਆਹ-ਸ਼ਾਦੀਆਂ, ਗੱਡੀਆਂ ਖ਼ਰੀਦਣ ਤੇ ਟੌਹਰ-ਟੱਪੇ ਵਾਲੇ ਹੋਰਨਾਂ ਕੰਮਾਂ 'ਤੇ ਕਰ ਲੈਂਦੇ ਹਨ ਤੇ ਜਦੋਂ ਕਰਜ਼ਾ ਮੋੜਨ ਦੀ ਵਾਰੀ ਆਉਂਦੀ ਹੈ ਤਾਂ ਉਹ ਕਿਸ਼ਤਾਂ ਭਰਨ ਤੋਂ ਅਵਾਜ਼ਾਰ ਹੋ ਜਾਂਦੇ ਹਨ, ਜਿਸ ਕਾਰਨ ਉਹ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਥੱਲੇ ਦੱਬੇ ਜਾਂਦੇ ਹਨ ਤੇ ਅੰਤ ਖ਼ੁਦਕੁਸ਼ੀਆਂ ਦੇ ਰਾਹ ਪੈਂਦੇ ਹਨ। ਵਿਦੇਸ਼ਾਂ ਵਿਚ ਵੀ ਕਿਸਾਨ ਕਰਜ਼ੇ ਲੈਂਦੇ ਹਨ ਪਰ ਉਥੇ ਕਰਜ਼ਾ ਵਾਪਸੀ ਦਾ ਢੰਗ ਵੱਖਰਾ ਹੈ। ਕਰਜ਼ਾਈ ਕਿਸਾਨ ਵੱਲੋਂ ਪੈਦਾ ਕੀਤੀ ਜਿਣਸ ਦੀ ਰਕਮ ਸਿੱਧੀ ਬੈਂਕ ਖਾਤੇ 'ਚ ਜਾਂਦੀ ਹੈ ਤੇ ਜਦੋਂ ਕਰਜ਼ਾ ਖ਼ਤਮ ਹੁੰਦਾ ਹੈ ਤਾਂ ਉਸ ਤੋਂ ਬਾਅਦ ਹੀ ਕਿਸਾਨ ਨੂੰ ਆਪਣੀ ਜਿਣਸ ਦਾ ਮੁੱਲ ਮਿਲਦਾ ਹੈ। ਭਾਰਤ ਵਿਚ ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਵੀ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਹਨ। ਖਾਦਾਂ ਦਾ ਮੁੱਲ ਤਾਂ 100 ਫੀਸਦੀ ਵਧ ਚੁੱਕਾ ਹੈ ਪਰ ਕਿਸਾਨ ਦੀ ਜਿਣਸ ਦਾ ਮੁੱਲ ਬਹੁਤ ਘੱਟ ਵਧਦਾ ਹੈ। ਜਿਸ ਕਾਰਨ ਖੇਤੀ ਲਾਗਤ ਵਧ ਜਾਂਦੀ ਹੈ ਤੇ ਖੇਤੀ ਘਾਟੇਵੰਦ ਹੋ ਰਹੀ ਹੈ।

## ਖੇਤੀ ਨੂੰ ਹੁਲਾਰਾ ਦੇਣ ਲਈ ਕਿਸਾਨ ਮੇਲੇ ਦੀ ਸ਼ੁਰੂਆਤ

ਟੁੱਟ ਭਰਾਵਾਂ ਨੇ ਪੰਜਾਬ ਦੀ ਕਿਸਾਨੀ ਪ੍ਰਤੀ ਆਪਣਾ ਫਰਜ਼ ਸਮਝਦਿਆਂ ਕਿਸਾਨਾਂ ਨੂੰ ਖੇਤੀ 'ਚ ਸੁਧਾਰ ਲਈ ਨਵੇਂ-ਨਵੇਂ ਢੰਗ ਅਪਣਾਉਣ, ਖੇਤੀ ਨੂੰ ਲਾਹੇਵੰਦ ਬਣਾਉਣ, ਸਹਾਇਕ ਧੰਦੇ ਅਪਨਾਉਣ ਲਈ ਜਾਗਰੂਕ ਕਰਨ ਵਾਸਤੇ ਸੱਤ ਸਾਲ ਪਹਿਲਾਂ ਕਿਸਾਨ ਮੇਲੇ ਦੀ ਸ਼ੁਰੂਆਤ ਕੀਤੀ ਸੀ। ਮੇਲੇ ਵਿਚ ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ, ਖੇਤੀ ਸੰਦਾਂ, ਮਸ਼ੀਨਰੀ, ਬੀਜਾਂ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮੇਲੇ ਵਿਚ ਕਿਸਾਨਾਂ ਨੂੰ ਬੈਂਕ ਤੋਂ ਕਰਜ਼ਾ ਲੈਣ ਦੀ ਪ੍ਰਕਿਰਿਆ ਤੇ ਮਸ਼ੀਨਰੀ 'ਤੇ ਮਿਲਣ ਵਾਸੀ ਸਬਸਿਡੀ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਖੇਤੀ ਮਾਹਰ ਕਿਸਾਨਾਂ ਨੂੰ ਖੇਤੀ ਤਕਨੀਕਾਂ ਤੇ ਸਹਾਇਕ ਧੰਦਿਆਂ ਬਾਰੇ ਸੈਮੀਨਾਰਾਂ ਤੇ ਪ੍ਰਦਰਸ਼ਨੀਆਂ ਰਾਹੀਂ ਜਾਣੂ ਕਰਵਾਉਂਦੇ ਹਨ। ਹਰ ਸਾਲ ਇਸ ਮੇਲੇ ਵਿਚ ਪੰਜਾਬ ਦੇ ਉਤਸ਼ਾਹੀ ਤੇ ਹੱਥੀਂ ਕਿਰਤ ਕਰਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। •



### *ਅਮਰੀਕਾ ਪਰਵਾਸ ਤੇ ਟਰੱਕ ਕੰਪਨੀ ਕਾਇਮ ਕਰਨਾ*

*ਰਣਜੀਤ ਸਿੰਘ ਟੁੱਟ ਦਾ ਦੱਸਣਾ ਹੈ ਕਿ ਉਨ੍ਹਾਂ ਦੇ ਸਭ ਤੋਂ ਵੱਡੇ ਭਰਾ ਅਮਰਜੀਤ ਸਿੰਘ ਟੁੱਟ 1974 ਵਿਚ ਭੂਆ ਦੇ ਪੁੱਤਰ ਜ਼ਰੀਏ ਅਮਰੀਕਾ ਗਏ ਸਨ। ਅਮਰਜੀਤ ਸਿੰਘ ਟੁੱਟ ਨੇ ਉੱਥੇ ਜਾ ਕੇ ਟਰੱਕ ਡਰਾਈਵਰੀ ਕੀਤੀ ਤੇ ਦਿਨ-ਰਾਤ ਦੀ ਮਿਹਨਤ ਸਦਕਾ ਉਸ ਨੇ 1976 'ਚ ਆਪਣਾ ਟਰੱਕ ਖ਼ਰੀਦ ਲਿਆ। ਉਸ ਤੋਂ ਬਾਅਦ ਹੌਲੀ-ਹੌਲੀ ਸੁਰਜੀਤ ਸਿੰਘ ਟੁੱਟ, ਪ੍ਰੀਤਮ ਸਿੰਘ ਟੁੱਟ ਤੇ ਰਣਜੀਤ ਸਿੰਘ ਵੀ ਅਮਰੀਕਾ ਚਲੇ ਗਏ ਤੇ ਉੱਥੇ ਚਾਰਾਂ ਭਰਾਵਾਂ ਨੇ ਪਹਿਲਾਂ ਟਰੱਕ ਡਰਾਈਵਰੀ ਕੀਤੀ ਤੇ ਦਿਨ-ਰਾਤ ਦੀ ਮਿਹਨਤ ਅਤੇ ਪਿਤਾ ਸਾਧੂ ਸਿੰਘ ਟੁੱਟ ਤੇ ਮਾਤਾ ਅਮਰ ਕੌਰ ਟੁੱਟ ਦੀ ਸਿੱਖਿਆ ਤੇ ਰਹਿਨੁਮਾਈ ਹੇਠ ਉਨ੍ਹਾਂ ਨੇ ਆਪਣੀ ਟਰੱਕ ਕੰਪਨੀ ਬਣਾਈ। 1990 ਤੱਕ ਉਨ੍ਹਾਂ ਨੇ ਇਸ ਕੰਪਨੀ ਵਿਚ 400 ਦੇ ਕਰੀਬ ਟਰੱਕ ਸ਼ਾਮਲ ਕਰ ਲਏ। ਇਸ ਤੋਂ ਬਾਅਦ ਉਹ ਆਪਣੇ ਮਾਤਾ-ਪਿਤਾ ਨੂੰ ਵੀ ਕੈਲੇਫੋਰਨੀਆ ਲੈ ਗਏ ਤੇ ਸਾਰਾ ਪਰਿਵਾਰ ਅਮਰੀਕਾ ਵਿਚ ਰਹਿਣ ਲੱਗਾ ਪਰ ਉਨ੍ਹਾਂ ਆਪਣੇ ਪਿੰਡ ਅਤੇ ਪੰਜਾਬ ਨੂੰ ਕਦੇ ਨਹੀਂ ਭੁਲਾਇਆ। ਇਥੇ ਵੀ ਉਨ੍ਹਾਂ ਆਪਣੀ ਜ਼ਮੀਨ ਤੇ ਘਰ ਸਾਂਭ ਕੇ ਰੱਖਿਆ ਹੋਇਆ। ਜਦੋਂ ਸਮਾਂ ਲੱਗੇ ਉਹ ਇਥੇ ਆਉਂਦੇ ਰਹਿੰਦੇ ਹਨ।*

*ਫਲਾਂ ਦੀ ਵਧੇਰੇ ਪੈਦਾਵਾਰ ਤੇ ਸਹੀ ਮੁੱਲ ਨਾ ਮਿਲਣ ਕਾਰਨ ਅਕਸਰ ਬਹੁਤ ਸਾਰਾ ਉਤਪਾਦਨ ਬਰਬਾਦ ਹੋ ਜਾਂਦਾ ਹੈ। ਕਿੰਨੂ ਦੀ ਵਿਕਰੀ ਤੋਂ ਇਲਾਵਾ ਇਸ ਤੋਂ ਖਾਣ ਤੇ ਪੀਣਯੋਗ ਪਦਾਰਥ ਬਣਾ ਕੇ ਚੰਗਾ ਮੁਨਾਫ਼ਾ ਖੱਟਿਆ ਜਾ ਸਕਦਾ ਹੈ...*

# ਕਿੰਨੂ ਦੀ ਪ੍ਰੋਸੈਸਿੰਗ ਲਈ ਵਿਕਸਤ ਤਕਨੀਕਾਂ



• ਪੂਨਮ ਅਗਰਵਾਲ, ਸੁਖਪ੍ਰੀਤ ਕੌਰ
98550-55871

ਪੰਜਾਬ 'ਚ ਕਿੰਨੂ ਨੂੰ ਫਲਾਂ ਦਾ ਰਾਜਾ ਆਖਦੇ ਹਨ। ਇਹ ਬਹੁਤ ਪੌਸ਼ਟਿਕ ਫਲ ਹੈ, ਜਿਸ 'ਚ ਵਿਟਾਮਿਨ-ਸੀ, ਕੈਲਸ਼ੀਅਮ, ਫਾਸਫੋਰਸ ਤੇ ਮੈਗਨੀਸ਼ੀਅਮ ਵਰਗੇ ਖਣਿਜ ਵੱਡੀ ਮਾਤਰਾ 'ਚ ਹੁੰਦੇ ਹਨ। ਇਸ ਤੋਂ ਇਲਾਵਾ ਕਿੰਨੂ 'ਚ ਕਈ ਤਰ੍ਹਾਂ ਦੇ ਜੀਵ-ਕਿਰਿਆਤਮਕ ਸੰਘਟਕ ਜਿਵੇਂ ਲਿਮੋਨਿਨ ਤੇ ਨਿਰੰਜਿਨ ਵੀ ਹੁੰਦੇ ਹਨ, ਜੋ ਮਨੁੱਖੀ ਸਿਹਤ ਲਈ ਲਾਭਕਾਰੀ ਹਨ। ਪੰਜਾਬ 'ਚ ਕਿੰਨੂ ਦੀ ਕਾਸ਼ਤ 50 ਹਜ਼ਾਰ ਹੈਕਟੇਅਰ ਰਕਬੇ ਉੱਪਰ ਕੀਤੀ ਜਾਂਦੀ ਹੈ ਤੇ ਹਰ ਸਾਲ 10 ਲੱਖ ਟਨ ਕਿੰਨੂ ਦੀ ਪੈਦਾਵਾਰ ਹੁੰਦੀ ਹੈ। ਹਾਲਾਂਕਿ ਕਿੰਨੂ ਨੂੰ ਸਿੱਧੇ ਤੌਰ 'ਤੇ ਖਾਧਾ ਜਾਂਦਾ ਹੈ ਪਰ ਕੁੜਤਣ ਕਾਰਨ ਇਸ ਦੀ ਪ੍ਰੋਸੈਸਿੰਗ ਉੱਪਰ ਕਾਫੀ ਪ੍ਰਭਾਵ ਪੈਂਦਾ ਹੈ। ਲਿਮੋਨੇਟ-ਏ ਰਿੰਗ ਲੈਕਟੋਨ ਦੇ ਲਿਮੋਨਿਨ ਵਿਚ ਤਬਦੀਲ ਹੋਣ ਕਾਰਨ ਇਸ 'ਚ ਕੁੜੱਤਣ ਪੈਦਾ ਹੋ ਜਾਂਦੀ ਹੈ। ਲਿਮੋਨਿਨ ਵਿਚ ਐਂਟੀ ਆਕਸੀਡੈਂਟ ਗੁਣ ਵੀ ਹੁੰਦੇ ਹਨ।

ਕਿੰਨੂ ਦੀ ਪ੍ਰੋਸੈਸਿੰਗ ਤੋਂ 50 ਫ਼ੀਸਦੀ ਜੂਸ, 25 ਫ਼ੀਦੀ ਛਿਲਕਾ, 23 ਫ਼ੀਸਦੀ ਰਹਿੰਦ-ਖੂੰਹਦ ਤੇ 2 ਫ਼ੀਸਦੀ ਬੀਜ ਪ੍ਰਾਪਤ ਹੁੰਦੇ ਹਨ। ਕਿੰਨੂ ਦੇ ਛਿਲਕੇ ਤੇ ਹੋਰ ਰਹਿੰਦ-ਖੂੰਹਦ ਵਿਚ ਵੀ ਵਧੀਆ ਕਿਸਮ ਦੀਆਂ ਐਂਟੀ ਆਕਸੀਡੈਂਟ ਗਤੀਵਿਧੀਆਂ ਹੁੰਦੀਆਂ ਹਨ। ਜੇ ਕਿੰਨੂ ਦੇ ਛਿਲਕੇ ਤੇ ਹੋਰ ਰਹਿੰਦ-ਖੂੰਹਦ ਨੂੰ ਵਰਤਿਆ ਜਾਵੇ ਤਾਂ ਇਹ ਕਿਸਾਨਾਂ ਤੇ ਕਾਰੋਬਾਰੀਆਂ ਲਈ ਆਰਥਿਕ ਪੱਖੋਂ ਬਹੁਤ ਫ਼ਾਇਦੇਮੰਦ ਹੈ। ਕਿੰਨੂ ਦੀ ਪ੍ਰੋਸੈਸਿੰਗ ਕਰ ਕੇ ਅਸੀਂ ਟੌਫੀਆਂ, ਮੁਰੱਬਾ, ਜੂਸ, ਸਕੁਐਸ਼, ਕਿੰਨੂ ਦਾ ਸੁੱਕਾ ਛਿਲਕਾ, ਕਿੰਨੂ ਦੇ ਛਿਲਕੇ ਤੋਂ ਬਣੀ ਕੈਂਡੀ ਤੇ ਆਈਸਕ੍ਰੀਮ ਆਦਿ ਕਈ ਤਰ੍ਹਾਂ ਦੇ ਵੈਲੀਊ-ਐਡਿਡ ਉਤਪਾਦ ਤਿਆਰ ਕਰ ਸਕਦੇ ਹਾਂ। ਇਹ ਉਤਪਾਦ ਤਿਆਰ ਕਰਨ 'ਤੇ ਜ਼ਿਆਦਾ ਖ਼ਰਚਾ ਨਹੀਂ ਆਉਂਦਾ ਹੈ। ਇਨ੍ਹਾਂ ਨੂੰ ਬਣਾਉਣ ਲਈ ਖ਼ਾਸ ਮਸ਼ੀਨਰੀ ਦੀ ਵੀ ਲੋੜ ਨਹੀਂ ਪੈਂਦੀ ਤੇ ਇਹ ਪੌਸ਼ਟਿਕ ਪੱਖ ਤੋਂ ਵੀ ਗੁਣਕਾਰੀ ਹਨ।

## ਕਿੰਨੂ ਤੋਂ ਬਣਨ ਵਾਲੇ ਉਤਪਾਦ

**ਕਿੰਨੂ ਦੀ ਕੈਂਡੀ :** ਕੈਂਡੀ ਤਿਆਰ ਕਰਨ ਲਈ ਕਿੰਨੂ ਨੂੰ ਛਿੱਲ ਕੇ ਲੰਬੇਦਾਅ ਕੱਟਿਆ ਜਾਂਦਾ ਹੈ। ਬੀਜ ਕੱਢ ਕੇ ਫਾੜੀਆਂ 'ਚ ਛੋਟੇ ਛੇਕ ਕੀਤੇ ਜਾਂਦੇ ਹਨ। ਫਾੜੀਆਂ ਨੂੰ 4 ਫ਼ੀਸਦੀ ਕੈਲਸ਼ੀਅਮ ਹਾਈਡ੍ਰੋਆਕਸਾਈਡ ਦੇ ਘੋਲ ਵਿਚ ਸਾਰੀ ਰਾਤ ਡੋਬ ਕੇ ਰੱਖਿਆ ਜਾਂਦਾ ਹੈ ਤੇ ਅਗਲੇ ਦਿਨ ਇਨ੍ਹਾਂ ਨੂੰ ਗਰਮ ਪਾਣੀ ਨਾਲ ਧੋਤਾ ਜਾਂਦਾ ਹੈ। ਕਿੰਨੂ ਦੀਆਂ ਅਣ-ਉਪਚਾਰਤ ਫਾੜੀਆਂ ਨੂੰ 0.3 ਫ਼ੀਸਦੀ ਸਿਟਰਿਕ ਐਸਿਡ ਵਾਲੇ ਖੰਡ ਦੇ ਘੋਲ ਵਿਚ ਪੂਰੀ ਰਤਾ ਭਿਉਂ ਕੇ ਰੱਖਿਆ ਜਾਂਦਾ ਹੈ।

ਅਗਲੇ ਦਿਨ ਘੋਲ 'ਚ ਹੋਰ ਖੰਡ ਪਾ ਕੇ ਅਤੇ ਗਰਮ ਕਰ ਕੇ ਇਸ ਦੀਆਂ ਬ੍ਰਿਕਸ ਨੂੰ 10 ਫ਼ੀਸਦੀ ਤਕ ਵਧਾਇਆ ਜਾਂਦਾ ਹੈ। ਸੰਤੁਲਨ ਬਣਾਉਣ ਲਈ ਇਸ ਨੂੰ ਇਕ ਰਾਤ ਲਈ ਇਸੇ ਤਰ੍ਹਾਂ ਪਿਆ ਰਹਿਣ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰੋਜ਼ਾਨਾ ਖੰਡ ਦੇ ਘੋਲ ਦੀ ਘਣਤਾ 10 ਫ਼ੀਸਦੀ ਵਧਾਈ ਜਾਂਦੀ ਹੈ ਤੇ ਇਹ ਕੰਮ ਉਦੋਂ ਤਕ ਕੀਤਾ ਜਾਂਦਾ ਹੈ ਜਦ ਤਕ ਘੋਲ ਦੀ ਘਣਤਾ 70 ਫ਼ੀਸਦੀ ਨਾ ਹੋ ਜਾਵੇ। ਖੰਡ ਦੇ ਇਸ ਘੋਲ 'ਚ 200 ਪੀਪੀਐੱਮ ਸੋਡੀਅਮ ਬੈਂਜੋਏਟ ਪਾ ਕੇ ਇਸ ਵਿਚ ਫਾੜੀਆਂ ਨੂੰ ਇਕ ਹਫ਼ਤੇ ਤਕ ਰੱਖਿਆ ਜਾਂਦਾ ਹੈ। ਘੋਲ ਵਿੱਚੋਂ ਕਿੰਨੂ ਦੀਆਂ ਫਾੜੀਆਂ ਕੱਢ ਕੇ ਇਸ ਦੀ 4 ਫ਼ੀਸਦੀ ਪੈਕਟਿਨ ਨਾਲ ਕੋਟਿੰਗ ਕੀਤੀ ਜਾਂਦੀ ਹੈ ਤੇ ਇਸ ਮਗਰੋਂ ਹੌਟ ਏਅਰ ਡਰਾਇਰ ਵਿਚ 55 ਡਿਗਰੀ ਤਾਪਮਾਨ ਉੱਪਰ 6-7 ਘੰਟਿਆਂ ਤਕ ਸੁਕਾਇਆ ਜਾਂਦਾ ਹੈ।

**ਕਿੰਨੂ ਦਾ ਮੁਰੱਬਾ :** ਮੁਰੱਬਾ ਤਿਆਰ ਕਰਨ ਲਈ 3:1 ਅਨੁਪਾਤ ਵਿਚ ਕਿੰਨੂ ਤੇ ਨਿੰਬੂ ਦਾ ਮਿਸ਼ਰਣ ਤਿਆਰ ਕੀਤਾ ਜਾਂਦਾ ਹੈ। ਮੁਰੱਬਾ ਤਿਆਰ ਕਰਨ ਲਈ ਤਿੰਨ ਪੜਾਅ ਹੁੰਦੇ ਹਨ-ਪੈਕਟਿਨ ਦਾ ਅਰਕ ਤਿਆਰ ਕਰਨਾ, ਛਿਲਕਿਆਂ ਦੇ ਟੁਕੜੇ ਕਰਨਾ ਤੇ ਪਕਾਉਣਾ।

**ਪੈਕਟਿਨ ਦਾ ਅਰਕ ਤਿਆਰ ਕਰਨਾ :** ਪੈਕਟਿਨ ਦਾ ਅਰਕ ਬਣਾਉਣ ਲਈ ਫਲ ਨੂੰ ਛੋਟੇ ਟੁਕੜਿਆਂ 'ਚ ਕੱਟ ਕੇ ਪਾਣੀ 'ਚ (ਫਲ ਦੇ ਭਾਰ ਤੋਂ ਦੁੱਗਣਾ) ਘੱਟ ਅੱਗ ਉੱਪਰ 40 ਮਿੰਟ ਉਬਾਲਿਆ ਜਾਂਦਾ ਹੈ। ਫਲ ਦੇ ਇਸ ਉਬਾਲ ਹੋਏ ਮਿਸ਼ਰਣ ਨੂੰ ਮਲਮਲ ਦੇ ਕਪੜੇ ਨਾਲ ਛਾਣ ਕੇ ਪੈਕਟਿਨ ਦਾ ਅਰਕ ਕੱਢਿਆ ਜਾਂਦਾ ਹੈ। ਇਸ ਮਗਰੋਂ ਬਚੀ ਰਹਿੰਦ-ਖੂੰਹਦ ਵਿਚ ਹੋਰ ਪਾਣੀ ਪਾ ਕੇ ਇਸ ਨੂੰ ਫਿਰ 20 ਮਿੰਟ ਲਈ ਉਬਾਲ ਕੇ ਹੋਰ ਅਰਕ ਕੱਢਿਆ ਜਾਂਦਾ ਹੈ। ਦੋਵਾਂ ਅਰਕਾਂ ਨੂੰ ਇਕ ਕੋਨੀਕਲ ਫਲਾਸਕ 'ਚ ਪਾ ਕੇ ਇਕ ਰਾਤ ਲਈ ਰੱਖ ਦਿੱਤਾ ਜਾਂਦਾ ਹੈ। ਜਦੋਂ ਇਸ ਮਿਸ਼ਰਣ ਦੀ ਗਾਦ ਹੇਠਾਂ ਬੈਠ ਜਾਵੇ ਤਾਂ ਇਸ ਮਿਸ਼ਰਣ ਨੂੰ ਪੁਣ ਕੇ ਅਰਕ ਵੱਖ ਕਰ ਲਿਆ ਜਾਂਦਾ ਹੈ।

**ਛਿਲਕਿਆਂ ਦੇ ਟੁਕੜੇ ਕਰਨਾ :** ਕਿੰਨੂ ਦੇ ਛਿਲਕਿਆਂ ਦੇ 2.5 ਸੈਮੀ. ਲੰਬੇ ਤੇ 0.5 ਸੈਮੀ. ਚੌੜੇ ਟੁਕੜੇ ਕੀਤੇ ਜਾਂਦੇ ਹਨ। ਇਨ੍ਹਾਂ ਛਿਲਕਿਆਂ ਨੂੰ ਪਾਣੀ 'ਚ ਉਬਾਲ ਕੇ ਨਰਮ ਕੀਤਾ ਜਾਂਦਾ ਹੈ। ਛਿਲਕਿਆਂ ਨੂੰ 10-15 ਮਿੰਟ ਤਕ ਉਬਾਲਿਆ ਜਾਂਦਾ ਹੈ ਤੇ ਇਸ ਪ੍ਰਕਿਰਿਆਂ ਦੌਰਾਨ ਤਿੰਨ ਵਾਰ ਪਾਣੀ ਬਦਲਿਆ ਜਾਂਦਾ ਹੈ ਤਾਂ ਜੋ ਛਿਲਕੇ ਦੀ ਕੁੜੱਤਣ ਖ਼ਤਮ ਹੋ ਜਾਵੇ।

**ਪਕਾਉਣਾ :** ਅਰਕ ਨੂੰ ਉਬਾਲ ਕੇ ਇਸ ਵਿਚ ਖੰਡ (700 ਗ੍ਰਾਮ/ਕਿਲੋਗ੍ਰਾਮ ਅਰਕ) ਪਾਈ ਜਾਂਦੀ ਹੈ। ਖੰਡ ਦੀ ਥੋੜ੍ਹੀ ਜਿਹੀ ਮਿਕਦਾਰ ਵਿਚ ਪੈਕਟਿਨ ਪਾਈ ਜਾਂਦੀ ਹੈ ਤੇ ਇਸ ਨੂੰ 5-7 ਮਿੰਟ ਤਕ ਉਬਾਲ ਕੇ ਉੱਬਲੇ ਹੋਏ ਅਰਕ ਵਿਚ ਪਾਇਆ ਜਾਂਦਾ ਹੈ। ਜਦੋਂ ਇਸ ਘੋਲ ਦਾ ਤਾਪਮਾਨ 100 ਡਿਗਰੀ ਹੋ ਜਾਵੇ ਤਾਂ ਇਸ ਵਿਚ ਛਿਲਕਿਆਂ ਦੇ ਟੁਕੜੇ ਪਾ ਦਿੱਤੇ ਜਾਂਦੇ ਹਨ (30 ਗ੍ਰਾਮ/ਕਿਲੋਗ੍ਰਾਮ ਅਰਕ ਦੇ ਹਿਸਾਬ ਨਾਲ)। ਇਸ ਮਿਸ਼ਰਣ ਨੂੰ ਉਦੋਂ ਤਕ ਉਬਾਲਿਆ ਜਾਂਦਾ ਹੈ ਜਦੋਂ ਤਕ ਜੈਲੀ ਨਾ ਬਣ ਜਾਵੇ। ਇਸ ਘੋਲ ਨੂੰ ਉਦੋਂ ਤਕ ਉਬਾਲਿਆ ਜਾਂਦਾ ਹੈ ਜਦੋਂ ਤਕ ਤਾਪਮਾਨ 105 ਡਿਗਰੀ ਤੇ ਕੁੱਲ ਘੁਲਣਸ਼ੀਲ ਤਾਪਮਾਨ 65 ਡਿਗਰੀ ਤਕ ਨਾ ਹੋ ਜਾਵੇ। ਮੁਰੱਬੇ ਨੂੰ ਠੰਡਾ ਕਰ ਕੇ ਹੌਲੀ-ਹੌਲੀ ਉਦੋਂ ਤਕ ਹਿਲਾਇਆ ਜਾਂਦਾ ਹੈ ਜਦੋਂ ਤਕ ਤਾਪਮਾਨ 80 ਡਿਗਰੀ ਤੋਂ ਘੱਟ ਨਾ ਜਾਵੇ ਤੇ ਇਸ ਮਗਰੋਂ ਮੁਰੱਬੇ ਨੂੰ ਕੱਚ ਦੇ ਮਰਤਬਾਨਾਂ 'ਚ ਭਰ ਦਿੱਤਾ ਜਾਂਦਾ ਹੈ। •

### *ਕਿੰਨੂ ਦਾ ਜੂਸ*

*ਕਿੰਨੂ ਦਾ ਜੂਸ ਕੱਢਣ ਲਈ ਇਸ ਨੂੰ ਹੱਥਾਂ ਨਾਲ ਛਿੱਲਿਆ ਜਾਂਦਾ ਹੈ ਤੇ ਸਟੀਲ ਦੇ ਚਾਕੂ ਨਾਲ ਫਾੜੀਆਂ ਨਾਲ ਲੱਗੇ ਸਫ਼ੈਦ ਰੰਗ ਦੇ ਪਤਲੇ ਛਿਲਕੇ ਨੂੰ ਉਤਾਰ ਦਿੱਤਾ ਜਾਂਦਾ ਹੈ। ਇਕ ਸਕਰਿਊ ਵਰਗੇ ਐਕਸਟ੍ਰੈਕਟ ਨਾਲ ਜੂਸ ਕੱਢਿਆ ਜਾਂਦਾ ਹੈ। ਇਸ ਜੂਸ ਨੂੰ ਮਲਮਲ ਦੇ ਕੱਪੜੇ ਨਾਲ ਪੁਣ ਕੇ 80-85 ਡਿਗਰੀ ਤਾਪਮਾਨ ਉੱਪਰ ਦੋ ਮਿੰਟ ਲਈ ਪਾਸਚੁਰਾਈਜ਼ਡ ਕਰ ਕੇ ਕੱਚ ਦੀਆਂ ਬੋਤਲਾਂ 'ਚ ਭਰ ਲਿਆ ਜਾਂਦਾ ਹੈ। ਬੋਤਲਾਂ 'ਚ ਜੂਸ ਪਾਉਣ ਮਗਰੋਂ ਬੋਤਲਾਂ ਨੂੰ ਚੰਗੀ ਤਰ੍ਹਾਂ ਬੰਦ ਕਰ ਕੇ ਉੱਬਲਦੇ ਪਾਣੀ ਵਿਚ 30 ਮਿੰਟ ਲਈ ਉਬਾਲਿਆ ਜਾਂਦਾ ਹੈ ਤੇ ਤੁਰੰਤ ਬਾਅਦ ਸਾਧਾਰਨ ਤਾਪਮਾਨ ਉੱਪਰ ਚਲਦੇ ਪਾਣੀ ਨਾਲ ਠੰਡਾ ਕਰ ਲਿਆ ਜਾਂਦਾ ਹੈ।*



### *ਕਿੰਨੂ ਦੀ ਸਕੁਐਸ਼*

*ਫਲ ਦੇ ਰਸ ਅਤੇ ਚੀਨੀ ਦਾ ਮਿਸ਼ਰਣ ਬਣਾ ਕੇ ਸਕੁਐਸ਼ ਬਣਾਈ ਜਾਂਦੀ ਹੈ। ਇਕ ਕਿੱਲੋ ਕਿੰਨੂ ਦੇ ਜੂਸ ਦੀ ਸਕੁਐਸ਼ ਤਿਆਰ ਕਰਨ ਲਈ 1.35 ਕਿੱਲੋ ਚੀਨੀ, 650 ਮਿਲੀਲਿਟਰ ਪਾਣੀ, 30 ਗ੍ਰਾਮ ਸਿਟ੍ਰਿਕ ਐਸਿਡ ਤੇ 1.2 ਗ੍ਰਾਮ ਪੋਟਾਸ਼ੀਅਮ ਮੈਟਾਬਾਈਸਲਫਾਈਟ ਦੀ ਲੋੜ ਪੈਂਦੀ ਹੈ। ਪਾਣੀ ਵਿਚ ਲੋੜੀਂਦੀ ਮਾਤਰਾ 'ਚ ਚੀਨੀ ਤੇ ਐਸਿਡ ਮਿਲਾ ਕੇ ਇਸ ਨੂੰ ਉਬਾਲ ਲਓ। ਇਸ ਘੋਲ ਨੂੰ ਠੰਡਾ ਕਰ ਕੇ ਮਲਮਲ ਦੇ ਕਪੜੇ ਨਾਲ ਛਾਣ ਲਵੋ। ਹੌਲੀ-ਹੌਲੀ ਰਲਾਓ ਤੇ ਇਸ ਘੋਲ ਵਿਚ ਕਿੰਨੂ ਦਾ ਜੂਸ ਪਾ ਕੇ ਇਸ ਘੋਲ ਨੂੰ ਹਿਲਾਉਂਦੇ ਰਹੋ। ਥੋੜ੍ਹੇ ਜਿਹੇ ਜੂਸ ਵਿਚ ਪੋਟਾਸ਼ੀਅਮ ਬੈਂਜੋਏਟ ਨੂੰ ਘੋਲੋ ਤੇ ਫਿਰ ਇਸ ਘੋਲ ਨੂੰ ਸਾਰੇ ਮਿਸ਼ਰਣ ਵਿਚ ਰਲਾ ਦਿਓ। ਇਸ ਸਕੁਐਸ਼ ਨੂੰ ਬੋਤਲਾਂ 'ਚ ਭਰ ਕੇ ਇਨ੍ਹਾਂ ਨੂੰ ਬੰਦ ਕਰ ਦਿਓ। ਵਰਤੋਂ ਤੋਂ ਪਹਿਲਾਂ ਸਕੁਐਸ਼ ਨੂੰ ਪਾਣੀ ਵਿਚ ਪਾ ਕੇ ਪਤਲਾ ਕੀਤਾ ਜਾਂਦਾ ਹੈ।*

# ਖੇਤੀ ਖੋਜ 'ਚ ਪੀਏਯੂ ਨੇ ਕਾਇਮ ਕੀਤੇ ਕਈ ਮੀਲ ਪੱਥਰ

• ਡਾ. ਰਣਜੀਤ ਸਿੰਘ
94170-87328

ਪੰਜਾਬ ਵਿਚ ਖੇਤੀ ਖੋਜ ਦੀ ਜ਼ਿੰਮੇਵਾਰੀ ਪੰਜਾਬ ਐਗਰੀਕਲਰਲ ਯੂਨੀਵਰਸਿਟੀ ਦੀ ਹੈ। ਖੋਜ ਸਦਕਾ ਹੀ ਦੇਸ਼ ਦੀਆਂ ਅਨਾਜ ਸਬੰਧੀ ਲੋੜਾਂ ਪੂਰੀਆਂ ਕਰਨ ਕਰਕੇ ਪੰਜਾਬ ਦੇਸ਼ ਦਾ ਅੰਨਦਾਤਾ ਬਣਿਆ ਹੈ। ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਕਣਕ-ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਮਧਰੀਆਂ ਕਿਸਮਾਂ, ਸਿੰਚਾਈ ਸਹੂਲਤਾਂ, ਖਾਦਾਂ ਤੇ ਹੋਰ ਖੇਤੀ ਲੋੜਾਂ ਦੀ ਉਪਲਬਧਤਾ ਦੀ ਅਹਿਮ ਭੂਮਿਕਾ ਹੈ। ਧਰਤੀ ਹੇਠਲਾ ਘਟ ਰਿਹਾ ਪਾਣੀ ਤੇ ਖੇਤੀ ਖ਼ਰਚਿਆਂ 'ਚ ਹੋ ਰਿਹਾ ਵਾਧਾ ਖੇਤੀ ਵਿਗਿਆਨੀਆਂ ਲਈ ਚੁਣੌਤੀ ਹੈ ਪਰ ਉਨ੍ਹਾਂ ਨੇ ਇਸ ਦਾ ਮੁਕਾਬਲਾ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਕਣਕ ਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ, ਘੱਟ ਸਮੇਂ 'ਚ ਪੱਕਣ, ਕੀੜਿਆਂ ਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ।

## ਦਰਜਨਾਂ ਨਵੀਆਂ ਕਿਸਮਾਂ ਦੀ ਖੋਜ

ਕਣਕ ਤੇ ਝੋਨੇ ਦੀਆਂ ਨਵੀਆਂ ਕਿਸਮਾਂ ਨਾਲ ਜਿਥੇ ਉਪਜ 'ਚ ਵਾਧਾ ਹੋਇਆ ਉੱਥੇ ਜ਼ਮੀਨਦੋਜ਼ ਪਾਣੀ ਦੀ ਵੀ ਬੱਚਤ ਹੋਈ ਤੇ ਰਸਾਇਣਾਂ ਦੀ ਵਰਤੋਂ ਵੀ ਘਟੀ। ਧਰਤੀ ਦੀ ਸਿਹਤ 'ਚ ਵੀ ਸੁਧਾਰ ਆਇਆ। ਖੇਤੀ ਖ਼ਰਚੇ ਘੱਟ ਕਰਨ ਲਈ ਜ਼ਰੂਰੀ ਹੈ ਕਿ ਰਸਾਇਣਾਂ ਦੀ ਵਰਤੋਂ ਘੱਟ ਕੀਤੀ ਜਾਵੇ। ਬੀਤੇ ਵਰ੍ਹੇ ਝੋਨੇ ਦੀ ਨਵੀਂ ਕਿਸਮ ਪੀਆਰ-126 ਕਾਸ਼ਤ ਲਈ ਦਿੱਤੀ ਗਈ, ਜਿਹੜੀ ਸਿਰਫ਼ 123 ਦਿਨਾਂ 'ਚ ਤਿਆਰ ਹੁੰਦੀ ਹੈ ਤੇ 30 ਕੁਇੰਟਲ ਤੋਂ ਵੱਧ ਝਾੜ ਦਿੰਦੀ ਹੈ। ਪੀਆਰ-121 ਕਿਸਮ ਦੀ ਸਭ ਤੋਂ ਵੱਧ ਰਕਬੇ 'ਚ ਕਾਸ਼ਤ ਕੀਤੀ ਗਈ। ਬਾਸਮਤੀ ਦੀਆਂ ਤਿੰਨ ਕਿਸਮਾਂ ਪੰਜਾਬ ਬਾਸਮਤੀ-5, ਪੰਜਾਬ ਬਾਸਮਤੀ-4 ਤੇ ਸੀਐੱਸਆਰ-30 ਦੀ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ। ਗੰਨੇ ਦੀਆਂ ਤਿੰਨ ਨਵੀਆਂ ਕਿਸਮਾਂ ਸੀਓਪੀਬੀ-92, ਸੀਓਪੀਬੀ-93 ਤੇ ਸੀਓਪੀਬੀ-94 ਕਾਸ਼ਤ ਲਈ ਦਿੱਤੀਆਂ ਗਈਆਂ। ਸੀਓਪੀਬੀ-94 ਕਿਸਮ ਦਾ ਝਾੜ 400 ਕੁਇੰਟਲ ਪ੍ਰਤੀ ਏਕੜ ਹੈ।



ਕੁਝ ਵਰ੍ਹੇ ਪਹਿਲਾਂ ਪੰਜਾਬ 'ਚ ਸਭ ਤੋਂ ਵਧ ਰਕਬੇ 'ਚ ਬੀਜੀਆਂ ਜਾਣ ਵਾਲੀਆਂ ਕਣਕ ਦੀਆਂ ਕਿਸਮਾਂ ਪੀਬੀਡਬਲਿਊ-343 ਤੇ ਪੀਬੀ-550 'ਚ ਸੁਧਾਰ ਕਰ ਕੇ ਕਣਕ ਦੀ ਉੱਨਤ ਕਿਸਮ ਪੀਬੀਡਬਲਿਊ-343 ਤੇ ਉੱਨਤ ਪੀਬੀ-550 ਕਾਸ਼ਤ ਲਈ ਦਿਤੀਆਂ ਗਈਆਂ। ਇਨ੍ਹਾਂ ਕਿਸਮਾਂ ਦਾ ਝਾੜ 23 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਇਕ ਹੋਰ ਨਵੀਂ ਕਿਸਮ ਪੀਬੀਡਬਲਿਊ-1 ਜ਼ਿੰਕ ਕਾਸ਼ਤ ਲਈ ਦਿੱਤੀ ਗਈ। ਇਸ ਵਿਚ ਜ਼ਿੰਕ ਦੀ ਮਾਤਰਾ ਵਧੇਰੇ ਹੈ। ਇਹ ਕਿਸਮਾਂ ਭੂਰੀ ਤੇ ਪੀਲੀ ਕੁੰਗੀ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ। ਰਾਇਆ ਦੀ ਕਿਸਮ ਗਿਰੀਰਾਜ ਵੀ ਕਾਸ਼ਤ ਲਈ ਦਿੱਤੀ ਗਈ, ਜਿਸ ਤੋਂ 8 ਕੁਇੰਟਲ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਸਕਦਾ ਹੈ।

## ਹਰੇ ਚਾਰੇ ਤੇ ਸਬਜ਼ੀਆਂ

ਹਰੇ ਚਾਰੇ ਦੀ ਉਪਜ 'ਚ ਵਾਧੇ ਲਈ ਬਰਸੀਮ ਦੀ ਕਿਸਮ ਬੀਐੱਲ-43 ਦਿੱਤੀ ਗਈ,।ਜਿਸ ਤੋਂ ਜੂਨ ਮਹੀਨੇ ਤਕ 400 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਪ੍ਰਾਪਤ ਹੁੰਦਾ ਹੈ। ਇਸ ਤੋਂ ਬੀਜ ਵੀ ਵਧੀਆ ਬਣਦਾ ਹੈ। ਜਵੀ ਦੀ ਨਵੀਂ ਕਿਸਮ ਓਐੱਲ-11 ਵੀ ਕਾਸ਼ਤ ਲਈ ਰਿਲੀਜ਼ ਕੀਤੀ ਗਈ। ਨੇਪੀਅਰ ਬਾਜ਼ਰੇ ਦੀ ਨਵੀਂ ਕਿਸਮ ਪੀਐੱਲ-342 ਅਤੇ 346 ਵੀ ਵਿਕਸਤ ਕੀਤੀਆਂ ਗਈਆਂ। ਗਰਮੀਆਂ ਵਿਚ ਕਾਸ਼ਤ ਲਈ ਮੂੰਗੀ ਦੀ ਇਕ ਕਿਸਮ ਈਐੱਮਬੀ-37 ਵੀ ਮਨਜ਼ੂਰ ਹੋਈ ਹੈ। ਮੂੰਗੀ ਦੀ ਇਹ ਕਿਸਮ ਦੋ ਮਹੀਨਿਆਂ 'ਚ ਤਿਆਰ ਹੋ ਜਾਂਦੀ ਹੈ ਤੇ 5 ਕੁਇੰਟਲ ਝਾੜ ਪ੍ਰਤੀ ਏਕੜ ਦਿੰਦੀ ਹੈ। ਕਿਸੇ ਵੀ ਹੋਰ ਸੰਸਥਾ ਦੇ ਮੁਕਾਬਲੇ ਫ਼ਸਲਾਂ ਦੀ ਨਵੀਆਂ ਤੇ ਸੁਧਰੀਆਂ ਕਿਸਮਾਂ ਵਿਕਸਤ ਕਰਨ ਲਈ ਭਾਰਤੀ ਪੌਦ ਨਸਲਕਸ਼ੀ ਸੁਸਾਇਟੀ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪੀਏਯੂ ਨੂੰ ਇਹ ਵੀ ਮਾਣ ਪ੍ਰਾਪਤ ਹੋਇਆ ਹੈ ਕਿ ਨਰਮੇ ਦੀ ਸਰਕਾਰੀ ਖੇਤਰ ਵਿਚ ਪਹਿਲੀ ਬੀਟੀ ਕਿਸਮ ਪੀਏਯੂ ਨੇ ਬੀਟੀ-1 ਤਿਆਰ ਕੀਤੀ ਹੈ। ਨਰਮੇ ਦੀਆਂ ਕਿਸਮਾਂ ਐੱਲਐੱਚ-2256 ਅਤੇ ਐੱਫ-2276 ਵੀ ਵਿਕਸਤ ਕੀਤੀਆਂ ਗਈਆਂ। ਛੋਲਿਆਂ ਦੀ ਨਵੀਂ ਕਿਸਮ ਪੀਏਯੂ-881 ਵੀ ਤਿਆਰ ਕੀਤੀ ਗਈ। ਇਸੇ ਤਰ੍ਹਾਂ ਸਬਜ਼ੀਆਂ ਦੀਆਂ ਸੱਤ ਕਿਸਮਾਂ, ਜਿਨ੍ਹਾਂ ਵਿਚ ਖਰਬੂਜ਼ੇ ਦੀ ਇਕ, ਘੀਆ ਕਦੂ ਦੀ ਇਕ, ਝਾੜ ਕਰੇਲੇ ਦੀ ਇਕ, ਟਮਾਟਰ ਦੀਆਂ ਦੋ, ਬੈਂਗਣ ਦੀ ਇਕ ਅਤੇ ਭਿੰਡੀ ਦੀ ਇਕ ਨਵੀਂ ਕਿਸਮ ਦੀ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ। ਫਲਾਂ ਵਿਚ ਅਗੂਰਾਂ ਦੀ ਅਤੇ ਬਿਲ ਦੀ ਇਕ ਕਿਸਮ ਸੁਪੀਰੀਅਰ ਸੀਡਲੈੱਸ ਤੇ ਕਾਗਜ਼ੀ ਤਿਆਰ ਕੀਤੀਆਂ ਗਈਆਂ। ਇਸ ਤੋਂ ਇਲਾਵਾ ਵੱਖ-ਵੱਖ ਫੁੱਲਾਂ ਦੀਆਂ ਵੀ 15 ਨਵੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ।

## ਦੇਸ਼ ਦੀਆਂ ਪਹਿਲੀਆਂ 70 ਸੰਸਥਾਵਾਂ 'ਚ ਸ਼ੁਮਾਰ

ਭਾਰਤ ਸਰਕਾਰ ਦੇ ਮਨੁਖੀ ਵਸੀਲੇ ਵਿਕਾਸ ਮੰਤਰਾਲੇ ਵੱਲੋਂ ਪੀਏਯੂ ਨੂੰ ਪੰਜਾਬ ਦੀ ਸਭ ਤੋਂ ਵਧੀਆ ਯੂਨੀਵਰਸਿਟੀ ਐਲਾਨਿਆ ਗਿਆ ਹੈ। ਭਾਰਤ ਦੀਆਂ ਸਮੁੱਚੀਆਂ ਖੇਤੀ ਯੂਨੀਵਰਸਿਟੀਆਂ 'ਚ ਇਸ ਦਾ ਦੂਜਾ ਸਥਾਨ ਹੈ। ਭਾਰਤੀ ਖੇਤੀ ਖੋਜ ਪ੍ਰੀਸ਼ਦ ਨੇ ਵੀ ਇਸ ਨੂੰ 2017 ਦੀ ਸਭ ਤੋਂ ਵਧੀਆ ਖੇਤੀ ਯੂਨੀਵਰਸਿਟੀ ਐਲਾਨਿਆ। ਪੀਏਯੂ ਸਭ ਤੋਂ ਵੱਧ ਖੋਜ ਪੱਤਰ ਪ੍ਰਕਾਸ਼ਤ ਕਰਨ ਵਾਲੀ ਪਹਿਲੇ ਨੰਬਰ ਦੀ ਸੰਸਥਾ ਬਣੀ ਹੈ। ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮੌਕੇ ਪੀਏਯੂ ਨੂੰ ਆਧੁਨਿਕ ਭਾਰਤ ਦੀ ਸਿਰਜਣਾ ਕਰਨ ਵਾਲੀਆਂ ਦੇਸ਼ ਦੀਆਂ 70 ਮੁੱਖ ਸੰਸਥਾਵਾਂ 'ਚ ਸ਼ੁਮਾਰ ਕੀਤਾ ਗਿਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਦੀ ਅਗਵਾਈ ਹੇਠ ਇਹ ਵਿਸ਼ੇਸ਼ ਪ੍ਰਾਪਤੀਆਂ ਯੂਨੀਵਰਸਿਟੀ ਦੀ ਸੂਚੀ 'ਚ ਸ਼ਾਮਲ ਹੋਈਆਂ ਹਨ। •

### *ਕੀਟਨਾਸ਼ਕਾਂ ਦੀ ਵਰਤੋਂ ਘਟੀ*

*ਕੀਟ ਨਾਸ਼ਕਾਂ ਦੀ ਵਰਤੋਂ ਘੱਟ ਕਰਨ ਲਈ ਪੀਏਯੂ ਵੱਲੋਂ ਅਜਿਹੀਆਂ ਕਿਸਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਹੜੀਆਂ ਕੀੜਿਆਂ ਤੇ ਬਿਮਾਰੀਆਂ ਦਾ ਮੁਕਾਬਲਾ ਕਰ ਸਕਦੀਆਂ ਹੋਣ। ਇਨ੍ਹਾਂ ਯਤਨਾਂ ਨਾਲ ਸੂਬੇ ਵਿਚ ਖੇਤੀ ਜ਼ਹਿਰਾਂ ਦੀ ਵਰਤੋਂ 'ਚ ਕਰੀਬ 3,000 ਟਨ ਦੀ ਕਮੀ ਆਈ ਹੈ। ਇਸ ਨਾਲ ਹੁਣ ਭੋਜਨ ਪਦਾਰਥਾਂ ਵਿਚ ਇਨ੍ਹਾਂ ਜ਼ਹਿਰਾਂ ਦੇ ਅੰਸ਼ ਘਟ ਕੇ ਸਿਰਫ਼ ਇਕ ਫ਼ੀਸਦੀ ਸੈਂਪਲਾਂ ਵਿਚ ਹੀ ਰਹਿ ਗਏ ਹਨ। ਯੂਨੀਵਰਸਿਟੀ ਵੱਲੋਂ ਜੈਵਿਕ ਖਾਦਾਂ ਵੀ ਵਿਕਸਤ ਕੀਤੀਆਂ ਗਈਆਂ ਅਤੇ ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਸਬੰਧੀ ਪ੍ਰਚਾਰ ਦੀ ਬਦੌਲਤ ਇਨ੍ਹਾਂ ਦੀ ਵਰਤੋਂ ਵਿਚ ਕਾਫੀ ਕਮੀ ਆਈ ਹੈ ਤੇ ਧਰਤੀ ਦੀ ਸਿਹਤ 'ਚ ਸੁਧਾਰ ਹੋਇਆ ਹੈ। ਇਸ ਵਿਚ ਪਰਾਲੀ ਨੂੰ ਖੇਤ 'ਚ ਵਾਹੇ ਜਾਣ ਦੀ ਵੀ ਅਹਿਮ ਭੂਮਿਕਾ ਰਹੀ ਹੈ।*

### *ਖੇਤੀ ਮਸ਼ੀਨਰੀ ਕਾਲਜ*

*ਪੀਏਯੂ ਵੱਲੋਂ ਪਰਾਲੀ ਦੀ ਸੰਭਾਲ ਲਈ ਪਰਾਲੀ ਕਟਾਵ ਤੇ ਬਿਖੇਰਨ ਵਾਲਾ ਯੰਤਰ ਤਿਆਰ ਕੀਤਾ ਗਿਆ ਹੈ। ਪਰਾਲੀ ਨੂੰ ਕੱਟ ਕੇ ਗੱਠਾਂ ਬਣਾਉਣ ਵਾਲੀ ਮਸ਼ੀਨ ਤੇ ਪਰਾਲੀ ਵਿਚ ਕਣਕ ਦੀ ਬਿਜਾਈ ਲਈ ਹੈਪੀ ਸੀਡਰ ਤੇ ਨਦੀਨ ਨਾਸ਼ਕ ਪਾਉਣ ਵਾਲੀ ਲੱਕੀ ਸੀਡ ਡਰਿੱਲ ਤਿਆਰ ਕੀਤੀਆਂ ਗਈਆਂ। ਕੀਟ ਨਾਸ਼ਕਾਂ ਦੇ ਅਸਰ ਭਰਭੂਰ ਛਿੜਕਾ ਲਈ ਸਵੈ ਘੁਮਾਅ ਗੰਨ ਸਪਰੇਅਰ ਵੀ ਬਣਾਇਆ ਗਿਆ ਹੈ। ਮੱਕੀ ਡਰਾਇਅਰ ਵੀ ਤਿਆਰ ਕੀਤਾ ਗਿਆ। ਪੀਏਯੂ ਦੇ ਖੇਤੀ ਮਸ਼ੀਨੀ ਕਾਲਜ ਨੂੰ ਸਰਕਾਰ ਨੇ ਸਭ ਤੋਂ ਵਧੀਆ ਕਾਲਜ ਐਲਾਨਿਆ ਹੈ।*



# ਪੰਜਾਬੀ ਯੂਨੀਵਰਸਿਟੀ ਵੱਲੋਂ ਮਸਤੂਆਣਾ ਸਾਹਿਬ ਵਿਖੇ ਕਰਵਾਈ ਜਾ ਰਹੀ ਹੈਂਡਬਾਲ ਚੈਂਪੀਅਨਸ਼ਿਪ ਆਰੰਭ

## ਅਨੁਸ਼ਾਸਨ ਅਤੇ ਸਹਿਣਸ਼ੀਲਤਾ ਸਿਖਾਉਂਦੀਆਂ ਹਨ ਖੇਡਾਂ: ਡਾ. ਜਗਦੀਪ ਸਿੰਘ




**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵੱਲੋਂ ਅਕਾਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਮਸਤੂਆਣਾ ਸਾਹਿਬ ਵਿਖੇ ਕਰਵਾਈ ਜਾ ਰਹੀ 'ਉੱਤਰ-ਖੇਤਰੀ ਅੰਤਰ-ਵਰਸਿਟੀ ਹੈਂਡਬਾਲ ਪੁਰਸ਼ ਚੈਂਪੀਅਨਸ਼ਿਪ' ਸ਼ੁਰੂ ਹੋ ਗਈ ਹੈ। ਚੈਂਪੀਅਨਸ਼ਿਪ ਦੇ ਉਦਘਾਟਨੀ ਸਮਾਰੋਹ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਮੁੱਖ ਮਹਿਮਾਨ ਵਜੋਂ ਅਤੇ ਐੱਸ.ਪੀ. ਸੰਗਰੂਰ ਸ੍ਰੀ ਰਾਜੇਸ਼ ਛਿੱਬਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾ. ਜਗਦੀਪ ਸਿੰਘ ਨੇ ਆਪਣੇ ਉਦਘਾਟਨੀ ਸ਼ਬਦਾਂ ਵਿੱਚ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਖੇਡਾਂ ਦੇ ਖੇਤਰ ਵਿੱਚ ਹਮੇਸ਼ਾ ਹੀ ਮੋਹਰੀ ਰਹੀ ਹੈ ਅਤੇ ਅਜਿਹੀਆਂ ਚੈਂਪੀਅਨਸ਼ਿਪਾਂ ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਵਧੀਆ ਮੰਚ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਖੇਡਾਂ ਸਾਨੂੰ ਅਨੁਸ਼ਾਸਨ ਅਤੇ ਸਹਿਣਸ਼ੀਲਤਾ ਸਿਖਾਉਂਦੀਆਂ ਹਨ, ਜੋ ਜੀਵਨ ਦੇ ਹਰ ਖੇਤਰ ਵਿੱਚ ਸਫਲ ਹੋਣ ਲਈ ਬੇਹੱਦ ਜ਼ਰੂਰੀ ਹਨ। ਐੱਸ.ਪੀ. ਸੰਗਰੂਰ ਸ੍ਰੀ ਰਾਜੇਸ਼ ਛਿੱਬਰ ਨੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ ਅਤੇ ਯੂਨੀਵਰਸਿਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਪੰਜਾਬੀ ਯੂਨੀਵਰਸਿਟੀ ਦੇ ਖੇਡ ਨਿਰਦੇਸ਼ਕ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ 20 ਫਰਵਰੀ ਤੱਕ ਚੱਲਣ ਵਾਲੇ ਇਨ੍ਹਾਂ ਮੁਕਾਬਲਿਆਂ ਵਿੱਚ ਉੱਤਰ ਖੇਤਰ ਦੀਆਂ ਲਗਭਗ 35 ਟੀਮਾਂ ਭਾਗ ਲੈ ਰਹੀਆਂ ਹਨ।

ਇਸ ਮੌਕੇ ਸਹਾਇਕ ਖੇਡ ਨਿਰਦੇਸ਼ਕ ਡਾ. ਮਹਿੰਦਰਪਾਲ ਕੌਰ, ਕੈਪਟਨ ਡਾ. ਬੀ.ਐੱਸ. ਪੂਨੀਆ, ਸ. ਜਸਵੰਤ ਸਿੰਘ ਖਹਿਰਾ, ਪ੍ਰਿੰਸੀਪਲ ਡਾ. ਗੀਤਾ ਠਾਕੁਰ, ਕਾਲਜ ਮੈਨੇਜਮੈਂਟ ਅਤੇ ਸਮੂਹ ਸਟਾਫ਼, ਯੂਨੀਵਰਸਿਟੀ ਟੀਮ ਦੇ ਕੋਚ ਡਾ. ਗੁਰਸ਼ਰਨ ਸਿੰਘ ਗਿੱਲ, ਹੈਂਡਬਾਲ ਫੈਡਰੇਸ਼ਨ ਦੇ ਤਕਨੀਕੀ ਆਫੀਸ਼ਿਅਲਜ਼ ਆਦਿ ਹਾਜ਼ਰ ਰਹੇ।

# ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਸੰਭਾਲ ਤੇ ਭਲਾਈ ਲਈ ਵਚਨਬੱਧ : ਜੌੜਾਮਾਜਰਾ

## ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸਾਡੇ ਬਜ਼ੁਰਗ ਸਾਡਾ ਮਾਣ ਤਹਿਤ ਸਿਹਤ ਤੇ ਮੈਡੀਕਲ ਕੈਂਪ ਦਾ ਉਦਘਾਟਨ



**ਸਮਾਣਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਸਮਾਣਾ ਵਿਖੇ ਲਗਾਏ ਗਏ ਵਿਸ਼ੇਸ਼ ਹੈਲਥ ਅਤੇ ਮੈਡੀਕਲ ਕੈਂਪ ਵਿੱਚ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਅਤੇ ਭਲਾਈ ਲਈ ਵਚਨਬੱਧ ਹੈ ਅਤੇ ਅਜਿਹੇ ਕੈਂਪਾਂ ਰਾਹੀਂ ਉਨ੍ਹਾਂ ਨੂੰ ਮੁਫ਼ਤ ਅਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਧਰੋਹਰ ਹਨ ਅਤੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਤੋਂ ਇਲਾਵਾ ਬਜ਼ੁਰਗਾਂ ਨੂੰ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੇ ਕੈਂਪ ਦਾ ਲਾਭ ਉਠਾਇਆ।

ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ, ਸਮਾਜਿਕ ਸੁਰੱਖਿਆ ਵਿਭਾਗ ਦੇ ਪ੍ਰਤੀਨਿਧੀ ਅਤੇ ਸਥਾਨਕ ਆਗੂ ਵੀ ਮੌਜੂਦ ਸਨ। ਵਿਧਾਇਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਪ੍ਰੋਗਰਾਮ ਜਾਰੀ ਰੱਖੇ ਜਾਣ।

ਇਸ ਮੌਕੇ ਹਰਜਿੰਦਰ ਸਿੰਘ ਮਿੱਠੂ ਜੌੜਾਮਾਜਰਾ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਪਰਿਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਡੀ ਐੱਸ ਐੱਸ ਓ ਜਸ਼ਨਦੀਪ ਕੌਰ, ਡਾ ਮਨਿੰਦਰ ਸਿੰਘ, ਸਚਿਨ ਗਰਗ, ਡਾ. ਜਤਿਨ ਡਾਹਰਾ, ਡਾ ਗੁਰਪ੍ਰੀਤ ਸਿੰਘ, ਸੀਡੀਪੀਓ ਬਲਜੀਤ ਕੌਰ, ਪਾਰਸ ਸ਼ਰਮਾ, ਸੰਜੇ ਕੁਮਾਰ, ਸੰਜੇ ਸਿੰਗਲਾ, ਸੁਨੈਨਾ ਮਿੱਤਲ, ਗੋਪਾਲ ਕ੍ਰਿਸ਼ਨ ਬਿੱਟੂ, ਸੰਜੇ ਸਾਹਨੀ, ਰਾਹੁਲ ਗੁਪਤਾ, ਪਰਦੀਪ ਸ਼ਰਮਾ, ਰਾਹੁਲ ਭਾਰਦਵਾਜ, ਰਮੀ ਸ਼ਰਮਾ, ਸੋਮਨਾਥ, ਰਵੀ ਰੰਧਾਵਾ, ਅਮਿਤ ਧਾਲੀਵਾਲ, ਸੁਰਜਨ ਚੱਠਾ, ਪਵਨ ਬਾਜਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਜ਼ੁਰਗ ਮੌਜੂਦ ਸਨ।

# ਪੂਰਾ ਪੰਜਾਬ ਲਹਿਰ ਮੁਹਿੰਮ ਦੌਰਾਨ ਪੰਜਾਬ ਦੀ ਚੜ੍ਹਦੀ ਕਲਾ ਦੀ ਗੱਲ ਕਰਨੀ ਹੈ: ਅਜੇਪਾਲ ਸਿੰਘ ਬਰਾੜ



**ਮੁਹਾਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਵਿਖੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਪੂਰਾਂ ਪੰਜਾਬ ਲਹਿਰ ਮੁਹਿੰਮ ਦੇ ਸ਼ੁਰੂਆਤ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਹੈ ਕਿ ਇਸ ਮੁਹਿੰਮ ਦੌਰਾਨ ਆਪਾਂ ਸਾਰੀਆਂ ਨੇ ਪੰਜਾਬ ਦੀ ਚੜ੍ਹਦੀ ਕਲਾ ਦੀ ਗੱਲ ਕਰਨੀ ਹੈ, ਪੰਜਾਬ ਜਿਹੜਾ ਪਿਛਲੇ ਕਾਫੀ ਸਮੇਂ ਤੋਂ ਢਹਿੰਦੀ ਕਲਾ ਚ ਹੈ, ਪੰਜਾਬ ਜਿਹੜਾ ਪਿਛਲੇ ਕਾਫੀ ਸਮਾਂ ਤੋਂ ਮੋਹਰੀ ਸੂਬਾ ਨਹੀਂ ਰਿਹਾ ਅੱਜ ਆਪਾਂ ਪੰਜਾਬ ਦੀ ਚੜ੍ਹਦੀ ਕਲਾ ਦੀ ਗੱਲ ਕਰਨੀ ਆ ਆਪਾਂ ਨੌਵੇਂ ਪਾਤਸ਼ਾਹ ਦਾ ਸਲੋਕ ਅਨੁਸਾਰ ਜਿਸ ਤੇ ਗੁਰੂ ਮਹਾਰਾਜ ਦਾ ਥਾਪੜਾ ਹੁੰਦਾ ਸਿੱਖ ਤੇ ਜੋ ਗੁਰੂ ਮਹਾਰਾਜ ਦਾ ਥਾਪੜਾ ਹੁੰਦਾ ਪੰਜਾਬ ਤੇ ਦੁਨੀਆਂ ਦੀ ਕੋਈ ਵੀ ਐਸੀ ਚੀਜ਼ ਨਹੀ ਹੈ ਜਿਸ ਦਾ ਆਪਾਂ ਹਲ ਨਾ ਕਰ ਸਕੀਏ। ਉਨ੍ਹਾਂ ਕਿਹਾ ਕਿ ਪੂਰਾ ਪੰਜਾਬ ਲਹਿਰ ਕੇਵਲ ਇਕ ਅਭਿਆਨ ਨਹੀਂ, ਸਗੋਂ ਪੰਜਾਬ ਦੀ ਆਤਮ-ਗੌਰਵ ਅਤੇ ਰਾਜਨੀਤਿਕ ਖੁਦਮੁਖਤਿਆਰੀ ਦੀ ਨਵੀਂ ਦਿਸ਼ਾ ਹੈ।

ਉਨ੍ਹਾਂ ਦੱਸਿਆ ਕਿ ਪੂਰਾ ਪੰਜਾਬ ਲਹਿਰ ਤਹਿਤ ਗੁਰਦੁਆਰਾ ਅੰਬ ਸਾਹਿਬ ਵਿਖੇ ਦੋ ਹਫ਼ਤਿਆਂ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ ਹੈ, ਜਿੱਥੇ ਵੱਖ-ਵੱਖ ਖੇਤਰਾਂ ਦੇ ਬੁੱਧੀਜੀਵੀ, ਸਮਾਜ ਸੇਵੀ, ਨੌਜਵਾਨ ਅਤੇ ਸਚੇਤ ਨਾਗਰਿਕ ਇਕੱਠੇ ਹੋ ਕੇ ਪੰਜਾਬ ਦੇ ਮੌਜੂਦਾ ਸੰਕਟਾਂ ਅਤੇ ਭਵਿੱਖੀ ਰਾਹਦਾਰੀਆਂ 'ਤੇ ਗੰਭੀਰ ਵਿਚਾਰ-ਵਟਾਂਦਰਾ ਕਰਨਗੇ।

ਮੁਹਿੰਮ ਦੇ ਸ਼ੁਰੂਆਤੀ ਸਮਾਗਮ ਵਿੱਚ ਦਵਿੰਦਰ ਸਿੰਘ ਸੇਖੋਂ ਜਨਰਲ ਸਕਤਰ ਮਿਸਲ ਸਤਲੁਜ, ਹਰਪ੍ਰੀਤ ਕੌਰ ਚੱਡਾ ਇਸਤਰੀ ਵਿੰਗ ਮਿਸਲ ਸਤਲੁਜ,ਯਾਦਵਿੰਦਰ ਸਿੰਘ ਯਾਦੂ,ਯੂਥ ਵਿੰਗ ਮਿਸਲ ਸਤਲੁਜ ਦਵਿੰਦਰ ਸਿੰਘ ਸੇਖੋਂ ,ਹਰਦੀਪ ਸਿੰਘ ਡੋਡ ,ਸੁਖਵਿੰਦਰ ਸਿੰਘ ਗਗਨ ਸਿੱਧੂ,ਰਣਪਿੰਦਰਜੀਤ ਸਿੰਘ ਗੋਲਡੀ ,ਹਰਦੇਵ ਸਿੰਘਘਣੀਏਵਾਲਾ, ਅਮਰਿੰਦਰ ਸਿੰਘ ਤੁੜ ਅਤੇ ਕਈ ਸ਼ਖ਼ਸ਼ੀਅਤਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬ-ਕੇਂਦਰਿਤ ਰਾਜਨੀਤਿਕ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਪੰਜਾਬ ਦੇ ਮੂਲ ਮਸਲਿਆਂ ਨੂੰ ਕੇਂਦਰ ਵਿੱਚ ਰੱਖ ਕੇ ਇਕ ਦੂਰਦਰਸ਼ੀ ਅੰਦੋਲਨ ਖੜ੍ਹਾ ਕੀਤਾ ਜਾਵੇ। ਪੂਰਾ ਪੰਜਾਬ ਲਹਿਰ ਦੀਆਂ ਪ੍ਰਮੁੱਖ ਮੰਗਾਂ ਵਿੱਚ ਕੇਂਦਰ ਅਤੇ ਪੰਜਾਬ ਦੇ ਸੰਬੰਧਾਂ ਨੂੰ ਭਾਰਤੀ ਸੰਵਿਧਾਨ ਦੇ ਫੈਡਰਲ ਢਾਂਚੇ ਅਨੁਸਾਰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨਾ, ਪੰਜਾਬ ਦੇ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ 'ਤੇ ਪੰਜਾਬ ਦਾ ਅਟੁੱਟ ਹੱਕ ਮਨਵਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ ਵਿੱਤੀ ਇਨਸਾਫ, ਕਰਜ਼ਾ ਮੁਕਤੀ, ਸਰਹੱਦਾਂ ਪਾਰ ਵਪਾਰ ਦੀ ਮੁੜ ਸ਼ੁਰੂਆਤ, ਸਿੱਖ ਕੌਮ ਦੇ ਲੰਬਿਤ ਧਾਰਮਿਕ ਮਸਲਿਆਂ ਦਾ ਤੁਰੰਤ ਅਤੇ ਨਿਆਂਪੂਰਕ ਹੱਲ, ਪ੍ਰਦੂਸ਼ਣ ਰੋਕਥਾਮ ਅਤੇ ਨਸ਼ਾ-ਮੁਕਤ ਪੰਜਾਬ ਦੀ ਸਥਾਪਨਾ ਲਈ ਢੁਕਵੇਂ ਅਤੇ ਕਾਰਗਰ ਉਪਰਾਲਿਆਂ ਦੀ ਮੰਗ ਵੀ ਕੀਤੀ ਗਈ।

# ਪਟਿਆਲਾ ਦੇ ਨਾਭਾ ਬਲਾਕ ਵਿੱਚ ਸੀ.ਐਮ. ਦੀ ਯੋਗਸ਼ਾਲਾ ਨੂੰ ਮਿਲ ਰਿਹਾ ਭਰਪੂਰ ਹੁੰਗਾਰਾ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਐਮ. ਦੀ ਯੋਗਸ਼ਾਲਾ ਅਧੀਨ ਪਟਿਆਲਾ ਜ਼ਿਲ੍ਹੇ ਦੇ ਨਾਭਾ ਬਲਾਕ ਵਿੱਚ ਚੱਲ ਰਹੀਆਂ ਯੋਗ ਕਲਾਸਾਂ ਨੂੰ ਸ਼ਹਿਰੀ ਅਤੇ ਪਿੰਡਾਂ ਦੋਹਾਂ ਖੇਤਰਾਂ ਵਿੱਚ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆ ਯੋਗਾ ਇੰਸ੍ਰਕਟਰ ਰਜਿੰਦਰ ਸਿੰਘ ਨੇ ਦਸਿਆ ਕਿ ਲੋਕ ਵੱਡੀ ਗਿਣਤੀ ਵਿੱਚ ਇਨ੍ਹਾਂ ਕਲਾਸਾਂ ਨਾਲ ਜੁੜ ਕੇ ਆਪਣੀ ਸਿਹਤ ਨੂੰ ਬਿਹਤਰ ਬਣਾ ਰਹੇ ਹਨ।

ਓਹਨਾ ਕਿਹਾ ਕਿ ਨਾਭਾ ਬਲਾਕ ਵਿੱਚ ਇਸ ਸਮੇਂ 4 ਯੋਗ ਟਰੇਨਰ ਅਤੇ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ 22 ਡਿਪਲੋਮਾ ਵਿਦਿਆਰਥੀ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਯੋਗ ਕਲਾਸਾਂ ਲਗਾ ਰਹੇ ਹਨ। ਇਹ ਟੀਮ ਲੋਕਾਂ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਜਿਵੇਂ ਕਿ ਸ਼ੂਗਰ, ਬਲੱਡ ਪ੍ਰੈਸ਼ਰ, ਗੋਡਿਆਂ ਦਾ ਦਰਦ, ਸਰਵਾਈਕਲ ਅਤੇ ਮੋਟਾਪਾ ਆਦਿ ਨੂੰ ਯੋਗ ਅਭਿਆਸ ਰਾਹੀਂ ਦੂਰ ਕਰਨ ਵਿੱਚ ਸਹਾਇਕ ਸਾਬਤ ਹੋ ਰਹੀ ਹੈ। ਸਥਾਨਕ ਵਸਨੀਕਾਂ ਨੇ ਕਿਹਾ ਕਿ ਇਸ ਉਪਰਾਲੇ ਨਾਲ ਉਨ੍ਹਾਂ ਨੂੰ ਘਰ ਦੇ ਨੇੜੇ ਹੀ ਮੁਫ਼ਤ ਅਤੇ ਵਿਗਿਆਨਕ ਢੰਗ ਨਾਲ ਯੋਗ ਸਿੱਖਣ ਦਾ ਮੌਕਾ ਮਿਲ ਰਿਹਾ ਹੈ, ਜਿਸ ਨਾਲ ਸਿਹਤ ਵਿੱਚ ਮਹੱਤਵਪੂਰਨ ਸੁਧਾਰ ਆ ਰਿਹਾ ਹੈ। ਸੀ.ਐਮ. ਦੀ ਯੋਗਸ਼ਾਲਾ ਪੰਜਾਬ ਸਰਕਾਰ ਦਾ ਇੱਕ ਸਫਲ ਲੋਕ-ਹਿਤੈਸ਼ੀ ਪ੍ਰਯਾਸ ਬਣਦਾ ਜਾ ਰਿਹਾ ਹੈ, ਜੋ ਸਿਹਤਮੰਦ ਅਤੇ ਤੰਦਰੁਸਤ ਸਮਾਜ ਦੀ ਨਿਰਮਾਣ ਵੱਲ ਵੱਡਾ ਕਦਮ ਹੈ। ਓਹਨਾ ਜਨਤਾ ਲਈ ਅਪੀਲ ਕੀਤੀ ਕਿ ਜੇ ਤੁਸੀਂ ਵੀ ਨਾਭਾ ਬਲਾਕ ਦੇ ਵਾਸੀ ਹੋ ਅਤੇ ਯੋਗ ਕਲਾਸ ਵਿੱਚ ਭਾਗ ਲੈਣਾ ਚਾਹੁੰਦੇ ਹੋ ਜਾਂ ਆਪਣੇ ਮੁਹੱਲੇ/ਪਿੰਡ ਵਿੱਚ ਯੋਗ ਕਲਾਸ ਸ਼ੁਰੂ ਕਰਵਾਉਣ ਦੀ ਇੱਛਾ ਰੱਖਦੇ ਹੋ, ਤਾਂ ਘੱਟੋ-ਘੱਟ 25 ਮੈਂਬਰ ਇਕੱਠੇ ਕਰਕੇ ਸੰਪਰਕ ਨੰਬਰ 7888840090 ਤੇ ਤਾਲਮੇਲ ਕੀਤਾ ਜਾਵੇ।

# ਤਿੰਨ ਰੋਜ਼ਾ ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਅਮਿੱਟ ਯਾਦਾਂ ਛੱਡਦਿਆਂ ਸ਼ਾਨਦਾਰ ਢੰਗ ਨਾਲ ਸੰਪੰਨ



**ਮਲੇਰਕੋਟਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ, ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਆਯੋਜਿਤ ਤਿੰਨ ਰੋਜ਼ਾ ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਮਾਲੇਰਕੋਟਲਾ ਵਾਸੀਆਂ ਦੇ ਦਿਲਾਂ ਵਿੱਚ ਅਮਿੱਟ ਯਾਦਾਂ ਛੱਡਦੇ ਹੋਏ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ।

ਸਮਾਗਮ ਨੇ ਸੂਫ਼ੀ ਰਿਵਾਇਤਾਂ, ਲੋਕ ਵਿਰਾਸਤ ਅਤੇ ਮਹਿਲਾ ਸਸ਼ਕਤੀਕਰਨ ਦਾ ਸੁੰਦਰ ਮਿਲਾਪ ਪੇਸ਼ ਕੀਤਾ। ਆਖ਼ਰੀ ਦਿਨ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਸ.ਐਸ.ਪੀ. ਗਗਨ ਅਜੀਤ ਸਿੰਘ, ਐਸ.ਡੀ.ਐਮ. ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ ਅਮਰਗੜ੍ਹ ਸੁਰਿੰਦਰ ਕੌਰ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਸੀ.ਡੀ.ਪੀ.ਓ ਪਵਨ ਕੁਮਾਰ, ਵਿਧਾਇਕ ਮਾਲੇਰਕੋਟਲਾ ਦੀ ਸਰੀਕ-ਏ-ਹਯਾਤ ਫਰਿਆਲ ਰਹਿਮਾਨ, ਕੋਆਰਡੀਨੇਟਰ ਯੂਥ ਵਿੰਗ ਹਲਕਾ ਮਾਲੇਰਕੋਟਲਾ ਏ.ਕੇ.ਵਾਈ. ਮੂਨਿਸ ਰਹਿਮਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜ਼ਿਲਾ ਨਿਵਾਸੀਆਂ ਨੇ ਸਮੂਲੀਅਤ ਕੀਤੀ । ਵਿਧਾਇਕ ਰਹਿਮਾਨ ਨੇ ਜ਼ਿਲਾ ਵਾਸੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਸਰਦਾਰ ਭਗਵੰਤ ਸਿੰਘ ਦੀ ਅਗਵਾਈ ਹੇਠ ਸਰਕਾਰ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸੂਫ਼ੀ ਸੰਗੀਤ, ਅਮੀਰ ਸੱਭਿਆਚਾਰ ਵਿਰਾਸਤ ਅਤੇ ਭਾਈਚਾਰਕ ਇਕਤਾ ਪੰਜਾਬ ਦੀ ਅਸਲ ਪਹਿਚਾਣ ਹਨ ਅਤੇ ਇਨ੍ਹਾਂ ਮੁੱਲਾਂ ਨੂੰ ਅੱਗੇ ਵਧਾਉਣ ਲਈ ਲੋਕ ਸਹਿਯੋਗ ਅਤਿ ਜ਼ਰੂਰੀ ਹੈ। ਉਨ੍ਹਾਂ ਮਾਲੇਰਕੋਟਲਾ ਦੀ ਧਰਤੀ ਨੂੰ ਸੂਫ਼ੀ ਪਰੰਪਰਾਵਾਂ ਅਤੇ ਭਾਈਚਾਰਕ ਸਾਂਝ ਦੀ ਧਰਤੀ ਕਰਾਰ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨਵੀਂ ਪੀੜ੍ਹੀ ਨੂੰ ਸਾਂਝੀਵਾਲਤਾ ਦੀਆਂ ਕਦਰਾਂ ਕੀਮਤਾਂ ਬਾਰੇ ਜਾਣੂ ਕਰਵਾਉਂਦੇ ਹਨ ਅਤੇ ਉਨ੍ਹਾਂ ਆਪਣੀ ਸੰਸਕ੍ਰਿਤੀ ਨਾਲ ਜੋੜਦੇ ਹਨ। ਮੇਲੇ ਦੌਰਾਨ ਸਵੈ ਸਹਾਇਤਾ ਗਰੁੱਪਾਂ ਦੀਆਂ ਮਹਿਲਾਵਾਂ ਵੱਲੋਂ ਤਿਆਰ ਉਤਪਾਦਾਂ ਦੀ ਪ੍ਰਦਰਸ਼ਨੀ ਅਤੇ ਵਿਕਰੀ ਰਾਹੀਂ ਉਨ੍ਹਾਂ ਦੀ ਆਰਥਿਕ ਸਥਿਤੀ ਮਜ਼ਬੂਤ ਕਰਨ ਵੱਲ ਅਹਿਮ ਕਦਮ ਚੁੱਕਿਆ ਗਿਆ।ਸੂਫ਼ੀ ਫੈਸਟੀਵਲ ਦੌਰਾਨ ਮਸ਼ਹੂਰ ਫ਼ਨਕਾਰਾਂ ਅਲੀ ਜ਼ੈਨ,ਕਮਲ ਖਾਨ ਅਤੇ ਸਲਾਮਤ ਅਲੀ ਨੇ ਆਪਣੀ ਰੂਹਾਨੀ ਪੇਸ਼ਕਾਰੀਆਂ ਨਾਲ ਦਰਸ਼ਕਾਂ ਨੂੰ ਮੋਹ ਲਿਆ।

# ਖੇਤ ਵਿੱਚ ਕੰਮ ਕਰਨ ਗਈ ਲੜਕੀ ਦੀ ਕੱਚੇ ਮਟਰ ਖਾਣ ਨਾਲ ਲੜਕੀ ਦੀ ਮੌਤ



**ਸਮਾਣਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤ ਵਿੱਚ ਮਟਰ ਤੋੜਨ ਗਏ ਪਰਿਵਾਰ ਦੀ ਨਾਬਾਲਗ ਲੜਕੀ ਵੱਲੋਂ ਜ਼ਿਆਦਾ ਮਾਤਰਾ ਵਿੱਚ ਕੱਚੇ ਮਟਰ ਖਾ ਲੈਣ ਕਾਰਨ ਤਬੀਅਤ ਵਿਗੜ ਗਈ, ਜਿਸ ਤੋਂ ਬਾਅਦ ਇਲਾਜ ਦੌਰਾਨ ਉਸਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਬਾਦਸ਼ਾਹਪੁਰ ਪੁਲਿਸ ਦੇ ਏ.ਐੱਸ.ਆਈ. ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਪ੍ਰਾਚੀ (16) ਦੀ ਮਾਤਾ ਬਲਜੀਤ ਕੌਰ, ਨਿਵਾਸੀ ਪਿੰਡ ਸਾਧਾਰਨਪੁਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ, ਉਨ੍ਹਾਂ ਦਾ ਪਰਿਵਾਰ ਖੇਤ ਮਜ਼ਦੂਰ ਵਜੋਂ ਕੰਮ ਕਰਦਾ ਹੈ। 10 ਫਰਵਰੀ ਨੂੰ ਪਰਿਵਾਰ ਅਤੇ ਹੋਰ ਔਰਤਾਂ ਸਮੇਤ ਉਹ ਪਿੰਡ ਦੇ ਖੇਤ ਵਿੱਚ ਮਟਰ ਤੋੜਨ ਗਏ ਸਨ। ਉਨ੍ਹਾਂ ਦੀ ਪੁੱਤਰੀ ਵੀ ਨਾਲ ਗਈ ਸੀ, ਜਿੱਥੇ ਉਸ ਨੇ ਮਟਰ ਤੋੜਦਿਆਂ ਕਾਫ਼ੀ ਮਾਤਰਾ ਵਿੱਚ ਕੱਚੇ ਮਟਰ ਖਾ ਲਏ।

ਪਿਤਾ ਜਸਵੰਤ ਸਿੰਘ ਨੇ ਵੀ ਕੁੱਝ ਕੱਚੇ ਮਟਰ ਖਾਧੇ ਸਨ, ਪਰ ਉਲਟੀ ਆਉਣ ਤੋਂ ਬਾਅਦ ਉਨ੍ਹਾਂ ਦੀ ਤਬੀਅਤ ਠੀਕ ਹੋ ਗਈ। ਪ੍ਰਾਚੀ ਨੂੰ ਉਲਟੀਆਂ ਆਉਣ ਅਤੇ ਤਬੀਅਤ ਜ਼ਿਆਦਾ ਵਿਗੜਨ 'ਤੇ ਪਹਿਲਾਂ ਸਥਾਨਕ ਡਾਕਟਰ ਕੋਲ ਲਿਜਾਇਆ ਗਿਆ। ਹਾਲਤ ਵਿੱਚ ਸੁਧਾਰ ਨਾ ਹੋਣ ਕਾਰਨ ਉਸ ਨੂੰ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉੱਥੇ ਵੀ ਕੋਈ ਸੁਧਾਰ ਨਾ ਹੋਣ 'ਤੇ 15 ਫਰਵਰੀ ਨੂੰ ਉਸ ਨੂੰ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ। ਪੀ.ਜੀ.ਆਈ. ਵੱਲੋਂ ਜਵਾਬ ਮਿਲਣ 'ਤੇ ਜਦੋਂ ਪਰਿਵਾਰ ਉਸ ਨੂੰ ਵਾਪਸ ਘਰ ਲਿਆਇਆ, ਤਾਂ ਰਾਤ ਸਮੇਂ ਹੀ ਉਸ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨਾਂ ਦੇ ਆਧਾਰ 'ਤੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦੇ ਹੋਏ, ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

# ਮਹਾਂ ਸ਼ਿਵਾਰਤੀ ਦੇ ਮੌਕੇ ਸੁਧਾਰ ਸਭਾ ਕੇਦਾਰ ਨਾਥ ਵੱਲੋਂ ਖੀਰ, ਆਲੂ ਪੂੜੀ ਦਾ ਅਤੁੱਟ ਲੰਗਰ ਵਰਤਾਇਆ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਪ੍ਰਸਤ ਸਤਨਾਮ ਹਸੀਜਾ ਨੇ ਦੱਸਿਆ ਕਿ 11 ਵਜੇ ਦੇ ਕਰੀਬ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ ਦਾ ਫੋਨ ਆਇਆ ਕਿ ਅੱਜ ਮਾਤਾ ਪਾਰਵਤੀ ਫੇਰੇ ਦਾ ਲੰਗਰ ਬਣਾਉਣਾ ਹੈ ਅਤੇ ਵਰਤਾਉਣਾ ਹੈ। ਮੈਂ ਕਿਹਾ ਬਹੁਤ ਖੁਸ਼ੀ ਦੀ ਗੱਲ ਹੈ। ਇਸ ਤੋਂ ਪਹਿਲਾਂ ਮਹਾਂ ਸ਼ਿਵਰਾਤਰੀ ਬੜੀ ਧੂਮ ਧਾਮ ਨਾਲ ਮਨਾਈ ਗਈ। ਖੀਰ ਪੂੜੇ ਦਾ ਲੰਗਰ, ਠੰਡੀਆਈ, ਕੜੀ ਚਾਵਲ ਅਤੇ ਕਈ ਪ੍ਰਕਾਰ ਦੀਆਂ ਸਟਾਲਾਂ ਲਗਾਈਆਂ ਗਈਆਂ। ਮਹੰਤ ਬਾਬੂ ਰਾਮ ਜੋ ਕਿ ਮੰਦਿਰ ਦੇ ਨਜਦੀਕ ਰਹਿੰਦੇ ਹਨ ਨੇ ਦੱਸਿਆ ਕਿ ਮੈਂ 72 ਸਾਲ ਦਾ ਹਾਂ ਇੰਨੀ ਰੋਣਕ ਅਤੇ ਇੰਨੀ ਸਜਾਵਟ ਮੰਦਿਰ ਵਿੱਚ ਕਦੇ ਵੀ ਨਹੀਂ ਦੇਖੀ ਗਈ ਅਤੇ ਜਿਹੜੇ ਵਿਕਾਸ ਦੇ ਕੰਮ ਅਤੇ ਵਾਰ—ਤਿਉਹਾਰ 25 ਸਾਲ ਵਿੱਚ ਨਹੀਂ ਕੀਤੇ ਗਏ ਉਹ ਹੁਣ ਢਾਈ ਸਾਲ ਵਿੱਚ ਸੁਧਾਰ ਸਭਾ ਵਲੋਂ ਕੀਤੇ ਗਏ ਹਨ। ਖਾਸ ਕਰਕੇ ਖੀਰ ਪੂੜੇ ਦਾ ਲੰਗਰ ਇਕਬਾਲ ਸਿੰਘ ਸ਼ੰਟੀ ਅਤੇ ਦਲੇਰ ਸੈਣੀ ਨੇ ਰਜਿੰਦਰਾ ਹਸਪਤਾਲ ਲੰਗਰ ਸਟਾਲ ਵਿੱਚ ਜਾ ਕੇ ਹਰੇਕ ਵਾਰਡ ਵਿੱਚ ਜਾ ਕੇ ਅਤੁੱਟ ਵੰਡਿਆ। ਜਿਹੜਾ ਲੰਗਰ ਬਣਾਇਆ ਗਿਆ ਇਹ ਸੁਧਾਰ ਸਭਾ ਵਲੋਂ ਖੁੱਦ ਬਣਾਇਆ ਗਿਆ ਅਤੇ ਖੁੱਦ ਵਰਤਾਇਆ ਗਿਆ। ਇਸ ਵਿੱਚ ਚੇਅਰਮੈਨ ਰਣਬੀਰ ਸਿੰਘ ਕਾਟੀ, ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ, ਪ੍ਰਧਾਨ ਮਿਠੁਨ, ਸੈਕਟਰੀ ਦਲੀਪ, ਮੁੱਖ ਖਜਾਨਚੀ ਪੂਰਨ, ਸਹਾਇਕ ਖਜਾਨਚੀ ਮਦਨ ਲਾਲ, ਸੈਕਟਰੀ ਦਲੀਪ (ਹੈਪੀ), ਲੇਖਾਕਾਰ ਰਾਮ ਲਾਲ ਗੋਇਲ, ਸਲਾਹਕਾਰ ਸੁਰਿੰਦਰ ਪਾਠਕ, ਦਾਨ ਕੁਲੈਕਟਰ ਕੇਦਾਰ ਗੋਇਲ, ਮੁਕੇਸ਼ ਕਾਲੂ, ਰਾਕੇਸ਼ ਦੂਬੇ, ਸੇਵਾਦਾਰ ਗੁਰਪ੍ਰੀਤ ਸਿੰਘ, ਰਾਜਾ ਰਾਜ ਕੁਮਾਰ, ਰੂਪ ਚੰਦ ਬਾਬਾ, ਸੰਜੂ ਜੇ.ਸੀ.ਬੀ. ਵਾਲਾ, ਸਾਗਰ ਗੋਰੂ, ਖਾਸ ਕਰਕੇ ਡੀ.ਕੇ. ਜੈ ਮਾਂ ਨਿਸ਼ਕਾਮ ਸਭਾ ਵਲੋਂ ਲੰਗਰ ਵਰਤਾਉਣ ਦੀ ਸੇਵਾ ਕੀਤੀ। ਇਸ ਦੇ ਨਾਲ ਲੱਖੀ ਰਾਮ ਸਿੰਗਲਾ ਅਤੇ ਦਿਪਾਂਸ਼ੂ ਅਗਰਵਾਲ ਨੇ ਵੀ ਸੇਵਾ ਕੀਤੀ। ਖਾਸ ਕਰਕੇ ਓਮ ਪ੍ਰਕਾਸ਼ ਠੇਕੇਦਾਰ ਨੇ ਠਡਿਆਈ ਦੀ ਸ਼ਲਾਘਾ ਕੀਤੀ, ਕਿ ਇਸ ਠੰਡਿਆਈ ਵਿੱਚ ਡਰਾਈ ਫਰੂਟ ਜਿਆਦਾ ਹੈ ਨਾ ਮਾਤਰ ਭੰਗ ਹੈ। ਡਰਾਈ ਫਰੂਟ ਦੀ ਸੇਵਾ ਗੁੰਡ ਮੰਡੀ ਤੋਂ ਰਮੇਸ਼ ਅਹੁਜਾ ਵਲੋਂ ਕੀਤੀ ਗਈ।



# ਭਾਸ਼ਾ ਵਿਭਾਗ ਨੇ ਪੰਜਾਬ ਭਵਨ ਵਿੱਚ ਸੁਸ਼ੋਭਿਤ ਕੀਤੀਆਂ 20 ਦਾਨਿਸ਼ਵਰਾਂ ਦੀਆਂ ਤਸਵੀਰਾਂ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪਿਛਲੇ ਸਾਲ ਤੋਂ ਦਿੱਲੀ ਦੇ ਪੰਜਾਬ ਭਵਨ ਵਿੱਚ ਪੰਜਾਬੀ ਦਾਨਿਸ਼ਵਰਾਂ ਦੀਆਂ ਤਸਵੀਰਾਂ ਸਥਾਪਿਤ ਕਰਨ ਦੇ ਕਾਰਜ ਤਹਿਤ ਪਹਿਲਾਂ ਲਗਾਈਆਂ ਲਗਭਗ 40 ਤਸਵੀਰਾਂ ਤੋਂ ਬਾਅਦ ਅੱਜ 20 ਹੋਰ ਸਵਰਗੀ ਲੇਖਕਾਂ ਅਤੇ ਵਿਦਵਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜਿਨਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰਿੰਸੀਪਲ ਸੁਜਾਨ ਸਿੰਘ, ਸ. ਜਸਵੰਤ ਸਿੰਘ ਕੰਵਲ, ਸ. ਨਾਨਕ ਸਿੰਘ, ਡਾ. ਹਰਭਜਨ ਸਿੰਘ, ਸ੍ਰੀਮਤੀ ਦਲੀਪ ਕੌਰ ਟਿਵਾਣਾ, ਸ੍ਰੀ ਬਲਰਾਜ ਸਾਹਨੀ, ਬਾਵਾ ਬੁੱਧ ਸਿੰਘ, ਸ੍ਰੀਮਤੀ ਸੁਖਵੰਤ ਕੌਰ ਮਾਨ, ਸ. ਮਹਿੰਦਰ ਸਿੰਘ ਸਰਨਾ, ਜਨਾਬ ਦੀਪਕ ਜੈਤੋਈ, ਮਹਿੰਦਰ ਕੌਰ ਗਿੱਲ, ਸ੍ਰੀ ਰਾਮ ਸਰੂਪ ਅਣਖੀ, ਡਾ. ਰਤਨ ਸਿੰਘ ਜੱਗੀ, ਸ੍ਰੀ ਮੋਹਨਜੀਤ, ਸ੍ਰੀ ਪਰਮਿੰਦਰਜੀਤ ਅਤੇ ਪ੍ਰੋ. ਅਜਮੇਰ ਔਲਖ ਸ਼ਾਮਿਲ ਹਨ। ਇਹ ਤਸਵੀਰਾਂ ਪੰਜਾਬ ਭਵਨ ਦੇ ਬੀ ਬਲਾਕ ਦੀ ਡਿਓੜੀ ਅਤੇ ਉੱਪਰਲੀਆਂ ਮੰਜ਼ਿਲਾਂ ਦੇ ਵਰਾਂਡਿਆਂ ਵਿੱਚ ਲਗਾਈਆਂ ਗਈਆਂ।

ਸ੍ਰੀ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਵਨ ਦੇ ਕਰਮਚਾਰੀਆਂ ਵੱਲੋਂ ਇਹ ਕਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਅਤੇ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਦੀ ਨਿਗਰਾਨੀ ਵਿਚ ਕੀਤਾ ਗਿਆ।

ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਰੈਜੀਡੈਂਟ ਕਮਿਸ਼ਨਰ ਸ੍ਰੀ ਐਸ ਕਰੁਣਾ ਰਾਜੂ ਨਾਲ ਮੁਲਾਕਾਤ ਕਰਕੇ ਪੰਜਾਬ ਭਵਨ ਵਿੱਚ ਪੰਜਾਬੀਅਤ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ।

# ਪ੍ਰੀਖਿਆ ਕੇਂਦਰਾਂ ਦੇ 200 ਮੀਟਰ ਦੇ ਘੇਰੇ ਵਿੱਚ ਆਮ ਲੋਕਾਂ ਦੇ ਇਕੱਠੇ ਹੋਣ ਤੇ ਪੂਰਨ ਪਾਬੰਦੀ

**ਮਲੇਰਕੋਟਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਠਵੀ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2026 ਦੀਆਂ ਸਾਲਾਨਾ ਪਰੀਖਿਆਵਾਂ (ਸਮੇਤ ਓਪਨ ਸਕੂਲ) 17 ਫਰਵਰੀ ਤੋਂ 04 ਅਪ੍ਰੈਲ 2026 ਤੱਕ ਸਵੇਰੇ 11 ਵਜੇ ਤੋਂ ਦੁਪਹਿਰ 02:15 ਵਜੇ ਤੱਕ ਜ਼ਿਲੇ ਦੇ 98 ਸਕੂਲਾਂ ਵਿਖੇ ਬੋਰਡ ਵੱਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ।

ਪ੍ਰੀਖਿਆਵਾਂ ਦੀ ਸੁਰੱਖਿਆ ਦੇ ਮੱਦੇਨਜਰ ਜ਼ਿਲ੍ਹਾ ਮੈਜਿਸਟਰੇਟ ਵਿਰਾਜ ਐਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ - 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਅੰਦਰ ਸਥਾਪਿਤ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 200 ਮੀਟਰ ਦੇ ਘੇਰੇ ਅੰਦਰ ਵਿਦਿਆਰਥੀਆਂ ਅਤੇ ਡਿਊਟੀ ਸਟਾਫ ਤੋਂ ਬਿਨਾਂ ਆਮ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਆਮ ਪਬਲਿਕ ਨੂੰ ਸਥਾਪਿਤ ਹੋਏ ਪ੍ਰੀਖਿਆ ਕੇਂਦਰਾਂ ਦੇ 200 ਮੀਟਰ ਦੇ ਘੇਰੇ ਅੰਦਰ ਕਿਸੇ ਵੀ ਤਰਾਂ ਦਾ ਹਥਿਆਰ, ਸੋਟੀ, ਲਾਠੀ ਅਤੇ ਅਸਲਾ ਚੁੱਕਣ ਤੇ ਵੀ ਮਨਾਹੀ ਹੋਵੇਗੀ।

# ਧੰਨਾ ਭਗਤ ਬਿਰਧ ਆਸ਼ਰਮ ਵਿੱਚ ਆਰਐਸਐਸ ਦੇ 100 ਸਾਲ ਪੂਰੇ ਹੋਣ ਮੌਕੇ ਵਿਸ਼ਾਲ ਧਰਮ ਸੰਮੇਲਨ ਆਯੋਜਿਤ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਸ਼ਿਵਰਾਤਰੀ ਦੇ ਪਾਵਨ ਮੌਕੇ 'ਤੇ ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ) ਦੇ 100 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਧੰਨਾ ਭਗਤ ਬਿਰਧ ਆਸ਼ਰਮ, ਮਿਰਜਾਪੁਰ ਵਿੱਚ ਇੱਕ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸ਼ਹਿਰ ਅਤੇ ਨੇੜਲੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਸੰਗਤ ਅਤੇ ਸਮਾਜ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੇ ਹਾਜ਼ਰੀ ਭਰ ਕੇ ਸਮਾਜਿਕ ਏਕਤਾ, ਸੇਵਾ ਭਾਵਨਾ ਅਤੇ ਰਾਸ਼ਟਰ ਸੇਵਾ ਦਾ ਸੰਦੇਸ਼ ਦਿੱਤਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਜਿੰਦਰ ਕੁਮਾਰ, ਮਨਮੋਹਨ, ਵਰਿੰਦਰ ਗੁਪਤਾ, ਵਿਸ਼ਾਲ ਬੰਸਲ (ਸੀਏ) ਅਤੇ ਕਿਰਨ ਹੰਸ ਸਮੇਤ ਸੰਘ ਪਰਿਵਾਰ ਦੇ ਪਤਵੰਤੇ ਪਹੁੰਚੇ। ਇਸ ਤੋਂ ਇਲਾਵਾ ਵਰਿੰਦਰ ਗੁਪਤਾ ਅਤੇ ਜਰਨੈਲ ਸਿੰਘ ਅਲੀਪੁਰ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਵਕਤਾਵਾਂ ਨੇ ਆਰਐਸਐਸ ਵੱਲੋਂ ਪਿਛਲੇ 100 ਸਾਲਾਂ ਦੌਰਾਨ ਕੀਤੀਆਂ ਗਈਆਂ ਸਮਾਜ ਸੇਵਾ ਗਤੀਵਿਧੀਆਂ, ਸਿੱਖਿਆ, ਸਿਹਤ, ਪ੍ਰਾਕ੍ਰਿਤਕ ਆਫ਼ਤਾਂ ਦੌਰਾਨ ਰਾਹਤ ਕਾਰਜਾਂ ਅਤੇ ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਨ ਲਈ ਕੀਤੇ ਯਤਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਵਕਤਾਵਾਂ ਨੇ ਕਿਹਾ ਕਿ ਸੰਘ ਪਿਛਲੇ ਇੱਕ ਸਦੀ ਤੋਂ ਨਿਸ਼ਕਾਮ ਭਾਵ ਨਾਲ ਰਾਸ਼ਟਰ ਅਤੇ ਸਮਾਜ ਦੀ ਸੇਵਾ ਕਰਦਾ ਆ ਰਿਹਾ ਹੈ। ਉਨ੍ਹਾਂ ਨੇ ਸ਼ਹਿਰ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਵੈਸੇਵਕ ਵਜੋਂ ਸੰਘ ਨਾਲ ਜੁੜ ਕੇ ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਹੋਰ ਮਜ਼ਬੂਤ ਅਤੇ ਸੁਸੰਸਕ੍ਰਿਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਆਏ ਹੋਏ ਮਹਿਮਾਨਾਂ ਦਾ ਸਵਾਗਤ ਸਪਨਾ ਸਿੰਘ ਅਤੇ ਰਜਿੰਦਰ ਕੌਰ ਵੱਲੋਂ ਕੀਤਾ ਗਿਆ। ਸਮਾਗਮ ਦੀ ਸਾਰੀ ਯੋਜਨਾ ਅਤੇ ਪ੍ਰਬੰਧਨਾ ਗੁਰਸੇਵਕ ਸਿੰਘ ਨੌਲੱਖਾ ਦੀ ਦੇਖਰੇਖ ਹੇਠ ਕੀਤੀ ਗਈ। ਉਨ੍ਹਾਂ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਲੰਗਰ ਅਤੇ ਹੋਰ ਸਹੂਲਤਾਂ ਦਾ ਵੀ ਉਤਕ੍ਰਿਸ਼ਟ ਪ੍ਰਬੰਧ ਕੀਤਾ ਗਿਆ, ਜਿਸ ਦੀ ਹਾਜ਼ਰ ਸੰਗਤ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਗਈ।

ਇਸ ਮੌਕੇ ਇੱਕ ਹੋਰ ਇਤਿਹਾਸਕ ਅਤੇ ਯਾਦਗਾਰ ਪਲ ਉਸ ਸਮੇਂ ਬਣਿਆ ਜਦੋਂ ਧੰਨਾ ਭਗਤ ਪੂਜਾ ਘਰ, ਮਿਰਜਾਪੁਰ ਸਥਿਤ ਅਰਧ ਨਾਗੇਸ਼ਵਰ ਮਹਾਦੇਵ ਦੇ ਦਰਬਾਰ ਵਿੱਚ ਪਹਿਲੀ ਵਾਰ ਸ਼ਿਵਰਾਤਰੀ ਦਾ ਪਾਵਨ ਤਿਉਹਾਰ ਮਨਾਇਆ ਗਿਆ। ਇਸ ਧਾਰਮਿਕ ਆਯੋਜਨ ਨੇ ਸੰਗਤ ਵਿੱਚ ਭਗਤੀਮਈ ਮਾਹੌਲ ਪੈਦਾ ਕਰ ਦਿੱਤਾ।

ਕੁੱਲ ਮਿਲਾ ਕੇ ਇਹ ਧਰਮ ਸੰਮੇਲਨ ਨਾ ਸਿਰਫ਼ ਆਰਐਸਐਸ ਦੀਆਂ ਸੌ ਸਾਲਾ ਸੇਵਾਵਾਂ ਨੂੰ ਯਾਦਗਾਰ ਬਣਾਉਣ ਵਿੱਚ ਸਫਲ ਰਿਹਾ, ਸਗੋਂ ਸਮਾਜਿਕ ਸਾਂਝ, ਸੇਵਾ ਭਾਵਨਾ ਅਤੇ ਰਾਸ਼ਟਰੀ ਚੇਤਨਾ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਭਾਵਸ਼ਾਲੀ ਸੰਦੇਸ਼ ਵੀ ਦੇ ਗਿਆ।

# ਸ੍ਰੀ ਇੱਛਾਪੂਰਨ ਪ੍ਰਾਚੀਨ ਸੀਤਲਾ ਮਾਤਾ ਮੰਦਰ ਵਿਖੇ ਮਹਾਸ਼ਿਵਰਾਤਰੀ ਦਾ ਤਿਉਹਾਰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਗੋਨਿਆਨਾ 17 ਫ਼ਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਇੱਛਾ ਪੂਰਨ ਪ੍ਰਾਚੀਨ ਸੀਤਲਾ ਮਾਤਾ ਮੰਦਰ ਨੇੜੇ ਰੇਲਵੇ ਫਾਟਕ ਵਿਖੇ ਮਹਾਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਹੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਵੇਰ ਤੋਂ ਹੀ ਮੰਦਰ ਵਿੱਚ ਭਗਤਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ, ਜਿੱਥੇ ਸ਼ਰਧਾਲੂਆਂ ਨੇ ਭੋਲੇ ਨਾਥ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਹਾਜ਼ਰੀ ਭਰੀ।

ਮੰਦਰ ਕਮੇਟੀ ਵੱਲੋਂ ਇਸ ਖਾਸ ਮੌਕੇ 'ਤੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਪ੍ਰਧਾਨ ਸੁਰਿੰਦਰ ਕੁਮਾਰ ਜੋਗਾ ਦੱਸਿਆ ਕਿ ਸ਼ਰਧਾਲੂਆਂ ਨੇ ਸ਼ਿਵਲਿੰਗ 'ਤੇ ਜਲ, ਦੁੱਧ, ਦਹੀਂ, ਸ਼ਹਿਦ, ਬੇਲ ਪੱਤਰ ਅਤੇ ਧਤੂਰਾ ਅਰਪਿਤ ਕਰਕੇ ਵਿਸ਼ੇਸ਼ ਪੂਜਾ ਅਰਚਨਾ ਕੀਤੀ। ਪੂਰਾ ਮੰਦਰ 'ਬਮ ਬਮ ਭੋਲੇ' ਅਤੇ 'ਓਮ ਨਮਹ ਸ਼ਿਵਾਏ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਮਹਾਸ਼ਿਵਰਾਤਰੀ ਦੇ ਮੌਕੇ 'ਤੇ ਮੰਦਰ ਨੂੰ ਰੰਗ-ਬਰੰਗੀਆਂ ਲਾਈਟਾਂ ਅਤੇ ਫੁੱਲਾਂ ਨਾਲ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਸਜਾਇਆ ਗਿਆ ਸੀ। ਉਹਨਾਂ ਦੱਸਿਆ ਕਿ ਰਾਤ ਸਮੇਂ ਵਿਸ਼ੇਸ਼ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਥਾਨਕ ਗਾਇਕਾਂ ਨੇ ਸ਼ਿਵ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਮੰਦਰ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਤਾਂ ਲਈ ਲੰਗਰ ਅਤੇ ਠੰਢਿਆਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਸ਼ਰਧਾਲੂਆਂ ਦੀ ਸਹੂਲਤ ਲਈ ਸੇਵਾਦਾਰਾਂ ਨੇ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਈ ਤਾਂ ਜੋ ਕਿਸੇ ਨੂੰ ਵੀ ਦਰਸ਼ਨਾਂ ਵਿੱਚ ਕੋਈ ਦਿੱਕਤ ਨਾ ਆਵੇ।

ਮੰਦਰ ਪ੍ਰਬੰਧਕ ਕਮੇਟੀ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਹਾਸ਼ਿਵਰਾਤਰੀ ਦਾ ਇਹ ਤਿਉਹਾਰ ਸਾਨੂੰ ਆਪਸੀ ਭਾਈਚਾਰੇ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦਾ ਹੈ।

ਉਨ੍ਹਾਂ ਨੇ ਭਗਵਾਨ ਸ਼ਿਵ ਅੱਗੇ ਸਾਰਿਆਂ ਦੀ ਸੁੱਖ-ਸ਼ਾਂਤੀ ਅਤੇ ਚੰਗੀ ਸਿਹਤ ਲਈ ਪ੍ਰਾਰਥਨਾ ਕੀਤੀ।

ਇਸ ਮੌਕੇ ਖਜ਼ਾਨਚੀ ਰਵੀ ਕੁਮਾਰ ਨੁਗਰੀਆ, ਸਕੱਤਰ ਸੁਰਿੰਦਰ ਕੁਮਾਰ ਨਿਨਾਈਆ, ਰਾਜ ਕੁਮਾਰ ਢਿੱਲੋੜ ਸਾਬਕਾ ਐਮ ਸੀ, ਪ੍ਰੀਤਮ ਚੰਦ ਨਿਨਾਈਆ ਮੈਂਬਰ, ਸੁਖਵਿੰਦਰ ਕੁਮਾਰ, ਵਿਨੋਦ ਕੁਮਾਰ ਮੋਨੂੰ, ਸੰਤ ਲਾਲ ਖੰਨਾ, ਪ੍ਰਦੀਪ ਕੁਮਾਰ ਨੁਗਰੀਆ ਆਦਿ ਹਾਜ਼ਰ ਸਨ।

# ਸਮਾਜ ਦੀ ਮਜ਼ਬੂਤੀ-ਬੁਜ਼ੁਰਗਾਂ ਦੇ ਅਨੁਭਵ, ਸੰਸਕਾਰ ਅਤੇ ਆਸ਼ੀਰਵਾਦ ਨਾਲ ਹੀ ਸੰਭਵ : ਕੈਬਨਿਟ ਮੰਤਰੀ ਮਹਿਪਾਲ ਢਾਂਡਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸਿੱਖਿਆ ਮੰਤਰੀ ਸ਼੍ਰੀ ਮਹਿਪਾਲ ਢਾਂਡਾ ਨੇ ਕਿਹਾ ਕਿ ਜੋ ਸਮਾਜ ਆਪਣੇ ਬਜ਼ੁਰਗਾਂ ਨੂੰ ਸਨਮਾਨ ਦਿੰਦਾ ਹੈ, ਉਹ ਹੀ ਸਮਾਜ ਤਰੱਕੀ ਦੀ ਰਾਹ 'ਤੇ ਅੱਗੇ ਵੱਧਦਾ ਹੈ। ਉਨ੍ਹਾਂ ਨੇ ਮਹਾਰਾਜਾ ਸੂਰਜਮਲ ਦੇ ਆਦਰਸ਼ਾਂ ਨੂੰ ਮੌਜੂਦਾ ਸਮੇਂ ਵਿੱਚ ਪ੍ਰਾਸੰਗਿਕ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਦੇ ਦੱਸੇ ਹੋਏ ਰਸਤੇ 'ਤੇ ਚਲਦੇ ਹੋਏ ਸਮਾਜ ਸਿੱਖਿਆ, ਸੰਗਠਨ ਅਤੇ ਸੇਵਾ ਦੇ ਖੇਤਰ ਵਿੱਚ ਨਵੀਂ ਉਚਾਈਆਂ ਪ੍ਰਾਪਤ ਕਰ ਸਕਦਾ ਹੈ ਸ੍ਰੀ ਮਹਿਪਾਲ ਢਾਂਡਾ ਅੱਜ ਜਾਟ ਸਮਾਜ ਦੇ ਮਹਾਨ ਜੋਧਾ ਅਤੇ ਦੂਰਦਰਸ਼ੀ ਸ਼ਾਸਕ ਮਹਾਰਾਜਾ ਸੂਰਜਮਲ ਜਾਟ ਦੇ ਜਨਮੋਤਸਵ ਦੇ ਉਪਲਕਸ਼ ਵਿੱਚ ਕੈਥਲ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵੱਜੋਂ ਬੋਲ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਸਾਡੇ ਬਜ਼ੁਰਗ ਸਾਡੀ ਵਿਰਾਸਤ, ਸਾਡੀ ਧਰੋਹਰ ਥੀਮ 'ਤੇ ਅਧਾਰਿਤ ਪ੍ਰੋਗਰਾਮ ਵਿੱਚ ਸਮਾਜ ਦੇ ਬਜ਼ੁਰਗਾਂ, ਯੁਵਾਵਾਂ, ਸਿੱਖਿਆ ਮਾਹਿਰਾਂ ਅਤੇ ਮਾਣਯੋਗ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸਮਾਜ ਦੀ ਸਾਂਸਕ੍ਰਿਤਿਕ ਵਿਰਾਸਤ ਨੂੰ ਅੱਗੇ ਵਧਾਉਣ ਦਾ ਸੰਕਲਪ ਲਿਆ।

ਉਨ੍ਹਾਂ ਨੇ ਸੰਯੁਕਤ ਪਰਿਵਾਰ ਵਿਵਸਥਾ ਨੂੰ ਭਾਰਤੀ ਸੰਸਕ੍ਰਿਤੀ ਦੀ ਸ਼ਕਤੀ ਦੱਸਦੇ ਹੋਏ ਨਵੀਂ ਪੀਢੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਬਜ਼ੁਰਗਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਮਾਰਗਦਰਸ਼ਨ ਨੂੰ ਜੀਵਨ ਵਿੱਚ ਉਤਾਰਨ। ਉਨ੍ਹਾਂ ਨੇ ਕਮੇਟੀ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਸਮਾਜ ਭਲਾਈ ਵਿੱਚ ਵਿੱਚ 11 ਲੱਖ ਰੁਪਏ ਦੀ ਸਹਿਯੋਗ ਰਕਮ ਦੇਣ ਦਾ ਐਲਾਨ ਵੀ ਕੀਤਾ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਨਾਲ ਸੰਸਥਾ ਵੱਲੋਂ 151 ਬਜ਼ੁਰਗਾਂ ਨੂੰ ਸ਼ਾਲ, ਚਾਦਰ ਅਤੇ ਸਨਮਾਨ ਯਾਦਗਾਰੀ ਭੇਂਟ ਕਰ ਸਨਮਾਨਿਤ ਕੀਤਾ ਗਿਆ।

# ਹਰਿਆਣਾ ਅਤੇ ਹਾਈ ਕੋਰਟ ਦਫ਼ਤਰ ਵਿੱਚ ਪ੍ਰਵੇਸ਼ ਲਈ ਆਨਲਾਇਨ ਵਿਜ਼ਿਟਿੰਗ ਪਾਸ ਜ਼ਰੂਰੀ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਪ੍ਰਵੇਸ਼ ਨੂੰ ਸੁਵਿਵਸਥਿਤ, ਸੁਰੱਖਿਅਤ ਅਤੇ ਪਾਰਦਰਸ਼ੀ ਬਨਾਉਣ ਦੇ ਉਦੇਸ਼ ਨਾਲ ਆਨਲਾਇਨ ਵਿਜ਼ਿਟਿੰਗ ਪਾਸ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ।ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਦਫ਼ਤਰੀ ਕੰਮ ਨਾਲ ਸਬੰਧਿਤ ਕਿਸੇ ਵੀ ਅਧਿਕਾਰਿਕ ਕੰਮ ਜਾਂ ਕਿਸੇ ਕੇਸ ਜਾਂ ਸੁਣਵਾਈ ਲਈ ਆਉਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਅਤੇ ਸਬੰਧਿਤ ਵਿਅਕਤੀਆਂ ਨੂੰ ਐਲਐਮਐਸ ਪੋਰਟਲ (ਇਵਵਬਤਯੇ;ਠਤੀਗਖ।ਪਰਡ।ਜਅ) ਰਾਹੀਂ ਪਹਿਲਾਂ ਹੀ ਆਨਲਾਇਨ ਵਿਜ਼ਿਟਿੰਗ ਪਾਸ ਬਨਾਉਣਾ ਜ਼ਰੂਰੀ ਹੋਵੇਗਾ।

ਉਨ੍ਹਾਂ ਨੇ ਦੱਸਿਆ ਕਿ ਆਨਲਾਇਨ ਵਿਜ਼ਿਟਿੰਗ ਪਾਸ ਦੇ ਸਬੰਧ ਵਿੱਚ ਬਿਨੈਕਾਰ ਕੋਲ੍ਹ ਆਪਣਾ ਐਮਪਲੋਈ ਆਈਡੀ ਕਾਰਡ ਜ਼ਰੂਰ ਹੋਣਾ ਚਾਹੀਦਾ ਹੈ, ਗੇਟ ਪਾਸ ਦੇ ਪ੍ਰਿੰਟਆਉਟ ਨੂੰ ਅਧਿਕਾਰਤ ਹਸਤਾਖਰਕਰਤਾ ਵੱਲੋਂ ਵੈਰੀਫਾਇਡ ਕਰਵਾਉਣਾ ਹੋਵੇਗਾ ਅਤੇ ਪਾਸ ਜਾਰੀ ਹੋਣ ਤੋਂ ਬਾਅਦ ਸਬੰਧਿਤ ਦਫ਼ਤਰ ਵੱਲੋਂ ਉਸ ਨੂੰ ਵੈਰੀਫਾਇਡ ਕਰਵਾਉਣਾ ਜ਼ਰੂਰੀ ਹੋਵੇਗਾ।

ਬੁਲਾਰੇ ਨੇ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਰਾਹੀਂ ਦਫ਼ਤਰ ਵਿੱਚ ਪ੍ਰਵੇਸ਼ ਪ੍ਰਕਿਰਿਆ ਨੂੰ ਵੱਧ ਸੰਗਠਿਤ, ਸੁਰੱਖਿਅਤ ਅਤੇ ਡਿਜ਼ਿਟਲ ਬਣਾਇਆ ਗਿਆ ਹੈ ਤਾਂ ਜੋ ਕੰਮ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਯਕੀਨੀ ਕੀਤੀ ਜਾ ਸਕੇਗੀ। ਇਹ ਵਿਵਸਥਾ 9 ਫਰਵਰੀ, 2026 ਤੋਂ ਪ੍ਰਭਾਵੀ ਹੋ ਚੁੱਕੀ ਹੈ।

# 29 ਵਿਭਾਗਾਂ ਦੇ 271 ਕੈਡਰਾਂ ਲਈ ਆਨਲਾਇਨ ਟ੍ਰਾਂਸਫਰ ਮੁਹਿੰਮ ਦਾ ਦੂਜਾ ਪੜਾਅ ਜਲਦ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਮਾਡਲ ਆਨਲਾਇਨ ਟ੍ਰਾਂਸਫਰ ਪਾਲਿਸੀ (ਐਮਓਟੀਪੀ) 2025 ਤਹਿਤ ਆਨਲਾਇਨ ਟ੍ਰਾਂਸਫਰ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਇਸ ਪੜਾਅ ਵਿੱਚ 29 ਵਿਭਾਗਾਂ ਅਤੇ ਬੋਰਡਾਂ ਦੇ 271 ਕੈਡਰਾਂ ਨੂੰ ਸ਼ਾਮਲ ਕੀਤਾ ਜਾਵੇਗਾ।ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸਬੰਧਿਤ ਵਿਭਾਗਾਂ ਨੇ ਇੰਟ੍ਰਾ ਹਰਿਆਣਾ ਪੋਰਟਲ 'ਤੇ ਕੰਮ ਕਰ ਰਹੇ ਰੇਗੂਲਰ ਕਰਮਚਾਰੀਆਂ ਦੇ ਡਾਟਾ ਦਾ ਸ਼ੁਰੂਆਤੀ ਅਪਡੇਟ ਕਰ ਦਿੱਤਾ ਹੈ। ਸਾਰੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਯੂਜਰ ਆਈਡੀ ਨਾਲ ਲਾਗ-ਇਨ ਕਰ ਆਪਣੀ ਪ੍ਰੋਫਾਇਲ ਵਿੱਚ ਦਰਜ ਬਿਓਰੇ ਨੂੰ ਧਿਆਨ ਨਾਲ ਜਾਂਚ ਲੈਣ। ਜੇਕਰ ਕਿਸੇ ਕਰਮਚਾਰੀ ਦੀ ਜਾਣਕਾਰੀ ਵਿੱਚ ਕੋਈ ਕਮੀ ਜਾਂ ਗਲਤੀ ਪਾਈ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਪੋਰਟਲ 'ਤੇ ਦਰਸ਼ਾਏ ਗਏ ਸਬੰਧਿਤ ਅਥਾਰਟੀ/ ਚੈਕਰ ਨਾਲ ਸੰਪਰਕ ਕਰ ਜ਼ਰੂਰੀ ਦਸਤਾਵੇਜ ਜਮ੍ਹਾ ਕਰਾਉਣੇ ਹੋਣਗੇ, ਤਾਂ ਜੋ ਸਹੀ ਜਾਣਕਾਰੀ ਦਰਜ ਕੀਤੀ ਜਾ ਸਕੇ। ਡੇਟਾ ਦਾ ਸਹੀ ਅਤੇ ਸਮੇਂ ਸਿਰ ਅਪਡੇਟ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਅਧਾਰ 'ਤੇ ਸੇਵਾ ਸਮਾ, ਮੈਰਿਟ ਅੰਕ ਅਤੇ ਯੋਗਤਾ ਤੈਅ ਕੀਤੀ ਜਾਵੇਗੀ।

ਕਰਮਚਾਰੀ ਇੰਟ੍ਰਾ ਹਰਿਆਣਾ ਪੋਰਟਲ 'ਤੇ ਐਮਲਾਇਨ ਲਾਗਿਨ ਤੋਂ ਬਾਅਦ ਪ੍ਰੀਲੀਮੀਨਰੀ ਅਪਡੇਸ਼ਨ ਆਫ਼ ਡੇਟਾ ਵਿਕਲਪ ਰਾਹੀਂ ਆਪਣੀ ਜਾਣਕਾਰੀ ਅਪਡੇਟ ਕਰ ਸਕਦੇ ਹਨ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਲੋੜ ਅਨੁਸਾਰ ਕਰਮਚਾਰੀਆਂ ਨੂੰ ਕੋਰਟ ਦੇ ਆਦੇਸ਼, ਡੈਥ ਸਰਟੀਫਿਕੇਟ, ਅਧਿਕ੍ਰਿਤ ਮੈਡੀਕਲ ਬੋਰਡ (ਏਆਈਆਈਐਮਐਸ, ਪੀਜੀਆਈ-ਚੰਡੀਗੜ੍ਹ, ਪੀਜੀਆਈ-ਰੋਹਤਕ, ਹਰਿਆਣਾ/ਦਿੱਲੀ/ਚੰਡੀਗੜ੍ਹ ਦੇ ਸਰਕਾਰੀ ਮੈਡੀਕਲ ਕਾਲਜ) ਵੱਲੋਂ ਜਾਰੀ ਮੈਡੀਕਲ ਪ੍ਰਮਾਣ ਪੱਤਰ, ਯੂਡੀਆਈਡੀ ਪ੍ਰਮਾਣ ਪੱਤਰ ਅਤੇ ਹੋਰ ਸਰਕਾਰੀ ਦਸਤਾਵੇਜ਼ ਸਬੰਧਿਤ ਚੈਕਰ ਨੂੰ ਪੇਸ਼ ਕਰਨਗੇ।ਬੁਲਾਰੇ ਨੇ ਦੱਸਿਆ ਕਿ ਸਾਰੇ ਕਰਮਚਾਰੀ ਮਾਡਲ ਆਨਲਾਇਨ ਟ੍ਰਾਂਸਫਰ ਪਾਲਿਸੀ-2025 ਅਤੇ ਉਸ ਦੇ ਸੋਧਾਂ ਨੂੰ ਭਲੀ-ਭਾਂਤੀ ਪਢਣ ਅਤੇ 20 ਫਰਵਰੀ, 2026 ਤੱਕ ਆਪਣੀ ਪ੍ਰੋਫਾਇਲ ਦਾ ਵੈਰੀਫਿਕੇਸ਼ਨ ਅਤੇ ਅਪਡੇਟ ਯਕੀਨੀ ਕਰਨ।

# ਬਟਾਲਾ ਪੁਲਿਸ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਸਟਾਫ਼ ਨੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਬਾਰੇ ਦਿੱਤੀ ਜਾਣਕਾਰੀ

**ਬਟਾਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾ. ਮਹਿਤਾਬ ਸਿੰਘ, ਐਸ.ਐਸ.ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਸਟਾਫ਼ ਨੇ ਆਰਿਆਵੰਤੀ ਮਰਵਾਹਾ ਡੀ.ਏ.ਵੀ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਅਤੇ ਟ੍ਰੈਫਿਕ ਸੇਫਟੀ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ।

ਜਾਗਰੁਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਨਾਬਾਲਗ ਬੱਚਿਆਂ ਨੂੰ ਗੱਡੀ ਚਲਾਉਣ ਵਿਰੁੱਧ ਨਵੇਂ ਕਾਨੂੰਨ ਅਤੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਡੀ.ਐੱਸ.ਪੀ ਤੇਜਿੰਦਰਪਾਲ ਸਿੰਘ ਨੇ ਦੱਸਿਆ ਕਿ ਬਟਾਲਾ ਪੁਲਿਸ ਦੇ ਟਰੈਫਿਕ ਐਜੂਕੇਸ਼ਨ ਸੈੱਲ ਵਲੋਂ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਰੋਡ ਲਾਈਨ ਤੇ ਰੋਡ ਸਾਈਨ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਹੈਲਮਟ, ਸੀਟ ਬੈਲਟ ਲਗਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

ਜਾਗਰੂਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਘੱਟ ਉਮਰ ਵਿੱਚ ਡਰਾਈਵਿੰਗ ਕਰਨ ਉਪਰੰਤ ਹੋਣ ਵਾਲੀ ਕਨੂੰਨੀ ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਰਾਈਵਿੰਗ ਲਾਇਸੈਂਸ ਦੀ ਅਹਿਮੀਅਤ ਬਾਰੇ ਅਤੇ ਫਰਿਸ਼ਤੇ ਸਕੀਮ ਬਾਰੇ ਜਾਗਰੂਕ ਕੀਤਾ ਗਿਆ ।

ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਵੀ ਜਾਗਰੂਕ ਕਤਾ ਗਿਆ। ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਕਰਨ।

# ਮੁਹਿੰਮ ਤਹਿਤ ਜ਼ਿਲ੍ਹੇ ਭਰ 'ਚ ਲਗਾਏ ਜਾਣਗੇ ਵਿਸ਼ੇਸ਼ ਕੈਂਪ : ਵਿਵੇਕ ਕੁਮਾਰ ਮੋਦੀ

**ਜਲੰਧਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਸ਼ੁਰੂ ਕੀਤੀ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਥਾਨਕ ਰੈੱਡ ਕਰਾਸ ਭਵਨ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਉਪ ਮੰਡਲ ਮੈਜਿਸਟ੍ਰੇਟ ਆਦਮਪੁਰ ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ (ਜ) ਵਿਵੇਕ ਕੁਮਾਰ ਮੋਦੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਆਪਣੇ ਸੰਬੋਧਨ ਵਿੱਚ ਐਸ.ਡੀ.ਐਮ. ਨੇ ਕਿਹਾ ਕਿ ਬਜ਼ੁਰਗ ਸਾਡਾ ਕੀਮਤੀ ਸਰਮਾਇਆ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਕਰਨਾ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਮਕਸਦ ਬਜ਼ੁਰਗਾਂ ਨੂੰ ਸੌਖੀਆਂ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਸਨਮਾਨ ਦੇਣਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਬਜ਼ੁਰਗਾਂ ਨੂੰ ਮੈਡੀਕਲ ਚੈੱਕਅਪ, ਪੈਨਸ਼ਨ ਫਾਰਮ, ਮੁਫ਼ਤ ਕਾਨੂੰਨੀ ਸੇਵਾਵਾਂ, ਡਿਜੀਟਲ ਤੇ ਵਿੱਤੀ ਸਾਖ਼ਰਤਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਦੀ ਸਹੂਲਤ ਇਕੋ ਛੱਤ ਹੇਠ ਪ੍ਰਦਾਨ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ 16 ਮਾਰਚ 2026 ਤੱਕ ਵੱਖ-ਵੱਖ ਥਾਈਂ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਬਜ਼ੁਰਗਾਂ ਨੂੰ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਨਾਲ ਹੀ ਜ਼ਿਲ੍ਹੇ ਦੇ ਲੋਕਾਂ ਨੂੰ ਆਪਣੇ ਘਰਾਂ ਅਤੇ ਆਂਢ-ਗੁਆਂਢ ਵਿੱਚ ਰਹਿੰਦੇ ਬਜ਼ੁਰਗਾਂ ਨੂੰ ਇਨ੍ਹਾਂ ਕੈਂਪਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਲੈ ਕੇ ਆਉਣ ਦੀ ਅਪੀਲ ਕੀਤੀ ਤਾਂ ਜੋ ਉਹ ਇਨ੍ਹਾਂ ਸਹੂਲਤਾਂ ਦਾ ਪੂਰਾ ਲਾਭ ਲੈ ਸਕਣ ਅਤੇ ਸਿਹਤਮੰਦ ਤੇ ਸੁਰੱਖਿਅਤ ਜੀਵਨ ਬਤੀਤ ਕਰ ਸਕਣ।

ਸਮਾਗਮ ਦੌਰਾਨ ਸੀ.ਜੇ.ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੁਲ ਕੁਮਾਰ ਵੱਲੋਂ ਬਜ਼ੁਰਗਾਂ ਦੇ ਕਾਨੂੰਨੀ ਅਧਿਕਾਰਾਂ ਅਤੇ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਲੀਡ ਬੈਂਕ ਮੈਨੇਜਰ ਐਮ.ਐਸ. ਮੋਤੀ ਨੇ ਡਿਜੀਟਲ ਧੋਖਾਧੜੀ ਤੋਂ ਬਚਣ ਲਈ ਬਜ਼ੁਰਗਾਂ ਨਾਲ ਅਹਿਮ ਜਾਣਕਾਰੀ ਸਾਂਝੀ ਕੀਤੀ।

ਇਸ ਦੌਰਾਨ ਜਿਥੇ ਪਿੰਡ ਕਰਾੜੀ ਦੇ 95 ਸਾਲਾ ਬਜ਼ੁਰਗ ਮੁਨਸ਼ੀ ਰਾਮ ਵੱਲੋਂ ਤੂੰਬੀ ਨਾਲ ਪੇਸ਼ਕਾਰੀ ਦਿੱਤੀ ਗਈ ਉਥੇ ਐਚ.ਐਮ.ਵੀ. ਕਾਲਜ ਦੀਆਂ ਵਿਦਿਆਰਥਣਾਂ ਨੇ ਨੁੱਕੜ ਨਾਟਕ ਰਾਹੀਂ ਬਜ਼ੁਰਗਾਂ ਦੀ ਸਮਾਜ ਅਤੇ ਸਾਡੀ ਜ਼ਿੰਦਗੀ ਵਿੱਚ ਅਹਿਮੀਅਤ 'ਤੇ ਚਾਨਣਾ ਪਾਇਆ। ਰੈੱਡ ਕਰਾਸ ਸਕੂਲ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਸੱਭਿਆਚਾਰਕ ਵੰਨਗੀ ਪੇਸ਼ ਕੀਤੀ ਗਈ।

ਜ਼ਿਲ੍ਹਾ ਪੱਧਰੀ ਕੈਂਪ ਦੌਰਾਨ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਬਜ਼ੁਰਗਾਂ ਦੀ ਬੁਢਾਪੇ ਨਾਲ ਸਬੰਧਤ ਬੀਮਾਰੀਆਂ, ਕੰਨਾਂ, ਅੱਖਾਂ ਦੀ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਕੈਂਪ ਵਿੱਚ ਬੁਢਾਪਾ ਪੈਨਸ਼ਨ ਦੇ ਫਾਰਮ ਭਰੇ ਗਏ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਵੀ ਕੀਤੀ ਗਈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਟਾਲ ਲਾ ਕੇ ਮੁਫ਼ਤ ਕਾਨੂੰਨੀ ਸੇਵਾਵਾਂ ਸਬੰਧੀ ਜਾਣਕਾਰੀ ਦੇਣ ਤੋਂ ਇਲਾਵਾ ਸੈਲਫ਼ ਹੈਲਪ ਗਰੁੱਪਾਂ ਵੱਲੋਂ ਤਿਆਰ ਸਮਾਨ ਦੇ ਸਟਾਲ ਵੀ ਲਗਾਏ ਗਏ।

ਇਸ ਤੋਂ ਪਹਿਲਾਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਕੁਮਾਰ ਵੱਲੋਂ ਮੁੱਖ ਮਹਿਮਾਨ ਅਤੇ ਹੋਰਨਾਂ ਦਾ ਸਮਾਗਮ ਵਿੱਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਸੁਰਜੀਤ ਲਾਲ ਵੀ ਮੌਜੂਦ ਸਨ।ਮੰਚ ਸੰਚਾਲਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਵੱਲੋਂ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਮੁਸਕਾਨ ਸ਼ਰਮਾ, ਸੁਪਰਡੰਟ ਕੰਚਨ ਸ਼ਰਮਾ, ਇੰਦਰਜੀਤ ਕੌਰ, ਅਸ਼ੋਕ ਸਹੋਤਾ, ਵੱਖ-ਵੱਖ ਐਨ.ਜੀ.ਓਜ਼ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਬਜ਼ੁਰਗ ਸ਼ਾਮਲ ਸਨ।

# ਪੀ ਸ਼੍ਰੀ ਜੇ.ਐਨ.ਵੀ. ਫਲਾਹੀ ਵਿਖੇ 'ਸਕੂਲਾਂ ਲਈ ਫੁੱਟਬਾਲ' ਪ੍ਰੋਗਰਾਮ ਤਹਿਤ ਫੁੱਟਬਾਲਾਂ ਦੀ ਵੰਡ



**ਹੁਸ਼ਿਆਰਪੁਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਸਕੂਲਾਂ ਲਈ ਫੁੱਟਬਾਲ' ਸਕੀਮ ਤਹਿਤ ਫੁੱਟਬਾਲਾਂ ਦੀ ਵੰਡ ਲਈ ਪ੍ਰੋਗਰਾਮ ਪੀ ਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਫਲਤਾਪੂਰਵਕ ਸੰਚਾਲਿਤ ਕੀਤਾ ਗਿਆ। ਇਸ ਯੋਜਨਾ ਦੇ ਤਹਿਤ ਵਿਦਿਆਲਿਆ ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੁਆਰਾ ਪ੍ਰਦਾਨ ਕੀਤੇ ਗਏ ਜ਼ਿਲ੍ਹਾ ਹੁਸ਼ਿਆਰਪੁਰ ਦੇ 437 ਸਕੂਲਾਂ ਨੂੰ 2,432 ਫੁੱਟਬਾਲ ਵੰਡਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਹਿਲੇ ਪੜਾਅ ਵਿੱਚ 25 ਸਕੂਲਾਂ ਦੇ ਅਧਿਆਪਕ ਫੁੱਟਬਾਲ ਪ੍ਰਾਪਤ ਕਰਨ ਅਤੇ ਸਕੂਲਾਂ ਵਿੱਚ ਫੁੱਟਬਾਲ ਦੀ ਮਹੱਤਤਾ ਨੂੰ ਉਜਾਗਰ ਕਰਨ ਵਾਲੇ ਇੱਕ ਓਰੀਐਂਟੇਸ਼ਨ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਵਿਦਿਆਲਿਆ ਵਿਚ ਆਏ।

ਇਸ ਪ੍ਰੋਗਰਾਮ ਵਿੱਚ ਅਧਿਕ ਸਹਾਇਕ ਕਮਿਸ਼ਨਰ ਗੁਰਪ੍ਰੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਵਿੱਚ ਤੰਦਰੁਸਤੀ, ਟੀਮ ਵਰਕ ਅਤੇ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਵਿੱਚ ਖੇਡਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਪ੍ਰਿੰਸੀਪਲ ਰੰਜੂ ਦੁੱਗਲ ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਇਕੱਠ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਫੁੱਟਬਾਲ ਫਾਰ ਸਕੂਲਜ਼ ਪ੍ਰੋਗਰਾਮ 10 ਅਕਤੂਬਰ 2022 ਨੂੰ ਨਵੀਂ ਦਿੱਲੀ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰੇਂਦਰ ਪ੍ਰਧਾਨ ਨੇ ਸ਼ੁਰੂ ਕੀਤਾ ਗਿਆ ਸੀ।

ਇਸ ਪ੍ਰੋਗਰਾਮ ਦੇ ਤਹਿਤ ਦੇਸ਼ ਭਰ ਵਿੱਚ 11 ਲੱਖ ਤੋਂ ਵੱਧ ਫੀਫਾ ਫੁੱਟਬਾਲ ਪੜਾਅਵਾਰ ਵੰਡੇ ਜਾਣਗੇ, ਜਿਸ ਨਾਲ 1.5 ਲੱਖ ਤੋਂ ਵੱਧ ਸਕੂਲਾਂ ਨੂੰ ਲਾਭ ਹੋਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਫੁੱਟਬਾਲ ਨੂੰ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਜੋੜ ਕੇ ਅਤੇ ਮੁੰਡਿਆਂ ਅਤੇ ਕੁੜੀਆਂ ਦੋਵਾਂ ਲਈ ਬਰਾਬਰ ਪਹੁੰਚ ਯਕੀਨੀ ਬਣਾ ਕੇ ਬੱਚਿਆਂ ਦੀ ਸਿੱਖਿਆ, ਵਿਕਾਸ ਅਤੇ ਸਸ਼ਕਤੀਕਰਨ ਵਿੱਚ ਯੋਗਦਾਨ ਪਾਉਣਾ ਹੈ।

ਇਸ ਪ੍ਰੋਗਰਾਮ ਦਾ ਸਫਲਤਾਪੂਰਵਕ ਸੰਯੋਜਨ ਰਜਨੀ ਪਠਾਨੀਆ ਅਤੇ ਹਰਮਨਿੰਦਰ ਸਿੰਘ, ਸਰੀਰਕ ਸਿੱਖਿਆ ਅਧਿਆਪਕਾਂ ਅਤੇ ਸੰਜੀਵ ਕੁਮਾਰ ਸੀਨੀਅਰ ਅਧਿਕਾਰੀ ਦੁਆਰਾ ਵਿਦਿਆਲਿਆ ਦੇ ਸਟਾਫ਼ ਅਤੇ ਵਿਦਿਆਰਥੀਆਂ ਦੇ ਸਰਗਰਮ ਸਹਿਯੋਗ ਨਾਲ ਕੀਤਾ ਗਿਆ। ਸੰਗੀਤ ਅਧਿਆਪਕ ਭਾਰਤ ਜਸਰੋਟੀਆ ਦੀ ਅਗਵਾਈ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਵਾਗਤੀ ਗੀਤ ਪੇਸ਼ ਕੀਤਾ।

ਵਾਈਸ ਪ੍ਰਿੰਸੀਪਲ ਸੰਤੋਸ਼ ਕੁਮਾਰੀ ਨੇਗੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੁਰਿੰਦਰ ਕੁਮਾਰ ਟੀ ਜੀ ਟੀ ਅੰਗਰੇਜ਼ੀ ਅਤੇ ਗੁਰਦੀਪ ਕੌਰ ਪੰਜਾਬੀ ਅਧਿਆਪਕਾ ਨੇ ਸਟੇਜ ਸਕੱਤਰ ਦੇ ਫਰਜ਼ ਬਾਖੂਬੀ ਨਿਭਾਏ।

ਇਹ ਸਮਾਗਮ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਹੈ।

# 7ਵੀਂ ਸੀਨੀਅਰ ਸਟੇਟ ਨੈਟਬਾਲ ਚੈਂਪੀਅਨਸ਼ਿਪ 'ਚ ਹੁਸ਼ਿਆਰਪੁਰ ਰਿਹਾ ਦੂਜੇ ਸਥਾਨ 'ਤੇ

**ਹੁਸ਼ਿਆਰਪੁਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਟੀ ਕਾਲਜ ਬਰਨਾਲਾ ਵਿਚ ਕਰਵਾਏ 7ਵੀਂ ਸੀਨੀਅਰ ਸਟੇਟ ਨੈਟਬਾਲ ਚੈਂਪੀਅਨਸ਼ਿਪ ਦੇ ਮਹਿਲਾ ਵਰਗ ਵਿਚ ਹੁਸ਼ਿਆਰਪੁਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਸਰਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਦਾ ਉਦਘਾਟਨ 7 ਫਰਵਰੀ ਨੂੰ ਹੋਇਆ ਸੀ, ਜਿਸ ਵਿੱਚ ਪੰਜਾਬ ਦੇ 15 ਜ਼ਿਲ੍ਹਿਆਂ ਦੀਆਂ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ।

ਇਸ ਪ੍ਰਾਪਤੀ 'ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਟੀਮ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਖਿਡਾਰੀ ਲਗਾਤਾਰ ਬਿਹਤਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਭਵਿੱਖ ਵਿੱਚ ਵੀ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਉਣਗੇ। ਉਨ੍ਹਾਂ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਵਿੱਚ ਖੇਡ ਭਾਵਨਾ, ਅਨੁਸ਼ਾਸਨ ਅਤੇ ਟੀਮ ਵਰਕ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇੱਕ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ।

# ਬਠਿੰਡਾ ਪੁਲਿਸ ਨੇ ਇੱਕ ਵਿਅਕਤੀ ਨੂੰ 01 ਕਿੱਲੋ 507 ਗਰਾਮ ਹੈਰੋਇਨ/ਚਿੱਟਾ ਸਮੇਤ ਦਬੋਚਿਅ



**ਬਠਿੰਡਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੌਰਵ ਯਾਦਵ ਆਈ.ਪੀ.ਐੱਸ ਮਾਨਯੋਗ ਡੀ.ਜੀ.ਪੀ, ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਹਰਜੀਤ ਸਿੰਘ ਆਈ.ਪੀ.ਐੱਸ. ਡੀ.ਆਈ.ਜੀ ਬਠਿੰਡਾ ਰੇਂਜ ਬਠਿੰਡਾ ਜੀ ਦੇ ਮਾਰਗ ਦਰਸ਼ਨ ਅਨੁਸਾਰ ਬਠਿੰਡਾ ਪੁਲਿਸ ਵੱਲੋਂ ÷ਯੁੱਧ ਨਸ਼ਿਆਂ ਵਿਰੁੱਧ÷ ਚਲਾਈ ਗਈ ਮੁਹਿੰਮ ਤਹਿਤ ਲਗਾਤਰ ਨਸ਼ਿਆਂ ਖਿਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸੇ ਲੜੀ ਤਹਿਤ ਡਾ. ਜਯੋਤੀ ਯਾਦਵ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ ਬਠਿੰਡਾ ਦੀ ਰਹਿਨੁਮਾਈ ਹੇਠ ਸ੍ਰ.ਨਰਿੰਦਰ ਸਿੰਘ ਪੀ.ਪੀ.ਐੱਸ, ਐੱਸ.ਪੀ (ਸਿਟੀ) ਬਠਿੰਡਾ ਅਤੇ ਸ੍ਰ. ਸਰਵਜੀਤ ਸਿੰਘ, ਪੀ.ਪੀ.ਐੱਸ ਡੀ.ਐੱਸ.ਪੀ (ਸਿਟੀ-2) ਬਠਿੰਡਾ ਦੀ ਅਗਵਾਈ ਵਿੱਚ ਮਿਤੀ 15.02.2026 ਨੂੰ ਉਕਤ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਸੀ, ਜਿਸ ਸਬੰਧੀ ਥਾਣਾ ਸਿਵਲ ਲਾਈਨ ਬਠਿੰਡਾ ਦੀ ਪੁਲਿਸ ਪਾਰਟੀ ਨੇ ਮੁਕੱਦਮਾ ਉਕਤ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜੇ ਵਿੱਚੋਂ 1 ਕਿੱਲੋ 507 ਗਰਾਮ ਹੈਰੋਇਨ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ।

ਡਾਸਹ 15.02.2026 ਨੂੰ ਥਾਣਾ ਸਿਵਲ ਲਾਈਨ ਬਠਿੰਡਾ ਦੀ ਪੁਲਿਸ ਪਾਰਟੀ ਗਸ਼ਤ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਭੱਟੀ ਰੋਡ ਨੇੜੇ ਬਰਨਾਲਾ ਬਾਈਪਾਸ ਸਲਿੱਪ ਰੋਡ ਮੌਜੂਦ ਸੀ ਤਾਂ ਇੱਕ ਨੌਜਵਾਨ ਰਾਜਾ ਪੁੱਤਰ ਇੰਦਰਜੀਤ ਵਾਸੀ ਹਰਦੇਵ ਨਗਰ ਬਠਿੰਡਾ (ਉਮਰ ਕਰੀਬ 27 ਸਾਲ) ਨੂੰ ਸ਼ੱਕ ਦੀ ਬਿਨਾਹ ਪਰ ਕਾਬੂ ਕੀਤਾ ਗਿਆ, ਜਿਸ ਪਾਸ ਨਸ਼ੀਲੇ ਪਦਾਰਥ ਹੋਣ ਦਾ ਸ਼ੱਕ ਸੀ।ਜਿਸ ਨੂੰ ਕਾਬੂ ਕਰਕੇ ਉਸ ਪਾਸੋਂ 01 ਕਿੱਲੋ 507 ਗ੍ਰਾਮ ਹੈਰੋਇਨ/ਚਿੱਟਾ ਬ੍ਰਾਮਦ ਕਰਕੇ ਮੁਕੱਦਮਾ ਉਕਤ ਦਰਜ਼ ਕੀਤਾ ਗਿਆ ।ਉਕਤ ਵਿਅਕਤੀ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਬਿਹਾਰ ਦਾ ਜੰਮਪਲ ਹੈ ਪਰ ਹੁਣ ਕਰੀਬ 10/15 ਸਾਲ ਤੋਂ ਬਠਿੰਡਾ ਵਿਖੇ ਰਹਿ ਰਿਹਾ ਹੈ ਜਿਸ ਨੇ ਹਰਦੇਵ ਨਗਰ ਬਠਿੰਡਾ ਵਿੱਚ ਆਪਣਾ ਘਰ ਬਣਾ ਲਿਆ ਹੈ ।ਇਸ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ਼ ਨਹੀਂ ਹੈ।ਇਸ ਦੇ ਬੈਕਵਾਰਡ ਤੇ ਫਾਰਵਰਡ ਲਿੰਕਾਂ ਬਾਰੇ ਪਤਾ ਕੀਤਾ ਜਾ ਰਿਹਾ ਹੈ, ਇਹ ਹੈਰੋਇਨ ਕਿੱਥੋ ਲੈ ਕੇ ਆਇਆ ਸੀ ਅੱਗੇ ਕਿੱਥੇ ਸਪਲਾਈ ਕਰਨੀ ਸੀ।ਗ੍ਰਿਫਤਾਰ ਵਿਅਕਤੀ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਜਾਰੀ ਮੁਹਿੰਮ ਗੈਂਗਸਟਰਾਂ ਤੇ ਵਾਰ ਤਹਿਤ ਮਿਤੀ 20.01.2026 ਤੋਂ ਮਿਤੀ 15.02.26 ਤੱਕ ਓਪਰੇਸ਼ਨ ਪਰਹਾਰ 1.0 ਅਤੇ 2.0 ਰਾਹੀਂ ਕੁੱਲ 1054 ਵਿਅਕਤੀਆਂ ਨੂੰ ਕਾਬੂ ਕਰਕੇ ਉਹਨਾਂ ਦੇ ਕਬਜਾ ਵਿੱਚੋਂ 02 ਕਿਲੋ 608 ਗ੍ਰਾਮ ਹੈਰੋਇਨ(ਚਿੱਟਾ), 8 ਕਿਲੋ ਅਫੀਮ, 6998 ਨਸ਼ੀਲ਼ੀਆਂ ਗੋਲੀਆਂ ਅਤੇ ਕੈਪਸੂਲ, 04 ਪਿਸਟਲ 32 ਬੋਰ ਸਮੇਤ ਦਸ ਜਿੰਦਾ ਕਾਰਤੂਸ, 17 ਮੋਬਾਇਲ ਫੋਨ(ਚੋਰੀ ਸ਼ੁਦਾ), 435 ਲੀਟਰ ਲਾਹਣ, 42 ਦੋ ਪਹੀਏ ਵਾਹਨ, ਇੱਕ ਤਿੰਨ ਪਹੀਆਂ ਵਾਹਨ, ਇੱਕ ਚਾਰ ਪਹੀਆ ਵਾਹਨ, ਕੁੱਲ 1,54,000/- ਡਰੱਗ ਮਨੀ ਬਰਾਮਦ ਕਰਵਾ ਕੇ ਜਿਲ੍ਹਾ ਬਠਿੰਡਾ ਦੇ ਵੱਖ- ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ਼ ਕੀਤੇ ਗਏ।

ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ ਦੀਆਂ ਪ੍ਰਾਪਰਟੀਜ ਨੂੰ ਫਰੀਜ ਕਰਵਾਉਣ ਲਈ ਕੁੱਲ 03 ਕੇਸ ਜਿਹਨਾਂ ਵਿੱਚ ਪ੍ਰਾਪਰਟੀ ਦੀ ਕੀਮਤ 32,75,000/- ਹੈ ਪਾਸ ਹੋਣ ਲਈ ਭੇਜੇ ਗਏ ਅਤੇ ਕੁੱਲ 04 ਕੇਸ ਜਿਹਨਾਂ ਵਿੱਚ ਪ੍ਰਾਪਰਟੀ ਦੀ ਕੀਮਤ 81,84,500/- ਹੈ ਪਾਸ ਹੋ ਚੁੱਕੇ ਹਨ ਅਤੇ ਲਗਾਤਾਰ ਇਹਨਾਂ ਪ੍ਰਾਪਰਟੀਜ ਨੂੰ ਫਰੀਜ ਕਰਵਾਇਆ ਜਾ ਰਿਹਾ ਹੈ।

# ਹਰਿਆਣਾ ਸਰਕਾਰ 2 ਮਾਰਚ ਨੂੰ ਬਜਟ ਪੇਸ਼ ਕਰੇਗੀ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਵੱਲੋਂ 2 ਮਾਰਚ ਨੂੰ ਵਿੱਤੀ ਵਰ੍ਹੇ 2026-27 ਦਾ ਬਜਟ ਪੇਸ਼ ਕੀਤਾ ਜਾਵੇਗਾ। ਹਰਿਆਣਾ ਵਿਧਾਨ ਸਭਾ ਵੱਲੋਂ ਜਾਰੀ ਕੀਤੇ ਸ਼ਡਿਊਲ ਮੁਤਾਬਕ ਬਜਟ ਇਜਲਾਸ 20 ਫਰਵਰੀ ਨੂੰ ਸਵੇਰੇ 11:00 ਵਜੇ ਸ਼ੁਰੂ ਹੋਵੇਗਾ; 2 ਮਾਰਚ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿੱਤ ਮੰਤਰੀ ਵਜੋਂ ਦੂਜੀ ਵਾਰ ਸੂਬੇ ਦਾ ਬਜਟ ਪੇਸ਼ ਕਰਨਗੇ।

ਬਜਟ ਇਜਲਾਸ 20 ਫਰਵਰੀ ਨੂੰ ਸਵੇਰੇ 11:00 ਵਜੇ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ ਅਤੇ 18 ਮਾਰਚ ਤੱਕ ਜਾਰੀ ਰਹੇਗਾ; ਹਾਲਾਂਕਿ ਇਸ ਦੌਰਾਨ ਨੌਂ ਛੁੱਟੀਆਂ ਵੀ ਕੀਤੀਆਂ ਗਈਆਂ ਹਨ, ਜਿਸ ਤਹਿਤ ਬਜਟ ਇਜਲਾਸ 17 ਦਿਨ ਤੱਕ ਚੱਲੇਗਾ। ਪ੍ਰਾਪਤ ਜਾਣਕਾਰੀ ਮੁਤਾਬਕ 21 ਤੇ 22 ਫਰਵਰੀ ਨੂੰ ਛੁੱਟੀ, 23 ਤੋਂ 25 ਤੱਕ ਰਾਜਪਾਲ ਦੇ ਭਾਸ਼ਣ 'ਤੇ ਚਰਚਾ, 26 ਤੋਂ ਆਮ ਚਰਚਾ ਹੋਵੇਗੀ ਅਤੇ 27 ਫਰਵਰੀ ਨੂੰ ਰਾਜਪਾਲ ਦੇ ਭਾਸ਼ਣ ਬਾਰੇ ਮੁੱਖ ਮੰਤਰੀ ਜਵਾਬ ਦੇਣਗੇ, 28 ਤੋਂ 1 ਮਾਰਚ ਤੱਕ ਛੁੱਟੀ ਰਹੇਗੀ, ਦੋ ਮਾਰਚ ਨੂੰ ਬਜਟ ਪੇਸ਼ ਹੋਵੇਗਾ।

3 ਤੇ 4 ਮਾਰਚ ਨੂੰ ਸੈਸ਼ਨ ਦੀ ਕਾਰਵਾਈ ਬੰਦ ਰਹੇਗੀ। ਇਸ ਤੋਂ ਬਾਅਦ 5 ਤੇ 6 ਮਾਰਚ ਨੂੰ ਵਿਭਾਗੀ ਕਮੇਟੀਆਂ ਬਣਾਈਆਂ ਜਾਣਗੀਆਂ ਅਤੇ 7 ਤੇ 8 ਮਾਰਚ ਨੂੰ ਛੁੱਟੀ ਅਤੇ 9 ਨੂੰ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। 10 ਤੋਂ 13 ਮਾਰਚ ਤੱਕ ਬਜਟ 'ਤੇ ਚਰਚਾ ਹੋਵੇਗੀ।

14 ਤੇ 15 ਮਾਰਚ ਨੂੰ ਛੁੱਟੀ, 16 ਨੂੰ ਰਿਪੋਰਟਾਂ ਪੇਸ਼ ਕੀਤੀਆਂ ਜਾਣਗੀਆਂ ਅਤੇ ਮੁੱਖ ਮੰਤਰੀ ਬਜਟ ਬਾਰੇ ਵਿਰੋਧੀਆਂ ਨੂੰ ਜਵਾਬ ਦੇਣਗੇ। 17 ਤੇ 18 ਮਾਰਚ ਨੂੰ ਹੋਰ ਕੰਮ-ਕਾਜ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਵੱਲੋਂ ਵਿੱਤੀ ਵਰ੍ਹੇ 2025-26 ਲਈ 2.05 ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਸੀ। ਇਸ ਵਾਰ ਸੂਬਾ ਸਰਕਾਰ ਬਜਟ ਨੂੰ ਵਧਾਉਣ ਲਈ ਚਾਰਾਜੋਈ ਕਰ ਰਹੀ ਹੈ।

# ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਹਰਿਆਣਾ ਨੇ ਵੱਡੀ ਕਾਰਵਾਈ ਕੀਤੀ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਹਰਿਆਣਾ ਨੇ ਫਰੀਦਾਬਾਦ ਦੇ ਫਰਾਰ ਦੋਸ਼ੀ ਸਾਗਰ, ਫਰਮ ਡਾ ਡਿਜ਼ਾਈਨ ਕੋਡ ਦੇ ਮਾਲਕ, ਸ਼੍ਰੀ ਦੇਸ਼ਰਾਜ ਦੇ ਪੁੱਤਰ, ਪਿੰਡ ਨਵਾਦਾ, ਬਲਾਕ ਤਿਗਾਓਂ, ਥਾਣਾ ਸਦਰ ਬੱਲਭਗੜ੍ਹ, ਜ਼ਿਲ੍ਹਾ ਫਰੀਦਾਬਾਦ ਦੇ ਨਿਵਾਸੀ, ਨੂੰ, ਕਾਫ਼ੀ ਸਬੂਤਾਂ ਦੇ ਆਧਾਰ 'ਤੇ, ਜ਼ਿਲ੍ਹਾ ਫਰੀਦਾਬਾਦ ਦੇ ਬਲਾਕ ਤਿਗਾਓਂ, ਗ੍ਰਾਮ ਪੰਚਾਇਤ ਮੁਜੇਦੀ ਵਿੱਚ ਸਾਲ 2020-21 ਦੌਰਾਨ ਲਗਭਗ 22 ਕਰੋੜ ਰੁਪਏ ਦੇ ਕਥਿਤ ਗਬਨ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ।

ਇਹ ਮਾਮਲਾ ਕੇਸ ਨੰਬਰ 355, ਮਿਤੀ 16 ਅਕਤੂਬਰ, 2022 ਨੂੰ ਥਾਣਾ ਸਦਰ ਬੱਲਭਗੜ੍ਹ, ਜ਼ਿਲ੍ਹਾ ਫਰੀਦਾਬਾਦ ਵਿੱਚ ਦਰਜ ਹੈ, ਅਤੇ ਇਸ ਵੇਲੇ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਫਰੀਦਾਬਾਦ ਵਿਖੇ ਜਾਂਚ ਅਧੀਨ ਹੈ। ਉਪਰੋਕਤ ਮਾਮਲੇ ਵਿੱਚ, ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 120-ਬੀ, 201, 406, 409, 420, 467, 468, 471 ਅਤੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7, 71, 13(1)(✫) ਦੇ ਨਾਲ ਪੜ੍ਹੀ ਜਾਂਦੀ ਹੈ, ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਜਾਂਚ ਵਿੱਚ ਦੋਸ਼ ਲਗਾਇਆ ਗਿਆ ਹੈ ਕਿ 09.10.2020 ਨੂੰ ਨਿਯੁਕਤ ਕੀਤੇ ਗਏ ਕਾਰਜਕਾਰੀ ਸਰਪੰਚ ਬ੍ਰਹਮਪਾਲ ਨੇ ਪਿੰਡ ਸਕੱਤਰ ਜੋਗਿੰਦਰ, ਬੀਡੀਪੀਓ ਪੂਜਾ ਸ਼ਰਮਾ ਅਤੇ ਵੱਖ-ਵੱਖ ਫਰਮ ਮਾਲਕਾਂ ਨਾਲ ਕਥਿਤ ਮਿਲੀਭੁਗਤ ਨਾਲ, ਪ੍ਰਸ਼ਾਸਕੀ ਇਜਾਜ਼ਤ ਤੋਂ ਬਿਨਾਂ ਜਾਅਲੀ ਵਿਕਾਸ ਕਾਰਜ ਦਿਖਾ ਕੇ ਲਗਭਗ 22 ਕਰੋੜ ਰੁਪਏ ਦੇ ਭੁਗਤਾਨ ਪ੍ਰਾਪਤ ਕੀਤੇ। ਇਸ ਵਿੱਚੋਂ, ਲਗਭਗ 17 ਕਰੋੜ 14 ਲੱਖ ਰੁਪਏ ਵੱਖ-ਵੱਖ ਫਰਮਾਂ - ਡਾ ਡਿਜ਼ਾਈਨ ਕੋਡ, ਐਸ.ਕੇ. ਐਂਟਰਪ੍ਰਾਈਜ਼, ਸਤਗੁਰੂ ਐਂਟਰਪ੍ਰਾਈਜ਼, ਸਾਈ ਟ੍ਰੇਡਿੰਗ ਕੰਪਨੀ, ਫਰਹਾਨ ਐਂਟਰਪ੍ਰਾਈਜ਼, ਰਾਘਵ ਬਿਲਡਿੰਗ ਮਟੀਰੀਅਲ ਸਪਲਾਇਰ ਅਤੇ ਠੇਕੇਦਾਰ, ਸਾਕਿਰ ਬਿਲਡਿੰਗ ਮਟੀਰੀਅਲ ਸਪਲਾਇਰ ਅਤੇ ਠੇਕੇਦਾਰ, ਹੀਰਾਲਾਲ, ਰਸਿਕ ਬਿਹਾਰੀ ਪ੍ਰਾਈਵੇਟ ਲਿਮਟਿਡ ਨੂੰ ਵੰਡੇ ਗਏ ਸਨ। ਲਿਮਟਿਡ, ਮੈਸਰਜ਼ ਸ਼ਿਆਮਜੀ ਐਸੋਸੀਏਟਸ, ਆਦਿ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੁੱਲ ?22 ਕਰੋੜ ਦੀ ਗਬਨ ਰਾਸ਼ੀ ਵਿੱਚੋਂ, ?1,94,79,968/- ਦੇ ਅਨਿਯਮਿਤ ਭੁਗਤਾਨ ਦੋਸ਼ੀ ਸਾਗਰ ਦੀ ਫਰਮ, ਮੈਸਰਜ਼ ਡਾ ਡਿਜ਼ਾਈਨ ਕੋਡ ਦੇ ਖਾਤੇ ਵਿੱਚ ਪਾਏ ਗਏ ਹਨ।

ਮਾਮਲੇ ਦੀ ਜਾਂਚ ਦੌਰਾਨ, ਸ਼੍ਰੀਮਤੀ ਪੂਜਾ ਸ਼ਰਮਾ ਅਤੇ ਹੀਰਾਲਾਲ ਨੂੰ 09.09.2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਅਤੇ ਸ਼੍ਰੀਮਤੀ ਤਨੁਜਾ ਸ਼ਰਮਾ, ਨੰਦ ਕਿਸ਼ੋਰ ਅਤੇ ਮਨੋਜ ਕੁਮਾਰ ਨੂੰ 27.12.2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਵੇਲੇ, ਸ਼੍ਰੀਮਤੀ ਪੂਜਾ ਸ਼ਰਮਾ ਅਤੇ ਸ਼੍ਰੀਮਤੀ ਤਨੁਜਾ ਸ਼ਰਮਾ ਮਾਨਯੋਗ ਹਰਿਆਣਾ ਹਾਈ ਕੋਰਟ ਅਤੇ ਚੰਡੀਗੜ੍ਹ ਤੋਂ ਜ਼ਮਾਨਤ 'ਤੇ ਹਨ, ਜਦੋਂ ਕਿ ਬਾਕੀ ਤਿੰਨ ਦੋਸ਼ੀ ਜ਼ਿਲ੍ਹਾ ਜੇਲ੍ਹ, ਨੀਮਕਾ, ਫਰੀਦਾਬਾਦ ਵਿੱਚ ਨਜ਼ਰਬੰਦ ਹਨ। ਮਾਮਲੇ ਵਿੱਚ ਨਾਮਜ਼ਦ ਦੋਸ਼ੀ ਲਲਿਤ ਮੋਹਨ ਸ਼ਰਮਾ ਨੂੰ ਮਾਨਯੋਗ ਅਦਾਲਤ ਤੋਂ ਅਗਾਊਂ ਜ਼ਮਾਨਤ ਮਿਲ ਗਈ ਹੈ। ਸ਼੍ਰੀਮਤੀ ਪੂਜਾ ਸ਼ਰਮਾ, ਹੀਰਾਲਾਲ ਅਤੇ ਲਲਿਤ ਮੋਹਨ ਸ਼ਰਮਾ ਵਿਰੁੱਧ 24.11.2025 ਨੂੰ ਮਾਨਯੋਗ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਗਿਆ ਹੈ।

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਉਪਲਬਧ ਸਬੂਤਾਂ ਦੇ ਆਧਾਰ 'ਤੇ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਉਣ ਲਈ ਵਾਰਡ ਨੰਬਰ 31 ਵਿੱਚ ਲੱਗਾ ਵਿਸ਼ੇਸ਼ ਕੈਂਪ



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਯਬ ਸਿੰਘ ਸੈਨੀ ਚੰਡੀਗੜ੍ਹ ਸਥਿਤ ਆਵਾਸ ਸੰਤ ਕਬੀਰ ਕੁਟੀਰ 'ਤੇ ਲੋਕਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਬਟਾਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੈਲਥ ਕਾਰਡ ਬਣਾਉਣ ਲਈ ਲੋਕਾਂ ਦੀ ਸਹੂਲਤ ਲਈ ਬਟਾਲਾ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ ਹਨ, ਜਿਥੇ ਲੋਕਾਂ ਵਲੋਂ ਕੈਂਪ ਵਿੱਚ ਪਹੁੰਚ ਕੇ ਆਪਣੇ ਹੈਲਥ ਕਾਰਡ ਬਣਾਉਣ ਦੀ ਰਜਿਸ਼ਟੇਸ਼ਨ ਕਰਵਾਈ ਜਾ ਰਹੀ ਹੈ।

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਹਲਕੇ ਅੰਦਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ 7 ਸਥਾਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਹਨ।

ਇਸ ਤੋਂ ਇਲਾਵਾ ਕਾਮਨ ਸਰਵਿਸ ਸੈਂਟਰਾਂ ਵਿੱਚ ਵੀ ਹੈਲਥ ਕਾਰਡ ਬਣ ਰਹੇ ਹਨ। ਵਾਰਡ ਨੰਬਰ 31 ਵਿੱਚ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਿਸ਼ੇਸ਼ ਕੈਂਪ ਲਗਾਇਆ ਗਿਆ ਤੇ ਹੈਲਥ ਕਾਰਡ ਬਣਾਉਣ ਦੀ ਰਜਿਸਟ੍ਰੇਸ਼ਨ ਕੀਤੀ ਗਈ ।

ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲੋਕਾਂ ਨੂੰ ਵੱਡੀ ਸਹੂਲਤ ਮੁਹੱਈਆ ਕਰਵਾਈ ਗਈ ਹੈ ਅਤੇ ਲੋੜ ਪੈਣ ਤੇ ਵਿਅਕਤੀ ਆਪਣੀ ਬਿਮਾਰੀ ਦਾ ਇਲਾਜ ਕਰਵਾ ਸਕਦਾ ਹੈ, ਜਿਸ ਲਈ 10 ਲੱਖ ਰੁਪਏ ਤੱਕ ਕੈਸ਼ਲੈੱਸ ਦੀ ਰਾਹਤ ਪ੍ਰਦਾਨ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਿਹਤ, ਸਿੱਖਿਆ, ਮੁਫ਼ਤ ਬਿਜਲੀ ਸਮੇਤ ਵੱਖ-ਵੱਖ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਪੁਜਦਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡਾਂ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ ਆਪਣੇ ਇਲਾਜ ਸਰਕਾਰੀ ਹਸਪਤਾਲਾਂ ਦੇ ਨਾਲ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਕਰਵਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਇਸ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।

## ਗ਼ਜ਼ਲਾਂ

ਮੰਡ ਵਾਹ ਲਿਆ ਅੰਨ ਦਾਤਿਆਂ,
ਰੇਤ ਚੂਸ ਗਈ ਬਿਆਸ।
ਪਿੰਡ ਨੂੰ ਅਜੇ ਵੀ ਚੇਤੇ ਆਉਂਦੀ
ਕੂੰਜਾਂ ਦੀ ਰਹਿਰਾਸ।

ਕੋਰਾ ਅਨਪੜ੍ਹ ਬਾਪ ਆਸਾਡਾ,
ਬਹਿਰ ਵਜ਼ਨ ਦਾ ਪੱਕਾ,
ਵਿਚ ਸਿਆੜਾਂ ਰਿਹਾ ਬੀਜਦਾ
ਸੁਰਵੰਤੇ ਅਹਿਸਾਸ।

ਨਿੱਕੇ-ਨਿੱਕੇ ਨਾਵਾਂ ਵਾਲੇ,
ਤੂਤਾਂ ਟਾਹਲੀਆਂ ਵਰਗੇ ਬੰਦੇ,
ਪੂਰੀ ਜ਼ਿੰਦਗੀ ਰਹੇ ਪੀਸਦੇ
ਆਟਾ ਵਾਂਗ ਖਰਾਸ।

ਪਾਕ ਪਵਿੱਤਰ ਪੋਥੀਆਂ ਵਰਗੀ
ਬਿਲਕੁੱਲ ਸਾਦਾ ਮਾਂ ਮੇਰੀ,
ਵੱਖਰੇ ਚੁੱਲ੍ਹੇ ਰਹੀ ਪਕਾਉਂਦੀ
ਬਾਪੂ ਦੇ ਲਈ ਮਾਸ।

ਇੱਕੋ ਹੱਲ ਨਾਲ ਬਾਪ ਸਾਡੇ ਨੇ
ਪਾਲ਼ਿਆ ਟੱਬਰ ਸਾਰਾ,
ਸਾਡੇ ਢਿੱਡਾਂ ਵਿਚ ਆ ਵੜਿਆ ਖ਼ੋਰ
ਕਿੱਥੋਂ ਬਹੁ-ਪਰਵਾਸ।

ਆਉਂਦੀਆਂ ਰਹੀਆਂ ਅਨੇਕ ਮੁਸ਼ਕਲਾਂ,
ਖ਼ੂਬ ਘੇਰਿਆ ਦੁੱਖਾਂ,
ਖਾਧੀ ਨਹੀਂ ਪਰ ਬਾਪ-ਦਾਦਿਆ,
ਮਰਨ ਲਈ ਸਲਫਾਸ।

ਪੁੱਤ-ਪੋਤਰੇ, ਧੀਆਂ-ਦੋਹਤਰੇ,
ਪੜਪੋਤੇ, ਪੜਦੋਹਤੇ,
ਕਿਸੇ ਕੋਲੋਂ ਵੀ ਮਿਲੇ ਨਾ ਐਪਰ
ਮਾਂ ਵਰਗਾ ਧਰਵਾਸ।

ਨਾ ਹੀ ਖੇਤ ਖ਼ੁਦਾਈਆਂ ਮੰਗੇ,
ਨਾ ਹੀ ਮਹਿਲ ਮੁਨਾਰੇ,
ਬਣਿਆ ਰਹੇ ਖ਼ੁਦਾਇਆ ਸਾਡਾ
ਅੱਖਰਾਂ ਵਿਚ ਵਿਸ਼ਵਾਸ।

ਬੁਲਟ ਟਰੇਨ ਦੇ ਸੁਪਨੇ ਦੇ ਕੇ
ਐਵੇਂ ਨਾ ਭਟਕਾਇਆ ਕਰ,
ਸ਼ਰਮ ਹਯਾ ਲਈ ਰਹਿਣ ਦੇ
ਤਨ 'ਤੇ ਥੋੜ੍ਹੇ ਜੇਹੇ ਲਿਬਾਸ।



ਪ੍ਰੋ. ਕੁਲਵੰਤ ਔਜਲਾ
01822-235343

ਅਜ਼ਲ ਤੋਂ ਉਠਦੇ ਬਹਿੰਦੇ ਆਏ ਮਰਦ ਸੁਆਣੀ ਨਾਲੋ ਨਾਲ।
ਹੋਰ ਨਾ ਕਿਧਰੇ ਬੈਠੇ ਦਿੱਸਦੇ ਅੱਗ ਤੇ ਪਾਣੀ ਨਾਲੋ ਨਾਲ।

ਚੁੰਝ ਹਿਲਾ ਕੇ ਗੱਲਾਂ ਕਰਦੇ ਖੰਭ ਹਿਲਾ ਕੇ ਸੁਣ ਲੈਂਦੇ,
ਇਕ ਡਾਲ ਤੇ ਬੈਠੇ ਹੋਏ ਰਾਜਾ ਰਾਣੀ ਨਾਲੋ ਨਾਲ।

ਉਨ੍ਹਾਂ ਨੇ ਉਲਝਾਈ ਰਖਣੀ ਸੋਚ ਦੀ ਹਰ ਇਕ ਨਿਖਰੀ ਤੰਦ,
ਆਪਾਂ ਵੀ ਸੁਲਝਾਈ ਜਾਣੀ ਉਲਝੀ ਤਾਣੀ ਨਾਲੋ ਨਾਲ।

ਤੇਰੇ ਕੋਲ ਖ਼ਿਆਲ ਦੇ ਦੀਵੇ ਮੇਰੇ ਕੋਲ ਨੇ ਲਫ਼ਜ਼ਾਂ,
ਤੁਰਦੀ ਰਹਿਣੀ ਮੇਰੀ ਢਾਣੀ ਤੇਰੀ ਢਾਣੀ ਨਾਲੋ ਨਾਲ।

ਵਿਦਾ ਲਵੋ ਜਦ ਮਿੱਤਰਾਂ ਕੋਲੋਂ ਹਿਜਰ ਦਾ ਰੰਗ ਬਦਲ ਦੇਵੋ,
ਮਿੱਠੀ ਜਹੀ ਮੁਸਕਾਨ ਵੀ ਮਿੱਠੇ ਬੋਲ ਤੇ ਬਾਣੀ ਨਾਲੋ ਨਾਲ।

ਹੋ ਸਕਦਾ ਹੈ ਮੋਈ ਸੱਭਿਅਤਾ ਮੁੜ ਸੁਰਜੀਤ ਵੀ ਹੋ ਜਾਏ,
ਆਪਾਂ ਸਾਂਝ ਦੀ ਕਬਰ ਤੇ 'ਪੰਛੀ' ਸ਼ਮਾਂ ਜਗਾਣੀ ਨਾਲੋ ਨਾਲ।



ਸਰਦਾਰ ਪੰਛੀ
94170-91668

ਐ ਜ਼ਿੰਦਗੀ ਆ ਜ਼ਰਾ, ਮੈਂ ਨਾ ਤੈਥੋਂ ਨਾਬਰ ਹਾਂ।
ਬੋਲ ਕਿੰਨੇ ਇਮਤਿਹਾਨ ਬਾਕੀ ਨੇ ਮੈਂ ਹਾਜ਼ਰ ਹਾਂ।

ਬੋਝ ਨਾ ਚੁੱਕ ਤੂੰ ਵੀ ਉਤਾਰ ਦੇ ਸਿਰ ਉੱਤੋਂ,
ਫ਼ਰਜ਼ਾਂ ਵਾਲੀ ਪੰਡ ਦੇ ਖੜ੍ਹੀ ਮੈਂ ਬਰਾਬਰ ਹਾਂ।

ਸਾਹਮਣਾ ਕਰ ਹੀ ਲਵਾਂਗੀ ਦੇ ਜਿੰਨੇ ਦੇਣੇ ਨੇ,
ਤੇਰੇ ਧੱਕਿਆਂ ਤੋਂ ਨੀ ਡਰਦੀ ਬੜੀ ਮੈਂ ਬਹਾਦਰ ਹਾਂ।

ਤੂੰ ਜਿਨਾ ਮਿਟਾਏਂਗੀ ਮੈਂ ਓਨਾ ਹੀ ਉਘੜਾਂਗੀ,
ਲਹੂ ਦੇ ਰੰਗ 'ਚ ਰੰਗਿਆ ਐਸਾ ਮੈਂ ਹਸਤਾਖ਼ਰ ਹਾਂ।

ਤੂੰ ਪਸਾਰ ਪੈਰ ਜਿੱਥੇ ਤਕ ਪਸਾਰ ਸਕਦੀ ਏਂ,
ਵਧੀ ਜਾਊਂ ਓਨੀ ਹੀ ਐਸੀ ਮੈਂ ਚਾਦਰ ਹਾਂ।

ਮੁਕਾਬਲਾ ਕਰੂੰ ਤੇਰਾ ਡਟ ਕੇ ਲੜੂੰ ਨਾਲ ਤੇਰੇ,
ਬਹੁਤ ਸਹਿ ਲਿਆ ਹੁਣ ਤੈਥੋਂ ਮੈਂ ਨਾਬਰ ਹਾਂ।





ਡਾ. ਜਸਵੀਰ ਕੌਰ ਭੱਲਮਾਜਰਾ
98157-32852

## ਕਵਿਤਾ

### ਔਰਤ

ਕਲਯੁਗ ! ਜਾਂ ਘੋਰ ਕਲਯੁਗ
ਹੇ ਵਰਤਮਾਨ! ਜੋ ਵੀ ਹੈ ਤੇਰਾ ਨਾਂ ।

ਨਾਰੀ ਸਰੂਪ ਹੈ ਇਸ ਦੇਸ਼ ਵਿਚ
ਪੂਜਨੀਕ ਧੀ, ਭੈਣ ਜਾਂ ਮਾਂ
ਮਾਂ ਦੁਰਗਾ, ਲੱਛਮੀ ਤੇ ਸਰਸਵਤੀ ਦੀ
ਪੂਜਾ ਕਰਨ ਵਾਲੇ ਦੇਸ਼ ਵਿਚ
ਇੱਜ਼ਤ ਹੈ ਲੁੱਟੀ ਜਾਂਦੀ ਸ਼ਰੇਆਮ ਜਿਸ ਦੀ
ਹੈ ਉਹ ਵੀ ਸਾਡੀ ਸਭ ਦੀ
ਦੇਵੀ ਸਰੂਪ ਧੀ, ਭੈਣ ਜਾਂ ਪੂਜਨੀਕ ਮਾਂ!

ਔਰਤ ਕਿਤੇ ਵੀ ਸੁਰੱਖਿਅਤ ਨਹੀਂ
ਇਸ ਦੇਸ਼ ਵਿਚ
ਮਾਂ ਦੇ ਪੇਟ ਵਿਚ
ਸੜਕਾਂ 'ਤੇ, ਕਾਲਜ ਜਾਂ ਸਕੂਲ ਵਿਚ
ਚਲਦੀ ਗੱਡੀ ਵਿਚ
ਜਾਂ ਬੱਸ ਵਿਚ
ਜਿੱਥੇ ਸੁਰੱਖਿਅਤ ਹੋਵੇ
ਦੱਸੋ ਉਹ ਥਾਂ
ਸਾਡੀ ਸਭ ਦੀ
ਧੀ, ਭੈਣ ਜਾਂ ਪੂਜਨੀਕ ਮਾਂ...।



ਡਾ: ਬਖ਼ਸ਼ੀ ਸਿੰਘ
96465-66540

# ਕਰਤਾਰ ਸਿੰਘ ਸੂਰੀ ਦਾ ਵਿਛੋੜਾ

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੇ ਵੱਡੇ ਪੁੱਤਰ ਡਾ. ਕਰਤਾਰ ਸਿੰਘ ਸੂਰੀ 23 ਫਰਵਰੀ 2018 ਨੂੰ ਇਸ ਫ਼ਾਨੀ ਜਹਾਨ ਨੂੰ ਅੱਲਵਿਦਾ ਆਖ, ਕਿਸੇ ਅਣ-ਦੱਸੇ, ਅਣ-ਡਿੱਠੇ ਜਹਾਨ 'ਚ ਜਾ ਵਸੇ। ਡਾ. ਸੂਰੀ ਆਪਣੇ ਪਰਿਵਾਰ ਪਿੱਛੇ ਦੋ ਬੇਟੀਆਂ, ਦੋ ਬੇਟੇ ਅਤੇ ਪਤਨੀ ਛੱਡ ਗਏ। ਪ੍ਰੋ. ਸੂਰੀ ਦਾ ਜਨਮ 16 ਅਕੂਤਬਰ 1927 ਨੂੰ ਅੰਮ੍ਰਿਤਸਰ ਦੀ ਧਰਤੀ 'ਤੇ ਹੋਇਆ। ਉਨ੍ਹਾਂ ਦੇ ਮਾਤਾ ਦਾ ਨਾਂ ਰਾਜ ਕੌਰ ਸੀ। 1944 ਈ. ਵਿਚ ਐੱਫ਼ਏ (ਆਰਟਸ) ਤੇ ਖ਼ਲਸਾ ਕਾਲਜ ਅੰਮ੍ਰਿਤਸਰ ਤੋਂ 1951 ਈ. ਵਿਚ ਐੱਮਏ (ਪੰਜਾਬੀ) ਪਾਸ ਕੀਤੀ। ਉਹ ਮਾਡਲਨ ਕਾਲਜ ਫਾਰ ਵਿਮੈਨ ਅੰਮ੍ਰਿਤਸਰ ਵਿਚ 1951-52 ਤਕ ਲੈਕਚਰਾਰ ਰਹੇ।

ਪਰ ਡਾ. ਸੂਰੀ ਨੇ ਆਪਣਾ ਕਰੀਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬਤੌਰ ਲੈਕਚਰਾਰ (ਪੰਜਾਬੀ) ਵਜੋਂ ਸ਼ੁਰੂ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਵਿਚ ਉਹ ਰੀਡਰ ਰਹੇ ਅਤੇ ਜੰਮੂ ਯੂਨੀਵਰਸਿਟੀ ਵਿੱਚ ਉਹ ਪੰਜਾਬੀ ਵਿਭਾਗ ਵਿੱਚ ਪ੍ਰੋਫੈਸਰ ਅਤੇ ਬਾਬਾ ਫਰੀਦ ਚੇਅਰ ਦੇ ਮੁਖੀ ਰਹੇ। ਬਾਅਦ ਵਿਚ ਉਹ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਅਤੇ ਸਕੂਲ ਆਫ ਪੰਜਾਬੀ ਸਟੱਡੀਜ਼ ਦੇ ਚੇਅਰਮੈਨ ਰਹੇ ਅਤੇ ਇੱਥੋਂ ਹੀ ਉਹ ਸੇਵਾਮੁਕਤ ਹੋਏ ਸਨ। ਉਹ ਪਿਛਲੇ ਕੁਝ ਸਮੇਂ ਤੋਂ ਯਮੁਨਾਨਗਰ ਰਹਿ ਰਹੇ ਸਨ। ਕਰਤਾਰ ਸਿੰਘ ਸੂਰੀ ਨੇ 'ਕਲਮ' ਮਾਸਿਕ 1998-99 ਦਾ ਸੰਪਾਦਕ ਵੀ ਰਹੇ। ਪੰਜਾਬੀ ਸਾਹਿਤ ਸਦਨ, ਚੰਡੀਗੜ੍ਹ ਦੇ ਪ੍ਰਧਾਨ ਅਤੇ ਫਿਰ 1985-87 ਤਕ ਸਾਹਿਤ ਸਮੀਖਿਆ ਸਦਨ ਚੰਡੀਗੜ੍ਹ ਦੇ ਵੀ ਪ੍ਰਧਨ ਰਹੇ। ਪੰਜਾਬੀ ਸਾਹਿਤ ਦੀਆਂ ਅਨੇਕਾਂ ਪੁਸਤਕਾਂ ਆਪ ਨੇ ਪ੍ਰਕਾਸ਼ਤ ਕਰਵਾਈਆਂ ਜਿਨ੍ਹਾਂ ਵਿਚ ਪ੍ਰਭਾਤ ਕਿਰਣਾ-1946, ਅਰਸ਼ ਤੇ ਫ਼ਰਸ਼-1952, ਭਗਵਾਨ ਮਹਿੰਗਾ ਹੈ-1954, ਪੁਰਾਣਾ ਪਿੰਜਰਾ-1958, ਟੁੱਟਿਆ ਆਲ੍ਹਣਾ-1961, ਚੰਦੋਆ-1990, ਨਾਵਲ ਕਲਾ ਤੇ ਪੰਜਾਬੀ ਨਾਵਲ-1952, ਸਾਹਿਕ ਦਰਪਣ 1957, ਨਾਵਲ ਦੀ ਰੂਪ ਰੇਖਾ-1962, ਸਾਹਿਤ ਧਾਰਾ-1964,



ਗੁਰੂ ਅਰਜਨ ਦੇਵ ਤੇ ਦਾਦੂ ਦਿਆਲ-1969, ਵਿਚਾਰ-ਵਿਮਰਸ਼-1976, ਗੁਰੂ ਅਰਜਨ ਦੇਵ-ਕਲਾ ਤੇ ਚਿੰਤਨ 1990, ਪੰਜਾਬੀ ਭਾਸ਼ਾ ਵਿਗਿਆਨ-1964, ਵਿਗਿਆਨ ਤੇ ਕੁਦਰਤ-1990, ਜੰਮੂ ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ-1982, ਵਿਤਸਤਾ ਦੀਆਂ ਲਹਿਰਾਂ (ਅਨੁਵਾਦ)-1977, ਕਬੀਰ (ਅਨੁਵਾਦ)-1982, ਉਨ੍ਹਾਂ ਦੇ ਬਾਊ ਜੀ (ਨਾਨਕ ਸਿੰਘ) ਦੇ ਖ਼ਤਾਂ ਦੀ ਪੁਸਤਕ 'ਖ਼ਤੋ-ਖ਼ਿਤਾਬਤ' -1989, ਅਮਿੱਟ ਯਾਦਾਂ, ਸੱਭੇ ਰੰਗ ਅਕਾਸ਼ ਦੇ-2011, ਪੰਜ ਇਕਾਂਗੀ (ਸੰਪਾਦਤ), ਮੇਰੀ ਜੀਵਨ ਪਟਾਰੀ 'ਚੋਂ (ਅਨੁਵਾਦ) ਭਾਈ ਘਨੱਈਆ ਤੇ ਹੋਰ ਇਕਾਂਗੀ (ਸੰਪਾਦਤ), ਟੁਟਿਆ ਆਲ੍ਹਣਾ ਆਦਿ।

ਹਿੰਦੀ ਵਿਚ ਵੇਦਨਾ-1970, ਗੁਰੂ ਰਾਮਦਾਸ ਰਚਨਾਵਲੀ-1979 ਆਦਿ। ਕਰਤਾਰ ਸਿੰਘ ਸੂਰੀ ਨੂੰ ਅਨੇਕਾਂ ਪੁਰਸਕਾਰ ਤੇ ਸਨਮਾਨ ਵੀ ਹਾਸਲ ਹੋਏ। ਜਿਨ੍ਹਾਂ ਵਿਚ ਪੰਜਾਬੀ ਸਾਹਿਤ ਸਭਾ ਜੰਮੂ ਤੇ ਬਾਰਾਮੂਲਾ ਵੱਲੋਂ -1980-81, ਪੰਜਾਬੀ ਕਲਾ ਮੰਦਿਰ ਪਠਾਨਕੋਟ-1983, ਬਾਬਾ ਫ਼ਰੀਦ ਮੈਮੋਰੀਅਲ ਸੋਸਾਇਟੀ ਵੱਲੋਂ-1986, ਸੱਭਿਆਚਾਰਕ ਮੰਚ, ਲੁਧਿਆਣਾ-1989, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਅਮਰੀਕਾ)-1996, ਭਾਸ਼ਾ ਸੰਗਮ ਇਲਾਹਬਾਦ, ਰੁਦਰਪੁਰ, ਗੁਰੂ ਨਾਨਕ ਖ਼ਾਲਸਾ ਕਾਲਜ ਯਮੁਨਾ ਨਗਰ ਵੱਲੋਂ ਸਨਮਾਨ-1998 ਆਦਿ ਉਨ੍ਹਾਂ ਦੀ ਝੋਲੀ ਪਏ।



ਡਾ. ਜਸਵੀਰ ਸਿੰਘ ਸਰਨਾ
099065-66604

ਇਸ ਤੋਂ ਇਲਾਵਾ ਉਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਅਤੇ ਹਰਿਆਣਾ ਸਾਹਿਤ ਅਕਾਦਮੀ ਵੱਲੋਂ ਭਾਈ ਸੰਤੋਖ ਸਿੰਘ ਪੁਰਸਕਾਰ ਮਿਲਿਆ ਸੀ। •

*ਨਛੱਤਰ ਗਿੱਲ ਨੇ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹ ਪੰਜਾਬੀ ਦੀਆਂ ਜ਼ਿਆਦਾਤਰ ਸਾਹਿਤ ਸਭਾਵਾਂ ਦੇ ਡਿੱਗ ਰਹੇ ਮਿਆਰ ਤੇ ਕਿਰਦਾਰ ਬਾਰੇ ਡਾਢਾ ਚਿੰਤਤ ਹੈ। ਉਹ ਅਗਲੇ ਦੇ ਮੂੰਹ 'ਤੇ ਵੀ ਉਸ ਦੇ ਪਾਜ ਉਘੇੜ ਦਿੰਦਾ ਹੈ...*

# ਬਹੁ-ਪੱਖੀ ਸਾਹਿਤਕਾਰ ਨਛੱਤਰ ਸਿੰਘ ਗਿੱਲ



ਹਰਵਿੰਦਰ ਬਿਲਾਸਪੁਰ
98149-07020

ਨਛੱਤਰ ਸਿੰਘ ਗਿੱਲ ਦਾ ਜਨਮ ਮਾਤਾ ਸਦਾ ਕੌਰ ਅਤੇ ਪਿਤਾ ਸੂਬੇਦਾਰ ਦਲੀਪ ਸਿੰਘ ਦੇ ਘਰ, ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਦੇ ਸਧਾਰਨ ਜ਼ਿਮੀਦਾਰ ਪਰਿਵਾਰ ਵਿਚ 3 ਅਕਤੂਬਰ 1942 ਨੂੰ ਹੋਇਆ। ਦਸਵੀਂ ਤਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿਚ ਕੀਤੀ। ਉਸ ਸਮੇਂ ਪਿੰਡ ਵਿਚ ਇਕ ਵੈਲੀ ਬੰਦੇ ਕੋਲੋਂ ਪਿੰਡ ਦੇ ਹੀ ਇਕ ਬੰਦੇ ਦਾ ਕਤਲ ਹੋ ਗਿਆ। ਵਿਰੋਧੀਆਂ ਵੱਲੋਂ ਇਹ ਕਤਲ ਨਛੱਤਰ ਸਿੰਘ ਗਿੱਲ ਦੇ ਪਰਿਵਾਰ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਬੇਕਸੂਰ ਨਛੱਤਰ ਸਿੰਘ ਪੁਲਿਸ ਨਾਲ ਗੁੱਥਮ ਗੁੱਥਾ ਹੋ ਗਿਆ। ਪੰਦਰਾਂ ਵੀਹ ਦਿਨ ਥਾਣੇ ਰੁਲਣ ਪਿੱਛੋਂ ਆਖਰ ਵਿਚ ਬੰਦੇ ਪੈਣ ਕਰਕੇ ਛੁਟਕਾਰਾ ਤਾਂ ਹੋ ਗਿਆ ਪਰ ਉਸ ਪਰਿਵਾਰ ਨਾਲ ਖਹਿਬਾਜ਼ੀ ਵਧ ਗਈ। ਪਿਤਾ ਫ਼ੌਜ ਵਿਚ ਸੀ। ਇਸ ਮਾਹੌਲ ਵਿੱਚੋਂ ਕੱਢਣ ਖ਼ਾਤਰ ਦਾਦਾ ਜੀ ਨੇ ਉਸ ਨੂੰ ਪੜ੍ਹਨ ਲਈ ਜੀਐੱਨਐੱਮ ਕਾਲਜ ਅੰਬਾਲਾ ਵਿਖੇ ਭੇਜ ਦਿੱਤਾ, ਜਿੱਥੇ ਉਸ ਦੇ ਸਾਹਿਤਕਾਰ ਬਣਨ ਦਾ ਮੁੱਢ ਬੱਝਾ।

ਇਸ ਕਾਲਜ ਵਿਚ ਪੰਜਾਬੀ ਦਾ ਪ੍ਰੋਗਰਾਮ ਹੋਣਾ ਸੀ। ਪ੍ਰੋਫੈਸਰ ਸਾਹਿਬਾਨ ਦੇ ਕਹਿਣ 'ਤੇ ਉਸ ਨੇ ਵੀ ਕਹਾਣੀ 'ਕਨੂੰਨ ਦੇ ਰਾਖੇ' ਲਿਖੀ ਅਤੇ ਪ੍ਰੋਗਰਾਮ 'ਤੇ ਬੋਲ ਦਿੱਤੀ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਸੁਜਾਨ ਸਿੰਘ ਸਨ। ਬਾਅਦ ਵਿਚ ਉਨ੍ਹਾਂ ਨੇ ਨਛੱਤਰ ਸਿੰਘ ਨੂੰ ਕਿਹਾ ਕਿ ਕਾਕਾ, ਹਾਲੇ ਇਸ ਨੂੰ ਕਹਾਣੀ ਤਾਂ ਨਹੀਂ ਕਿਹਾ ਜਾ ਸਕਦਾ ਪਰ ਸ਼ਬਦਾਵਲੀ ਤੇਰੇ ਕੋਲ ਹੈ। ਵਿਚਾਰ ਵੀ ਅੱਛੇ ਹਨ। ਉਨ੍ਹਾਂ ਨੇ ਨਛੱਤਰ ਸਿੰਘ ਨੂੰ ਅੱਛੇ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਨ ਦੀ ਸਲਾਹ ਦਿੱਤੀ। ਉਸ ਤੋਂ ਬਾਅਦ ਗਿੱਲ ਨੇ ਤਕਰੀਬਨ ਸਾਰੇ ਅੱਛੇ ਕਹਾਣੀਕਾਰਾਂ ਨੂੰ ਪੜ੍ਹਿਆ।

ਉਸ ਤੋਂ ਬਾਅਦ ਐੱਲਆਰਐੱਮ ਕਾਲਜ ਜਗਰਾਓਂ ਪੜ੍ਹਦਿਆਂ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ਼ ਦੀ ਪ੍ਰੇਰਣਾ ਸਦਕਾ ਪਹਿਲੀ ਕਹਾਣੀ 'ਐੱਮਐੱਲਏ' ਲਿਖੀ ਜੋ ਕਾਲਜ ਮੈਗਜ਼ੀਨ ਵਿਚ ਛਪੀ। ਫਿਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਐੱਮਏ ਪੋਲੀਟੀਕਲ ਸਾਇੰਸ ਅਤੇ ਫਿਰ ਐੱਮਏ ਪੰਜਾਬੀ ਕੀਤੀ।

1966 ਵਿਚ ਪੁਲੀਸ ਡਿਪਾਰਟਮੈਂਟ ਵਿਚ ਡੀਐੱਸਪੀ ਦੀਆਂ ਪੋਸਟਾਂ ਨਿਕਲੀਆਂ। ਅਪਲਾਈ ਕਰਨ ਤੋਂ ਬਾਅਦ ਜਦ ਇੰਟਰਵਿਊ ਹੋਈ ਤਾਂ ਉਸੇ ਦੁਸ਼ਮਣੀ ਵਾਲੇ ਪਰਿਵਾਰ ਨੇ ਸਿਆਸੀ ਰਸੂਖ ਵਰਤ ਕੇ ਸਿਲੈਕਸ਼ਨ ਨਾ ਹੋਣ ਦਿੱਤੀ। ਫਿਰ ਬੀਐੱਡ ਵਿਚ ਦਾਖ਼ਲਾ ਲੈ ਲਿਆ। 1968 ਵਿਚ ਬੀਐੱਡ ਕਰ ਕੇ ਕੁਝ ਚਿਰ ਸਰਕਾਰੀ ਸਕੂਲ ਵਿਚ ਮਾਸਟਰੀ ਕੀਤੀ।

1970 ਵਿੱਚ ਨਕਸਲਾਈਟ ਮੂਵਮੈਂਟ ਵਿਚ ਸ਼ਾਮਿਲ ਹੋ ਗਿਆ। ਮੂਵਮੈਂਟ ਦੌਰਾਨ ਤਿੰਨ ਮਹੀਨੇ ਬੁੜੈਲ ਜੇਲ੍ਹ ਵਿਚ ਰਿਹਾ। ਜੇਲ੍ਹ ਦੀਆਂ ਯਾਦਾਂ ਸਾਂਝੀਆਂ ਕਰਦਾ ਉਹ ਦੱਸਦਾ ਹੈ ਕਿ 'ਇਕ ਵਾਰ ਖਾਣਾ ਚੰਗਾ ਨਾ ਮਿਲਣ ਕਾਰਨ ਮੂਵਮੈਂਟ ਨਾਲ ਸਬੰਧਿਤ ਕੈਦੀਆਂ ਨੇ ਜੇਲ੍ਹਰ ਨੂੰ ਘੇਰ ਲਿਆ ਅਤੇ ਹਿੰਸਾ ਤੇ ਉਤਾਰੂ ਹੋ ਗਏ। ਮੈਂ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਜੇਲ੍ਹਰ ਨੂੰ ਘੇਰੇ ਵਿਚ ਲੈ ਲਿਆ ਅਤੇ ਸੁਰੱਖਿਅਤ ਬਾਹਰ ਕੱਢ ਲਿਆਂਦਾ। ਨਹੀਂ ਤਾਂ ਜੇਲ੍ਹਰ ਦੀ ਜਾਨ ਵੀ ਜਾ ਸਕਦੀ ਸੀ ਅਤੇ ਗੋਲੀ ਚੱਲਣ ਦਾ ਵੀ ਖ਼ਤਰਾ ਸੀ ਜਿਸ ਦੇ ਸਿੱਟੇ ਵਜੋਂ ਮੂਵਮੈਂਟ ਦਾ ਬਹੁਤ ਨੁਕਸਾਨ ਹੋਣਾ ਸੀ। ਬਾਅਦ ਵਿਚ ਜੇਲ੍ਹਰ ਇਸ ਗੱਲ ਦਾ ਬਹੁਤ ਅਹਿਸਾਨ ਮੰਨਦਾ ਰਿਹਾ। ਇਥੋਂ ਤਕ ਕਿ ਇਕ ਵਾਰ ਉਸ ਨੇ ਜੇਲ੍ਹ ਮੈਨੂਅਲ ਦੇ ਬਿਲਕੁਲ ਉਲਟ ਜਾ ਕੇ ਮੇਰੇ ਪਰਿਵਾਰ ਨੂੰ ਜੇਲ੍ਹ ਵਿਚ ਮੇਰੇ ਨਾਲ ਰਾਤ ਬਿਤਾਉਣ ਦੀ ਇਜਾਜ਼ਤ ਵੀ ਦੇ ਦਿੱਤੀ।

'ਮੂਵਮੈਂਟ ਵਿਚ ਜਾਣ ਦਾ ਇਕ ਫਾਇਦਾ ਉਸ ਨੂੰ ਇਹ ਵੀ ਹੋਇਆ ਕਿ ਉਨਾਂ ਨਾਲ ਪਿੰਡ ਵਿਚਲਾ ਦੁਸ਼ਮਣੀ ਭਾਵ ਰੱਖਣ ਵਾਲਾ ਪਰਿਵਾਰ ਵੀ ਸਿੱਧਾ ਹੋ ਗਿਆ ਅਤੇ ਰਾਜੀਨਾਮਾ ਕਰਨ ਲਈ ਸੁਨੇਹੇ ਭੇਜਣ ਲੱਗਾ। ਇਸ ਭੱਜ ਦੌੜ ਦੇ ਸਮੇਂ ਦੌਰਾਨ ਕੁਝ ਲਿਖਣ ਲਈ, ਨਾ ਤਾਂ ਉਸ ਕੋਲ ਸਮਾਂ ਸੀ ਅਤੇ ਨਾ ਹੀ ਮਾਹੌਲ।

ਖ਼ੈਰ ਇਸ ਦੌਰ ਦੀ ਸਮਾਪਤੀ ਮਗਰੋਂ 1994 ਵਿਚ ਉਹ ਕਨੇਡਾ ਆ ਗਿਆ ਜਿੱਥੇ ਉਸ ਨੂੰ ਸਕਿਊਰਟੀ ਗਾਰਡ ਦੀ ਨੌਕਰੀ ਕਰਨੀ ਪਈ। ਇਸ ਨੌਕਰੀ ਦੌਰਾਨ ਉਸ ਕੋਲ ਰਾਤ ਦੇ ਵਕਤ ਲਿਖਣ ਲਈ ਬਹੁਤ ਸਮਾਂ ਸੀ। ਅਸਲ ਵਿਚ ਉਸ ਦੀ ਸਾਹਿਤਕ ਘਾਲਣਾ ਇਥੋਂ ਹੀ ਸ਼ੁਰੂ ਹੁੰਦੀ ਹੈ। ਆਪਣੇ ਸਾਹਿਤਕ ਸਫ਼ਰ ਦੌਰਾਨ ਉਸ ਨੇ ਸਾਹਿਤ ਦੀਆਂ ਕਈ ਵੰਨਗੀਆਂ ਜਿਵੇਂ ਕਵਿਤਾ, ਕਹਾਣੀ, ਮਿੰਨੀ ਕਹਾਣੀ ਅਤੇ ਨਾਵਲ 'ਤੇ ਹੱਥ ਅਜ਼ਮਾਇਆ ਪਰ ਜ਼ਿਆਦਾ ਮਕਬੂਲੀਅਤ ਉਸ ਨੂੰ ਨਾਵਲਕਾਰੀ ਦੇ ਖੇਤਰ ਵਿਚ ਮਿਲੀ।

ਸਭ ਤੋਂ ਪਹਿਲਾਂ ਉਸ ਦੀਆਂ ਤਿੰਨ ਪੁਸਤਕਾਂ, ਪੱਛਮੀ ਰਾਤ ਦੀ ਅੱਖ (ਕਵਿਤਾ ਸੰਗ੍ਰਹਿ),



ਭੱਖੜੇ ਦੇ ਕੰਢੇ (ਮਿੰਨੀ ਕਹਾਣੀ ਸੰਗ੍ਰਹਿ) ਅਤੇ ਮੈਂ ਮੀਰਾਂ ਨਹੀਂ (ਕਹਾਣੀ ਸੰਗ੍ਰਹਿ) ਛਪੀਆਂ ਅਤੇ ਇੱਕੋ ਸਮੇਂ ਤੇ ਸਾਹਿਤ ਅਕੈਡਮੀ ਲੁਧਿਆਣਾ ਵਲੋਂ ਰਿਲੀਜ਼ ਕੀਤੀਆਂ ਗਈਆਂ।

ਉਸ ਦਾ ਪਹਿਲਾ ਨਾਵਲ 'ਔਝੜੇ ਰਾਹੀ' ਪ੍ਰਕਾਸ਼ਿਤ ਹੋਇਆ। ਫਿਰ 'ਪੋਸਤ ਦੇ ਫੁੱਲ' ਜਿਸ ਦਾ ਵਿਸ਼ਾ ਵਸਤੂ ਅਫ਼ਗਾਨਿਸਤਾਨ ਵਿਚ ਅਮਰੀਕਾ ਅਤੇ ਰੂਸ ਦੇ ਬੇਲੋੜੇ ਦਖ਼ਲ 'ਤੇ ਅਧਾਰਿਤ ਸੀ, ਪ੍ਰਕਾਸ਼ਿਤ ਹੋਇਆ। ਉਸ ਤੋਂ ਬਾਅਦ ਨੈਲਸਨ ਮੰਡੇਲਾ ਦੇ ਕੱਚ ਸੱਚ ਬਾਰੇ ਦੱਸਦਾ ਨਾਵਲ 'ਕਾਲੀ ਹਨੇਰੀ' ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਨਾਵਲ 'ਪ੍ਰਿਜ਼ਮ' ਪ੍ਰਕਾਸ਼ਿਤ ਹੋਇਆ ਜੋ ਬਹੁਤ ਮਕਬੂਲ ਹੋਇਆ। ਵਰਲਡ ਦੇ ਹਕੂਮਤੀ ਤਾਣੇ ਬਾਣੇ ਦੇ ਸੱਚ ਉਘੇੜਦਾ ਨਾਵਲ 'ਵਾਲ ਸਟ੍ਰੀਟ' ਦੀ ਪ੍ਰਕਾਸ਼ਨਾ ਤੋਂ ਬਾਅਦ ਪੰਜਾਬੀ ਧਰਾਤਲ 'ਤੇ ਅਧਾਰਿਤ ਨਾਵਲ 'ਦੋ ਕਦਮ ਹੋਰ' ਅਤੇ 'ਲੈਕ ਹੋਲ' ਪ੍ਰਕਾਸ਼ਿਤ ਹੋਏ।

ਕਹਾਣੀਆਂ ਵੱਲ ਆਈਏ ਤਾਂ 'ਮੈਂ ਮੀਰਾ ਨਹੀਂ', 'ਆਵਾਸ ਦੇ ਅੱਥਰੂ', 'ਜੜ੍ਹੋਂ ਉੱਖੜੇ ਰੁੱਖ', 'ਔੜ ਮਾਰੇ ਰੁੱਖ' ਮੌਲਿਕ ਕਹਾਣੀ ਸੰਗ੍ਰਹਿ ਅਤੇ ਇਕ ਅਨੁਵਾਦਿਤ ਅਤੇ ਸੰਪਾਦਿਤ ਕਹਾਣੀ ਸੰਗ੍ਰਹਿ 'ਸਲੂਣੀ ਸਿਲ੍ਹ' ਪ੍ਰਕਾਸ਼ਿਤ ਹੋ ਚੁੱਕੇ ਹਨ। ਦੋ ਮਿੰਨੀ ਕਹਾਣੀ ਸੰਗ੍ਰਹਿ 'ਭੱਖੜੇ ਦੇ ਕੰਢੇ' ਅਤੇ 'ਇਹ ਯੁੱਗ ਕਿਹੜੈ' ਵੀ ਪਾਠਕਾਂ ਦੀ ਕਚਿਹਰੀ ਵਿਚ ਹਾਜ਼ਰੀ ਲਵਾ ਚੁੱਕੇ ਹਨ।

'ਪੱਛਮੀ ਰਾਤ ਦੀ ਅੱਖ' ਅਤੇ 'ਮੈਂ ਜਿੰਦਾ ਹਾਂ' ਰਾਹੀਂ ਉਸ ਨੇ ਕਾਵਿ ਸੰਸਾਰ ਵਿਚ ਵੀ ਭਾਵਭਿੰਨੀ ਖ਼ੁਸ਼ਬੂ ਖਿਲਾਰੀ ਹੈ। ਉਸ ਦੁਆਰਾ ਅਨੁਵਾਦ ਕੀਤੀਆਂ ਪੁਸਤਕਾਂ 'ਬਾਬਾ ਪਾਖਰ ਸਿੰਘ ਚੂਹੜਚੱਕੀਆ (ਸੂਫ਼ੀ ਅਮਰਜੀਤ ਅਤੇ ਨਛੱਤਰ ਸਿੰਘ ਗਿੱਲ ਦੁਆਰਾ ਅਨੁਵਾਦਤ) ਅਤੇ ਨਾਵਲ 'ਜ਼ੰਜੀਰਾਂ' (ਅੰਗਰੇਜ਼ ਲੇਖਕ ਬਾਰਬਰਾ ਸਮਕਰ ਦੁਆਰਾ ਰਚਿਤ) ਹਨ। ਇਸ ਤੋਂ ਬਿਨਾਂ 'ਜਿਗਰਪਾਰਾ', 'ਸੁੱਕੀ ਨਦੀ ਦਾ ਰੇਤਾ' ਅਤੇ 'ਨਿੱਕਸੁੱਕ','ਟਟਹਿਣੇ ਦੀ ਟਹਿਕ' (ਸੰਪਾਦਿਤ) ਵੀ ਉਸ ਦੇ ਸਾਹਿਤਕ ਖਜ਼ਾਨੇ ਦਾ ਅੰਗ ਹਨ। ਪੰਜਾਬੀ ਸਾਹਿਤ ਨੂੰ ਉਸ ਦੀ ਇਕ ਹੋਰ ਵੱਡੀ ਦੇਣ ਪੰਜਾਬੀ ਦਾ ਮਿਆਰੀ ਪਰਚਾ, ਤ੍ਰੈਮਾਸਿਕ 'ਲੋਹਮਣੀ' ਹੈ ਜੋ ਉਨ੍ਹਾਂ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਲਗਪਗ ਦਸ ਕੁ ਸਾਲ ਪਹਿਲਾਂ ਕੱਢਣਾ ਸ਼ੁਰੂ ਕੀਤਾ ਸੀ, ਜੋ ਕਿ ਅੱਜ ਵੀ ਉਸ ਦੀ ਟੀਮ ਮੈਂਬਰਾਂ ਦੀ ਅਣਥੱਕ ਮਿਹਨਤ ਸਦਕਾ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ ਹੈ।

ਉਮਰਾਂ ਦੇ ਪੰਧ ਨੇ ਉਸ ਦੀ ਇਨਕਲਾਬੀ ਸੋਚ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ। ਉਸ ਨੇ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹ ਪੰਜਾਬੀ ਦੀਆਂ ਜ਼ਿਆਦਾਤਰ ਸਾਹਿਤ ਸਭਾਵਾਂ (ਦੇਸ਼ ਅਤੇ ਵਿਦੇਸ਼ ਵਿਚਲੀਆਂ) ਦੇ ਡਿੱਗ ਰਹੇ ਮਿਆਰ ਅਤੇ ਕਿਰਦਾਰ ਬਾਰੇ ਡਾਢਾ ਚਿੰਤਤ ਹੈ। ਉਹ ਅਗਲੇ ਦੇ ਮੂੰਹ 'ਤੇ ਵੀ ਉਸ ਦੇ ਪਾਜ ਉਘੇੜ ਦਿੰਦਾ ਹੈ। ਇਸ ਵਾਰ ਇੰਡੀਆ ਫੇਰੀ ਦੌਰਾਨ ਇਕ ਮੁਲਾਕਾਤ ਸਮੇਂ ਦੱਸ ਰਿਹਾ ਸੀ ਕਿ ਕਿਵੇਂ ਕਿਸੇ ਸਾਹਿਤਕ ਪ੍ਰੋਗਰਾਮ ਦੀ ਪ੍ਰਧਾਨਗੀ ਦੇਣ ਪਿੱਛੋਂ ਉਸ ਸ਼ਖ਼ਸੀਅਤ ਕੋਲੋ ਪੈਸੇ ਦੀ ਝਾਕ ਰੱਖੀ ਜਾਂਦੀ ਹੈ।

ਅਨੇਕਾਂ ਸਾਹਿਤਕ ਮੰਚਾਂ ਤੋਂ ਸਨਮਾਨਿਤ ਕੀਤਾ ਜਾ ਚੁੱਕਿਆ ਗਿੱਲ ਆਪਣਾ ਅਸਲ ਸਨਮਾਨ ਪਾਠਕਾਂ ਦੇ ਪਿਆਰ ਨੂੰ ਮੰਨਦਾ ਹੈ। ਲਗਪਗ ਵੀਹ ਕਿਤਾਬਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਉਣ ਤਕ ਜ਼ਿੰਦਗੀ ਦੀਆਂ ਲਗਪਗ 75 ਬਹਾਰਾਂ ਵੇਖ ਚੁੱਕਿਆ ਗਿੱਲ ਪੂਰੇ ਉਤਸ਼ਾਹ ਨਾਲ ਦੱਸਦਾ ਹੈ ਕਿ ਉਸ ਨੇ ਆਪਣੇ ਸਾਹਿਤਕ ਖ਼ਜ਼ਾਨੇ ਵਿਚ ਕੀਮਤੀ ਨਗ ਹਾਲੇ ਜੜ੍ਹਨਾ ਹੈ ਜਿਸ ਨੂੰ ਉਹ ਆਪਣੀ ਸ਼ਾਹਕਾਰ ਰਚਨਾ ਆਖ ਸਕੇ। •

## ਗੀਤ

### ਕਰਦੇ ਨੇ ਸਿਫ਼ਤਾਂ ਲੋਕੀ

ਕੁਝ ਆਰ ਦੀਆਂ ਕੁਝ ਪਾਰ ਦੀਆਂ
ਪੰਜਾਬੀ ਸੁਹਜ-ਸੰਸਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ
ਪੰਜਾਬੀ ਸੱਭਿਆਚਾਰ ਦੀਆਂ।

ਪੰਜਾਬ ਜਿਉਂਦਾ ਗੁਰੂਆਂ ਦੇ ਨਾਲ
ਇਹਦੀ ਜੱਗ ਤੋਂ ਨਿਆਰੀ ਸ਼ਾਨ
ਮਾਂ-ਬੋਲੀ ਵੀ ਬੋਲੀਆਂ ਪਾਉਂਦੀ
ਸੁੱਚੀ ਪ੍ਰੀਤ ਦੇ ਪਹਿਰੇਦਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

ਗਿੱਧੇ-ਭੰਗੜੇ ਵਿਚ ਗੱਭਰੂ-ਮੁਟਿਆਰਾਂ
ਲਾਉਂਦੇ ਰੁਣ-ਝੁਣ ਬੰਨ੍ਹ ਕੇ ਡਾਰਾਂ
ਪੱਗਾਂ ਅਤੇ ਚੁੰਨੀਆਂ ਰਲ-ਮਿਲ
ਰੰਗਾਂ ਦੀ ਮਹਿਕ ਖਿਲਾਰਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

ਦਇਆ ਖ਼ਿਮਾਂ ਵਾਲਾ ਵੇਖ ਵਰਤਾਰਾ
ਮਨ ਹੋ ਜਾਂਦਾ ਅਲਮਸਤ ਮਤਵਾਰਾ
ਅਨਹੱਦ ਸ਼ਬਦ ਸੁਰਾਂ ਅਲਾਪਣ
ਸੁੱਚੇ ਚੱਜ ਆਚਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।

'ਮਕਸੂਦਪੁਰੀ' ਆਖੇ ਪੰਜ-ਆਬਾਂ ਨੂੰ ਸਲਾਮ
ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ-ਸ਼ਬਾਬਾਂ ਨੂੰ ਸਲਾਮ
ਸ਼ਾਨਾ-ਮੱਤੇ ਵਿਰਸੇ ਦੇ ਕਿਰਦਾਰ ਦੀਆਂ
ਕਰਦੇ ਨੇ ਸਿਫ਼ਤਾਂ ਲੋਕੀ।



ਸੁਰਿੰਦਰ ਮਕਸੂਦਪੁਰੀ
99887-10234

### ਆਪਣੀ ਜ਼ੁਬਾਨ

ਆਪਣੀ ਜ਼ੁਬਾਨ 'ਤੇ ਮਿਠਾਸ ਰੱਖਣਾ।
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਪਿੰਡ ਵਿਚ ਦੋਨੋ ਭਾਈ ਕੱਠੇ ਖੜ੍ਹਿਓ,
ਇੱਕੋ ਚੌਤਰੇ 'ਚ ਸੱਸ ਨੂੰਹ ਨਾ ਲੜਿਓ,
ਮੋਹ ਭਾਈ ਭੈਣ ਦੇ ਲਈ ਖ਼ਾਸ ਰੱਖਣਾ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਆਪਣੀ ਵਿਆਹੀ ਨੂੰ ਕਦੇ ਨਾ ਛੱਡੀਏ,
ਧੱਕੇ ਮਾਰ ਕੇ ਨਾ ਮਾਪੇ ਘਰੋਂ ਕੱਢੀਏ,
ਨਹੁੰਆਂ ਨਾਲ ਜੋੜੀ ਸਦਾ ਮਾਸ ਰੱਖਣ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।

ਧੀਆਂ ਪੇਕੇ ਆਈਆਂ ਨੂੰ ਨਾ ਦੁਰਕਾਰੀਏ,
ਐਵੇਂ ਮਾੜੇ ਬੰਦੇ 'ਤੇ ਨਾ ਰੋਹਬ ਝਾੜੀਏ,
'ਚਰਨਜੀਤ' ਚੰਗੀ ਸਦਾ ਆਸ ਰੱਖਣਾ,
ਰਿਸ਼ਤੇ ਦੇ ਵਿਚ ਵਿਸ਼ਵਾਸ ਰੱਖਣਾ।



ਚਰਨਜੀਤ ਕੌਰ ਧਾਲੀਵਾਲ (ਜਰਮਨੀ)
+49-15224333737

## ਮਿੰਨੀ ਕਹਾਣੀ



# ਪਛਤਾਵਾ

ਸੰਤੀ ਬਿਮਾਰੀ ਦੀ ਹਾਲਤ ਵਿਚ ਆਖਰੀ ਸਾਹ੍ਵਾਂ 'ਤੇ ਸੀ। ਪਤੀ ਦੀ ਮੌਤ ਤੋਂ ਬਾਅਦ ਉਸ ਦਾ ਸਹਾਰਾ ਇੱਕਲੋਤਾ ਪੁੱਤਰ ਹੀ ਸੀ, ਜੋ ਕੰਮ-ਕਾਜ ਲਈ ਸ਼ਹਿਰ ਗਿਆ ਤੇ ਉੱਥੋਂ ਦਾ ਹੀ ਹੋ ਕੇ ਰਹਿ ਗਿਆ, ਉੱਥੇ ਹੀ ਵਿਆਹ ਵੀ ਕਰਵਾ ਲਿਆ, ਜਿਸ ਕਾਰਨ ਉਸ ਦੀ ਪਿੰਡ ਵਾਪਸੀ ਮੁਸ਼ਕਿਲ ਸੀ ਕਿਉਂਕਿ ਉਸ ਦੀ ਪਤਨੀ ਨਾ ਤਾਂ ਪਿੰਡ ਆਉਣ ਲਈ ਰਾਜ਼ੀ ਸੀ ਤੇ ਨਾ ਹੀ ਸੰਤੀ ਨੂੰ ਆਪਣੇ ਨਾਲ ਰੱਖਣ ਲਈ।

ਅਜਿਹੀ ਹਾਲਤ ਵਿਚ ਵਿਚਾਰੀ ਸੰਤੀ ਦਾ ਦੁੱਖ ਹੋਰ ਵਧ ਗਿਆ ਕਿ ਜਿਸ ਪੁੱਤਰ ਨੂੰ ਸੰਤੀ ਨੇ ਪਤੀ ਦੀ ਮੌਤ ਤੋਂ ਬਾਅਦ ਬਹੁਤ ਦੁੱਖ ਝੱਲ ਕੇ ਪਾਲ਼ਿਆ ਤੇ ਉਸ ਦਾ ਇਸ ਤਰ੍ਹਾਂ ਆਪਣੇ ਫਰਜ਼ਾਂ ਤੋਂ ਬੇਮੁੱਖ ਹੋ ਜਾਣਾ, ਉਸ ਨੂੰ ਆਪਣੀ ਬਿਮਾਰੀ ਤੋਂ ਵੀ ਜ਼ਿਆਦਾ ਕਸ਼ਟ ਦੇ ਰਿਹਾ ਸੀ। ਆਪਣੇ ਪੁੱਤਰ ਨੂੰ ਯਾਦ ਕਰਦੇ-ਕਰਦੇ ਉਸ ਨੂੰ ਨੀਂਦ ਆ ਗਈ ਤੇ ਕੁਝ ਸਮੇਂ ਬਾਅਦ ਅਚਾਨਕ ਸੰਤੀ ਘਬਰਾ ਕੇ ਉੱਠ ਖੜ੍ਹੀ ਹੋਈ ਜਿਵੇ ਉਸ ਨੇ ਕੋਈ ਬੁਰਾ ਸੁਪਨਾ ਦੇਖਿਆ ਹੋਵੇ, ਜਿਸ ਨਾਲ ਉਸ ਦੀ ਰੂਹ ਕੰਬ ਉੱਠੀ ਸੀ ਤੇ ਉਹ ਥਰ-ਥਰ ਕੰਬਣ ਲੱਗੀ। ਉਹ ਪ੍ਰਮਾਤਮਾ ਤੋਂ ਆਪਣੇ ਕੀਤੇ ਕਿਸੇ ਬੁਰੇ ਕਰਮ ਲਈ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗੀ। ਸੁਪਨੇ ਵਿਚ ਉਸ ਨੇ ਆਪਣੀ ਅਣਜੰਮੀ ਧੀ ਦੇਖੀ, ਜਿਸ ਨੂੰ ਉਸ ਨੇ ਪੁੱਤਰ ਦੀ ਚਾਹਤ ਲਈ ਕੁੱਖ ਵਿਚ ਕਤਲ ਕਰਵਾ ਦਿੱਤਾ ਸੀ। ਉਹ ਕਹਿਣ ਲੱਗੀ, 'ਮਾਂ ਅੱਜ ਮੇਰੇ ਤੋਂ ਤੇਰੀ ਇਹ ਹਾਲਤ ਦੇਖੀ ਨਹੀ ਜਾਂਦੀ ਪਰ ਮੈਂ ਕੁਝ ਕਰ ਵੀ ਤਾਂ ਨਹੀਂ ਸਕਦੀ, ਜਿਸ ਪੁੱਤਰ ਨੂੰ ਪਾਉਣ ਲਈ ਤੂੰ ਮੇਰਾ ਕੁੱਖ ਵਿਚ ਕਤਲ ਕਰਵਾ ਦਿੱਤਾ ਸੀ, ਉਸ ਨੇ ਬੁਢਾਪੇ ਸਮੇਂ ਦੁੱਖ ਵਿਚ ਤੇਰੀ ਸਾਰ ਨਹੀਂ ਲਈ।

ਜੇ ਮੈਂ ਅੱਜ ਜਿਉਂਦੀ ਹੁੰਦੀ ਤਾਂ ਤੇਰਾ ਹਰ ਦੁੱਖ ਵੰਡਾਉਂਦੀ ਪਰ ਅਫ਼ਸੋਸ ਮਾਂ, ਤੇਰੇ ਜਿਹੀਆਂ ਲੱਖਾਂ ਮਾਵਾਂ ਅੱਜ ਵੀ ਆਪਣੀਆਂ ਧੀਆਂ ਦਾ ਕਤਲ ਕਰਵਾ ਕੇ ਪੁੱਤਰਾਂ ਦੀ ਇੱਛਾ ਰੱਖਦੀਆਂ ਹਨ ਤੇ ਉਹੀ ਪੁੱਤਰ ਵੱਡੇ ਹੋ ਕੇ ਆਪਣੇ ਮਾਪਿਆਂ ਨੂੰ ਇਸ ਤਰ੍ਹਾਂ ਛੱਡ ਜਾਂਦੇ ਹਨ। ਸੁਪਨੇ ਵਿਚ ਆਈ ਧੀ ਦੇ ਬੋਲ ਸੁਣ ਕੇ ਸੰਤੀ ਅੱਖਾਂ ਵਿਚ ਹੰਝੂ ਭਰ ਕੇ ਰੋਂਦੀ-ਰੋਂਦੀ ਇਕੱਲੀ ਬੈਠੀ ਜਿਊਂਦੇ-ਜੀ ਪਛਤਾਵੇ ਦੀ ਅੱਗ ਵਿਚ ਸੜ ਰਹੀ ਸੀ।

• ਦਰਸ਼ਨ (ਗਿੱਲ ਦੁਤਾਲ), 99880-32249

## ਮਿੰਨੀ ਕਹਾਣੀ



# ਬੋਝ

ਸੱਜਣ ਸਿੰਘ ਨੇ ਆਪਣੇ ਮੁੰਡੇ ਕਰਮੇ ਨੂੰ ਆਵਾਜ਼ ਮਾਰ ਕੇ ਆਪਣੇ ਕੋਲ ਸੱਦਿਆ, ਜੋ ਕਈ ਦਿਨਾਂ ਤੋਂ ਉਦਾਸ ਜਿਹਾ ਲੱਗਦਾ ਸੀ। ਸੱਜਣ ਸਿੰਘ ਨੇ ਕਰਮੇ ਨੂੰ ਕੋਲ ਆਉਣ 'ਤੇ ਕਿਹਾ, 'ਪੁੱਤਰਾ ਤੇਰੇ ਨਾਲ ਇਕ ਗੱਲ ਸਾਂਝੀ ਕਰਨੀ ਸੀ, ਜੋ ਮੇਰੇ ਦਿਲ 'ਤੇ ਇਕ ਬੋਝ ਜਿਹਾ ਬਣੀ ਹੋਈ ਹੈ। ਤੇਰੇ ਨਾਲ ਗੱਲ ਕਰਕੇ ਇਹ ਬੋਝ ਮੈਂ ਹਲਕਾ ਕਰਨਾ ਚਾਹੁੰਦਾ।

ਪੁੱਤ ਗੱਲ ਇਹ ਹੈ ਕਿ ਕਰਜ਼ੇ ਦਾ ਵੱਡਾ ਬੋਝ ਆਪਣੇ ਸਿਰ 'ਤੇ ਹੈ, ਜ਼ਮੀਨ ਜੋ ਆਪਣੇ ਕੋਲ ਥੋੜ੍ਹੀ ਬਚੀ ਹੈ ਕਹਿਣ ਨੂੰ ਤਾਂ ਆਪਾਂ ਉਸ ਦੇ ਮਾਲਕ ਹਾਂ ਪਰ ਉਸ ਵਿਚ ਬੈਂਕਾਂ ਅਤੇ ਆੜ੍ਹਤੀਆਂ ਦਾ ਨਾਂ ਬੋਲਦਾ ਮੈਂ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋ ਕਿ ਇਸ ਕਰਜ਼ੇ ਦੇ ਬੋਝ ਨੂੰ ਨਹੀਂ ਲਾਹ ਸਕਿਆ ਪੁੱਤਰਾ ਹੁਣ ਤੂੰ ਜਵਾਨ ਹੋ ਗਿਆ ਏ ਖੇਤੀ ਦਾ ਧੰਦਾ ਤਾਂ ਹੁਣ ਲਾਹੇਵੰਦ ਨਹੀਂ ਰਿਹਾ, ਨੌਕਰੀ ਵੀ ਚੰਦਰੀ ਆਪਾਂ ਨੂੰ ਮਿਲਣੀ ਨਹੀਂ ਤੂੰ ਕੋਈ ਛੋਟਾ-ਮੋਟਾ ਕਾਰੋਬਾਰ ਕਰ ਲੈ ਜਿਸ ਨਾਲ ਆਪਾਂ ਆਪਣਾ ਗੁਜ਼ਾਰਾ ਚਲਾ ਸਕੀਏ'।

ਪਿਤਾ ਦੀ ਗੱਲ ਸੁਣ ਕੇ ਅੱਖਾਂ ਵਿਚ ਪਾਣੀ ਭਰਕੇ ਕਰਮਾ ਬੋਲਿਆ, 'ਬਾਪੂ ਮੈਂ ਤੇਰੇ ਤੋਂ ਮੁਆਫ਼ੀ ਚਾਹੁੰਦਾ ਹਾਂ ਤੈਨੂੰ ਦੱਸੇ ਬਿਨਾਂ ਮੈਂ ਆਸੇ-ਪਾਸੇ ਤੋਂ ਕੁਝ ਰੁਪਏ ਉਧਾਰ ਚੁੱਕ ਕੇ ਵਿਦੇਸ਼ ਜਾਣਾ ਚਾਹੁੰਦਾ ਸੀ ਤਾਂ ਜੋ ਤੇਰੇ ਕਰਜ਼ੇ ਦਾ ਬੋਝ ਹਲਕਾ ਕਰ ਸਕਾਂ, ਮੈਂ ਕਿਸੇ ਗ਼ਲਤ ਏਜੰਟ ਦੇ ਧੱਕੇ ਚੜ੍ਹ ਕੇ 20 ਲੱਖ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹਾਂ, ਕਰਮੇ ਦੀ ਇਹ ਗੱਲ ਸੁਣ ਕੇ ਸੱਜਣ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਅੱਖਾਂ ਅੱਗੇ ਹਨੇਰਾ ਛਾ ਗਿਆ, ਉਸ ਨੂੰ ਆਪਣੇ ਕਰਜ਼ੇ ਦਾ ਬੋਝ ਘੱਟਣ ਦੀ ਬਜਾਏ ਦੁੱਗਣਾ ਹੋ ਗਿਆ ਜਾਪ ਰਿਹਾ ਸੀ।

• ਅਵਤਾਰ ਸਿੰਘ ਧਾਲੀਵਾਲ
90419-42308

## ਕਹਾਣੀ

# ਮੁਹੱਬਤ

• ਕੈਲਾਸ਼ ਚੰਦਰ ਸ਼ਰਮਾ
80540-16816

(ਲੜੀ ਜੋੜਨ ਲਈ ਪਿੱਛਲਾ ਅੰਕ ਦੇਖੋ)

*ਤਮੰਨਾ ਇਕ ਦਿਨ ਚਾਂਦਨੀ ਦੇ ਘਰ ਚਲੀ ਗਈ। ਉਸ ਦੇ ਘਰ ਦੀ ਹਾਲਤ ਵੇਖ ਤਮੰਨਾ ਨੂੰ ਪਦਮਨੀ ਦਵਾਰਾ ਰਚੀ ਲੀਲਾ ਦਾ ਕਾਰਨ ਨਜ਼ਰ ਆਉਣ ਲੱਗਾ। ਚਾਂਦਨੀ ਨੂੰ ਉਸ ਨੇ ਆਪਣੇ ਬਾਰੇ ਦੱਸਦਿਆਂ ਤੇ ਘਰ ਆਉਣ ਦਾ ਸੱਦਾ ਦਿੱਤਾ। ਚਾਂਦਨੀ ਨੇ ਇਹ ਸੱਦਾ ਠੁਕਰਾਉਂਦਿਆਂ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਕੁਨਾਲ ਦੀ ਜ਼ਿੰਦਗੀ 'ਚ ਕੋਈ ਹੋਰ ਦੁੱਖ ਆਉਣ'...*



ਗੱਲਾਂ-ਗੱਲਾਂ 'ਚ ਪਦਮਨੀ ਨੇ ਇਕ ਦਿਨ ਤਮੰਨਾ ਦੇ ਮਾਪਿਆਂ ਨਾਲ ਤਮੰਨਾ ਤੇ ਕੁਨਾਲ ਦੇ ਰਿਸ਼ਤੇ ਦੀ ਗੱਲ ਵੀ ਛੇੜੀ। ਤਮੰਨਾ ਦੇ ਮਾਪਿਆਂ ਨੇ ਵੀ ਹਾਮੀ ਭਰ ਦਿੱਤੀ ਕਿਉਂਕਿ ਪਦਮਨੀ ਵੀ ਅਮੀਰ ਸੀ ਤੇ ਉਨ੍ਹਾਂ ਦੀ ਲੜਕੀ ਉਸ ਦੀ ਨੂੰਹ ਬਣ ਕੇ ਖ਼ੁਸ਼ੀ ਵਾਲੀ ਜ਼ਿੰਦਗੀ ਬਤੀਤ ਕਰ ਸਕਦੀ ਸੀ। ਇਕ ਦਿਨ ਤਮੰਨਾ ਨੇ ਪਦਮਨੀ ਨੂੰ ਦੱਸਿਆ ਕਿ ਕੁਨਾਲ ਉਸ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਲੈ ਰਿਹਾ। ਪਦਮਨੀ ਨੇ ਤਮੰਨਾ ਨੂੰ ਕੁਨਾਲ ਦੇ ਸ਼ਰਮੀਲੇ ਸੁਭਾਅ ਦਾ ਹਵਾਲਾ ਦਿੰਦਿਆਂ ਕੁਨਾਲ ਨਾਲ ਫੋਨ 'ਤੇ ਅਕਸਰ ਗੱਲਬਾਤ ਕਰਨ ਲਈ ਕਿਹਾ ਤਾਂ ਜੋ ਕੁਨਾਲ ਉਸ ਵਿਚ ਰੁਚੀ ਲੈਣ ਲੱਗ ਪਵੇ। ਆਪਣੀ ਮਾਂ ਦੀਆਂ ਸਾਰੀਆਂ ਯੋਜਨਾਵਾਂ ਤੋਂ ਬੇਖ਼ਬਰ ਕੁਨਾਲ, ਤਮੰਨਾ ਨਾਲ ਫੋਨ 'ਤੇ ਖੁੱਲ੍ਹ ਕੇ ਗੱਲ ਵੀ ਕਰ ਲੈਂਦਾ ਤੇ ਕਈ ਵਾਰ ਇਕੱਲਾ ਵੀ ਉਨ੍ਹਾਂ ਦੇ ਘਰ ਹੋ ਆਉਂਦਾ ਤਾਂ ਜੋ ਆਪਣੀ ਮਾਂ ਨੂੰ ਖ਼ੁਸ਼ ਰੱਖ ਸਕੇ।

ਇਕ ਦਿਨ ਚਾਂਦਨੀ ਉਨ੍ਹਾਂ ਦੇ ਘਰ ਆਈ ਹੋਈ ਸੀ। ਪਦਮਨੀ ਨੇ ਅੰਦਰੋਂ ਜਾ ਕੇ ਤਮੰਨਾ ਨੂੰ ਕੁਨਾਲ ਨਾਲ ਗੱਲ ਕਰਨ ਲਈ ਕਹਿੰਦੇ ਹੋਏ, ਉਸ ਨਾਲ ਇਸ ਤਰ੍ਹਾਂ ਪਿਆਰ ਦੀਆਂ ਗੱਲਾਂ ਕਰਨ ਲਈ ਕਿਹਾ ਜਿਵੇਂ ਦੋ ਆਸ਼ਕ ਆਪਸ ਵਿਚ ਕਰਦੇ ਨੇ। ਨਾਲ ਹੀ ਤਾਕੀਦ ਕੀਤੀ ਕਿ ਇਹ ਫੋਨ ਕੁਨਾਲ ਦੇ ਮੋਬਾਈਲ 'ਤੇ ਨਹੀਂ ਪਦਮਨੀ ਦੇ ਮੋਬਾਈਲ 'ਤੇ ਕਰੇ, ਉਹ ਆਪੇ ਕੁਨਾਲ ਨਾਲ ਗੱਲ ਕਰਵਾ ਦੇਵੇਗੀ। ਜਦੋਂ ਤਮੰਨਾ ਦਾ ਫੋਨ ਆਇਆ ਤਾਂ ਪਦਮਨੀ ਨੇ ਫੋਨ ਆਨ ਕਰ ਕੇ ਕੁਨਾਲ ਨੂੰ ਗੱਲ ਕਰਨ ਲਈ ਕਿਹਾ। ਜਦੋਂ ਕੁਨਾਲ ਨੇ ਹੈਲੋ ਕਿਹਾ ਹੀ ਸੀ ਕਿ ਤਮੰਨਾ ਨੇ ਕੁਨਾਲ ਨਾਲ ਜਿਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ, ਉਹ ਸੁਣਦਿਆਂ ਹੀ ਚਾਂਦਨੀ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਕੁਨਾਲ ਦੀ ਬੇਵਫ਼ਾਈ ਦਾ ਉਸ ਨੂੰ ਅਹਿਸਾਸ ਦਵਾ ਰਹੀਆਂ ਸਨ। ਕੁਨਾਲ ਦਾ ਵੀ ਹਾਲ ਵੇਖਣ ਹੀ ਵਾਲਾ ਸੀ ਜੋ ਉਸ ਦੀ ਚਾਂਦਨੀ ਪ੍ਰਤੀ ਬੇਵਫ਼ਾਈ ਦਾ ਸਬੂਤ ਪੱਕਾ ਹੋਣ ਦੀ ਪੁਸ਼ਟੀ ਕਰ ਰਿਹਾ ਸੀ। ਢਿੱਡੋਂ ਪਦਮਨੀ ਬਹੁਤ ਖ਼ੁਸ਼ ਸੀ ਕਿ ਉਸ ਦੀ ਯੋਜਨਾ ਬਿਨਾਂ ਕਿਸੇ ਮੁਸ਼ਕਲ ਦੇ ਸਿਰੇ ਚੜ੍ਹ ਗਈ ਸੀ।

ਪਦਮਨੀ, ਚਾਂਦਨੀ ਨੂੰ ਆਪਣੇ ਕਲਾਵੇ ਵਿਚ ਲੈ ਕੇ ਆਪਣੇ ਕਮਰੇ ਵਿਚ ਚਲੀ ਗਈ। ਚਾਂਦਨੀ ਦੇ ਸਿਰ 'ਤੇ ਹੱਥ ਫੇਰਦੀ ਹੋਈ ਕਹਿਣ ਲੱਗੀ, 'ਚਾਂਦਨੀ, ਤੂੰ ਮੇਰੀ ਧੀ ਵਰਗੀ ਏਂ, ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਕੁਨਾਲ ਵੀ ਇਹੋ-ਜਿਹਾ ਹੋਵੇਗਾ। ਮੈਂ ਅੱਜ ਮਹਿਸੂਸ ਕੀਤਾ ਏ ਕਿ ਅੱਜ ਕੱਲ੍ਹ ਦੇ ਲੜਕੇ ਕਿਸ ਤਰ੍ਹਾਂ, ਲੜਕੀਆਂ ਨੂੰ ਮੁਹੱਬਤ ਦੇ ਸੁਪਨੇ ਵਿਖਾ ਕੇ ਚਕਨਾਚੂਰ ਕਰ ਦਿੰਦੇ ਹਨ। ਮੈਨੂੰ ਤਾਂ ਡਰ ਲੱਗ ਰਿਹਾ ਏ ਕਿ ਪਤਾ ਨਹੀਂ ਇਸ ਤਰ੍ਹਾਂ ਦੀਆਂ ਕਿੰਨੀਆਂ ਕੁੜੀਆਂ ਨੂੰ ਸਬਜ਼ਬਾਗ਼ ਵਿਖਾਏ ਹੋਣੇ ਨੇ ਇਸ ਨੇ। ਇਕ ਮਾਂ ਹੋਣ ਦੇ ਨਾਤੇ ਮੇਰੀ ਤੈਨੂੰ ਇਹੋ ਹੀ ਸਲਾਹ ਏ ਕਿ ਇਸ ਦਾ ਖਹਿੜਾ ਛੱਡ ਤੇ ਕਿਤੇ ਹੋਰ ਆਪਣਾ ਘਰ ਵਸਾ ਕੇ ਵਧੀਆ ਜ਼ਿੰਦਗੀ ਦਾ ਆਨੰਦ ਲੈ। ਕੀ ਹੋਇਆ ਜੇ ਤੂੰ ਮੇਰੀ ਨੂੰਹ ਨਹੀਂ ਬਣ ਸਕੀ ਪਰ ਧੀ ਤੂੰ ਮੇਰੀ ਸਦਾ ਹੀ ਰਹੇਂਗੀ'।

ਇਹ ਕਹਿੰਦਿਆਂ ਹੀ ਪਦਮਨੀ ਨੇ ਘੁੱਟ ਕੇ ਉਸ ਨੂੰ ਆਪਣੇ ਗਲ਼ ਨਾਲ ਲਾ ਕੇ ਉਸ ਦਾ ਮੱਥਾ ਚੁੰਮਿਆ। ਸਿਆਣੇ ਕਹਿੰਦੇ ਨੇ, 'ਮੁਹੱਬਤ ਇਕ ਕੱਚੇ ਧਾਗੇ ਵਾਂਗ ਹੁੰਦੀ ਏ ਜਿਸ ਨੂੰ ਕੇਵਲ ਵਿਸ਼ਵਾਸ ਹੀ ਮਜ਼ਬੂਤ ਕਰਦਾ ਹੈ। ਜੇਕਰ ਬੇਵਫ਼ਾਈ ਦਾ ਜ਼ਰਾ ਕੁ ਝਟਕਾ ਵੀ ਲੱਗੇ ਤਾਂ ਇਹ ਧਾਗਾ ਇਕਦਮ ਟੁੱਟ ਜਾਂਦਾ ਹੈ। ਚਾਂਦਨੀ ਆਪਣੀ ਟੁੱਟੀ ਹੋਈ ਮੁਹੱਬਤ ਦੇ ਟੁਕੜਿਆਂ ਨੂੰ ਸੰਭਾਲ ਦੀ ਹੋਈ ਪਦਮਨੀ ਤੋਂ ਵਿਦਾਇਗੀ ਲੈ ਕੇ ਘਰ ਵੱਲ ਨੂੰ ਚੱਲ ਪਈ। ਰਸਤੇ ਵਿਚ ਰਹਿ-ਰਹਿ ਕੇ ਚਾਂਦਨੀ ਨੂੰ ਕੁਨਾਲ ਦੀ ਬੇਵਫ਼ਾਈ 'ਤੇ ਗੁੱਸਾ ਵੀ ਆ ਰਿਹਾ ਸੀ ਤੇ ਨਾਲ ਹੀ ਹੈਰਾਨੀ ਵੀ ਹੋ ਰਹੀ ਸੀ ਕਿ ਕੁਨਾਲ ਇਹੋ-ਜਿਹਾ ਤਾਂ ਨਹੀਂ ਸੀ ਤੇ ਨਾ ਹੀ ਕਦੇ ਇਸ ਤਰ੍ਹਾਂ ਦੇ ਵਤੀਰੇ ਦੀ ਬੋਅ ਉਸ ਕੋਲੋਂ ਮਹਿਸੂਸ ਹੋਈ ਸੀ। ਉਸ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਉਹ ਕਿਤੇ ਵੀ ਸ਼ਾਦੀ ਨਹੀਂ ਕਰੇਗੀ ਕਿਉਂਕਿ ਉਹ ਕੁਨਾਲ ਨੂੰ ਆਪਣਾ ਪਤੀ ਮੰਨ ਚੁਕੀ ਸੀ। ਇਸ ਲਈ ਉਸ ਦੇ ਪਿਆਰ ਦੇ ਸਹਾਰੇ ਹੀ ਆਪਣੀ ਸਾਰੀ ਜ਼ਿੰਦਗੀ ਬਤੀਤ ਕਰੇਗੀ। ਉੱਧਰ ਕੁਨਾਲ ਦਾ ਬਹੁਤ ਬੁਰਾ ਹਾਲ ਸੀ ਕਿ ਇਹ ਕੀ ਤੇ ਕਿਵੇਂ ਹੋ ਗਿਆ? ਚਾਂਦਨੀ ਉਸ ਦੀ ਗੱਲ ਸੁਣੇ ਬਗ਼ੈਰ ਹੀ ਰਿਸ਼ਤਾ ਤੋੜ ਗਈ ਸੀ।

ਸਮਾਂ ਆਪਣੀ ਚਾਲੇ ਤੁਰਦਾ ਗਿਆ। ਪਦਮਨੀ ਦੇ ਬਾਰ-ਬਾਰ ਕੁਨਾਲ ਨੂੰ ਸਮਝਾਉਣ 'ਤੇ ਹੌਲੀ-ਹੌਲੀ ਉਹ ਸੰਭਲਣ ਲੱਗਾ। ਆਖਰਕਾਰ ਕੁਨਾਲ ਤੇ ਤਮੰਨਾ ਦੀ ਸਗਾਈ ਹੋ ਗਈ। ਪਦਮਨੀ ਦੇ ਖ਼ੁਸ਼ੀ ਵਿਚ ਪੈਰ ਭੁੰਜੇ ਨਹੀਂ ਸਨ ਲੱਗ ਰਹੇ ਕਿਉਂਕਿ ਉਹ ਪੂਰੀ ਤਰ੍ਹਾਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਈ ਸੀ। ਸ਼ਾਨੋ-ਸ਼ੌਕਤ ਨਾਲ ਦੋਵਾਂ ਦੀ ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਵੀ ਕੁਨਾਲ ਕੁਝ ਉਖੜਿਆ-ਉਖੜਿਆ ਜਿਹਾ ਰਹਿੰਦਾ। ਤਮੰਨਾ ਨੇ ਇਸ ਬਾਰੇ ਆਪਣੀ ਸੱਸ ਨਾਲ ਵੀ ਗੱਲ ਕੀਤੀ ਪਰ ਉਸ ਦੇ ਇਹ ਕਹਿਣ 'ਤੇ ਕਿ ਕੰਮ ਦੀ ਬਹੁਤਾਤ ਕਰਕੇ ਸ਼ਾਇਦ ਉਸ ਦਾ ਵਤੀਰਾ ਇਸ ਤਰ੍ਹਾਂ ਦਾ ਹੋਵੇਗਾ। ਅਸਲੀ ਕਾਰਨ ਤੋਂ ਬੇਖ਼ਬਰ ਤਮੰਨਾ, ਕੁਨਾਲ ਦੇ ਵਤੀਰੇ 'ਚ ਤਬਦੀਲੀ ਦਾ ਇੰਤਜ਼ਾਰ ਕਰਨ ਲੱਗੀ। ਓਧਰ ਕੁਨਾਲ ਦੇ ਮਨ 'ਤੇ ਚਾਂਦਨੀ ਹੀ ਸਦਾ ਛਾਈ ਰਹਿੰਦੀ। ਉਹ ਸੋਚਦਾ ਕਿਤੇ ਇਕ ਵਾਰ ਚਾਂਦਨੀ ਨਾਲ ਮੇਲ ਹੋ ਜਾਵੇ ਤਾਂ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰ ਸਕੇ। ਆਖ਼ਰਕਾਰ ਇਕ ਦਿਨ ਉਹ ਚਾਂਦਨੀ ਨੂੰ ਮਿਲਣ ਵਿਚ ਕਾਮਯਾਬ ਹੋ ਗਿਆ। ਉਸ ਨੇ ਆਪਣੀ ਸਫ਼ਾਈ ਵਿਚ ਬਹੁਤ ਕਿਹਾ ਪਰ ਚਾਂਦਨੀ 'ਤੇ ਇਸ ਦਾ ਬਹੁਤਾ ਪ੍ਰਭਾਵ ਨਾ ਪਿਆ। ਹੌਲੀ ਹੌਲੀ ਉਨ੍ਹਾਂ ਦਾ ਮੇਲ ਫਿਰ ਵਧਣ ਲੱਗਾ। ਕੁਨਾਲ ਦੇ ਰੋਜ਼ਾਨਾ ਘਰ ਦੇਰ ਨਾਲ ਆਉਣ ਕਾਰਨ ਤਮੰਨਾ ਦੇ ਮਨ ਵਿਚ ਕਈ ਕਿਸਮ ਦੇ ਗ਼ਲਤ ਵਿਚਾਰਾਂ ਨੇ ਆਪਣੀ ਆਮਦ ਵਧਾ ਦਿੱਤੀ। ਇਕ ਦਿਨ, ਉਸ ਨੇ ਕੁਨਾਲ ਦਾ ਪਿੱਛਾ ਕਰਨ ਦਾ ਫੈਸਲਾ ਕੀਤਾ। ਉਸ ਨੂੰ ਪਤਾ ਲੱਗਾ ਕਿ ਕੁਨਾਲ , ਚਾਂਦਨੀ ਦੇ ਪਿੱਛੇ ਜਾਂਦਾ ਸੀ ਤੇ ਇਹੀ ਉਸ ਦੇ ਉਖੜੇ-ਉਖੜੇ ਰਹਿਣ ਦਾ ਕਾਰਨ ਸੀ।

ਇਕ ਦਿਨ ਮੌਕਾ ਵੇਖ, ਤਮੰਨਾ ਨੇ ਕੁਨਾਲ ਨੂੰ ਉਸ ਦੇ ਚਾਂਦਨੀ ਨਾਲ ਸਬੰਧਾਂ ਬਾਰੇ ਪੁੱਛਿਆ। ਕੁਨਾਲ ਨੇ ਬਿਨਾਂ ਕਿਸੇ ਹਿਚਕਚਾਹਟ ਦੇ ਉਸ ਨੂੰ ਸਭ ਕੁਝ ਦੱਸ ਦਿੱਤਾ। ਕੁਨਾਲ ਨੇ ਦੱਸਿਆ ਕਿ ਉਨ੍ਹਾਂ ਦੋਵਾਂ ਦੀ ਸ਼ਾਦੀ' ਤੇ ਇਕ ਵਾਰ ਉਸ ਦੀ ਮਾਂ ਨੇ ਇਤਰਾਜ਼ ਕੀਤਾ ਸੀ ਪਰ ਉਸ ਤੋਂ ਬਾਅਦ ਸਾਡੇ ਮਿਲਣ 'ਤੇ ਉਸ ਨੂੰ ਕੋਈ ਵੀ ਇਤਰਾਜ਼ ਨਹੀਂ ਸੀ। ਚਾਂਦਨੀ ਬਿਨਾਂ ਕਿਸੇ-ਰੋਕ ਟੋਕ ਦੇ ਉਨ੍ਹਾਂ ਦੇ ਘਰ ਆਉਂਦੀ ਰਹੀ।

ਉਸ ਦਿਨ ਜਦੋਂ ਤੂੰ ਮੇਰੇ ਨਾਲ ਫੋਨ 'ਤੇ ਗੱਲਾਂ ਕੀਤੀਆਂ ਤਾਂ ਚਾਂਦਨੀ ਉਸ ਸਮੇਂ ਮੇਰੇ ਕੋਲ ਹੀ ਬੈਠੀ ਸੀ। ਚਾਂਦਨੀ ਤਾਂ ਕੀ, ਕੋਈ ਵੀ ਲੜਕੀ ਇਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਕਿ ਉਸ ਦੇ ਪਿਆਰ ਵਿਚ ਕੋਈ ਦੂਜੀ ਲੜਕੀ ਭਾਈਵਾਲ ਬਣੇ। ਮੈਨੂੰ ਅੱਜ ਤਕ ਇਹ ਸਮਝ ਨਹੀਂ ਲੱਗ ਸਕੀ ਕਿ ਤੂੰ ਮੇਰੇ ਨਾਲ ਇਸ ਤਰ੍ਹਾਂ ਕਿਉਂ ਕੀਤਾ? ਮਨ ਹੀ ਮਨ ਤਮੰਨਾ ਨੂੰ ਸਮਝ ਲੱਗਣ ਲੱਗੀ ਕਿ ਕੁਨਾਲ 'ਤੇ ਚਾਂਦਨੀ ਦੇ ਪਿਆਰ ਨੂੰ ਲੀਰੋ-ਲੀਰ ਕਰਨ ਵਾਲੀ ਅਸਲ ਵਿਚ ਉਸ ਦੀ ਮਾਂ ਹੀ ਹੈ ਕਿਉਂਕਿ ਉਸ ਨੇ ਹੀ ਇਹ ਸਭ ਕਰਨ ਲਈ ਉਸ ਨੂੰ ਕਿਹਾ ਸੀ। ਤਮੰਨਾ ਨੇ ਚਾਂਦਨੀ ਨੂੰ ਮਿਲਣ ਦਾ ਸੋਚਿਆ। ਉਸ ਦੇ ਅੰਦਰ ਦੀ ਔਰਤ ਜਾਗ ਚੁਕੀ ਸੀ।

ਲੱਭਦੀ-ਲੁਭਾਉਂਦੀ ਤਮੰਨਾ ਇਕ ਦਿਨ ਚਾਂਦਨੀ ਦੇ ਘਰ ਚਲੀ ਗਈ। ਚਾਂਦਨੀ ਦੇ ਘਰ ਦੀ ਹਾਲਤ ਵੇਖ ਤਮੰਨਾ ਨੂੰ ਪਦਮਨੀ ਦਵਾਰਾ ਰਚੀ ਲੀਲਾ ਦਾ ਕਾਰਨ ਨਜ਼ਰ ਆਉਣ ਲੱਗਾ। ਚਾਂਦਨੀ ਨੂੰ ਉਸ ਨੇ ਆਪਣੇ ਬਾਰੇ ਦੱਸਦਿਆਂ ਘਰ ਆਉਣ ਦਾ ਸੱਦਾ ਦਿੱਤਾ। ਚਾਂਦਨੀ ਨੇ ਇਹ ਸੱਦਾ ਠੁਕਰਾਉਂਦਿਆਂ ਕਿਹਾ, 'ਮੈਂ ਨਹੀਂ ਚਾਹੁੰਦੀ ਕਿ ਕੁਨਾਲ ਦੀ ਜ਼ਿੰਦਗੀ 'ਚ ਕੋਈ ਹੋਰ ਦੁੱਖ ਆਉਣ। ਮੈਂ ਉਸ ਨੂੰ ਅੱਜ ਵੀ ਬੇਹੱਦ ਮੁਹੱਬਤ ਕਰਦੀ ਹਾਂ ਤੇ ਤੈਨੂੰ ਇਹੋ ਬੇਨਤੀ ਕਰਦੀ ਹਾਂ ਕਿ ਕੁਨਾਲ ਨੂੰ ਇੰਨਾਂ ਪਿਆਰ ਦੇਵੀਂ ਕਿ ਉਹ ਮੈਨੂੰ ਭੁੱਲ ਜਾਵੇ'। ਤਮੰਨਾ ਦੀ ਜ਼ਿੱਦ ਅੱਗੇ ਚਾਂਦਨੀ ਦੀ ਇਕ ਨਾ ਚੱਲੀ। ਤਮੰਨਾ ਨੇ ਆਪਣੇ ਆਪ ਨੂੰ ਉਸ ਦੀ ਭੈਣ ਦੱਸਦਿਆਂ ਸਿਰਫ਼ ਇਕ ਵਾਰ ਹੀ ਆਉਣ ਦਾ ਵਾਸਤਾ ਪਾਇਆ। ਆਖਰ ਚਾਂਦਨੀ ਆਉਣ ਲਈ ਮੰਨ ਗਈ।

ਤਹਿ ਮਿੱਤੀ ਨੂੰ ਮਿੱਥੇ ਸਮੇਂ 'ਤੇ ਚਾਂਦਨੀ ਉਨ੍ਹਾਂ ਦੇ ਘਰ ਪਹੁੰਚ ਗਈ। ਚਾਂਦਨੀ ਨੂੰ ਆਪਣੇ ਸਾਹਮਣੇ ਵੇਖ ਕੇ ਕੁਨਾਲ ਤੇ ਪਦਮਨੀ ਠਠੰਬਰ ਗਏ। ਤਮੰਨਾ ਨੇ ਅੱਗੇ ਹੋ ਕੇ ਚਾਂਦਨੀ ਦਾ ਹੱਥ ਫੜ ਕੇ ਪਦਮਨੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜੋ ਫੋਨ ਮੈਂ ਕੀਤਾ ਸੀ ਤੇ ਜੋ ਕੁਝ ਵੀ ਕਿਹਾ ਸੀ, ਉਹ ਇਨ੍ਹਾਂ ਦੇ ਕਹਿਣ 'ਤੇ ਕਿਹਾ ਸੀ, ਜਿਸ ਨੇ ਤੁਹਾਡੀ ਮੁਹੱਬਤ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਇਹ ਇਸ ਲਈ ਕਿ ਇਹ ਨਹੀਂ ਸੀ ਚਾਹੁੰਦੀ ਕਿ ਤੁਹਾਡਾ ਵਿਆਹ ਹੋਵੇ ਕਿਉਂਕਿ ਤੂੰ ਗ਼ਰੀਬ ਸੀ। ਇਨ੍ਹਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਇੱਛਾਵਾਂ ਗ਼ਰੀਬ ਦੀ ਝੌਂਪੜੀ ਵਿਚ ਰਹਿਣ ਵਾਲਿਆਂ ਦੀਆਂ ਵੀ ਉਸੇ ਤਰ੍ਹਾਂ ਦੀਆਂ ਹੁੰਦੀਆਂ ਨੇ ਜਿਸ ਤਰ੍ਹਾਂ ਦੀਆਂ ਮਹਿਲਾਂ ਵਾਲਿਆਂ ਦੀਆਂ। ਪੈਸੇ ਦੀ ਭੁੱਖ ਦੀ ਪੂਰਤੀ ਲਈ ਇਸ ਨੇ ਤੁਹਾਡੀ ਜ਼ਿੰਦਗੀ ਵੀ ਦਾਅ 'ਤੇ ਲਗਾ ਦਿੱਤੀ'।

ਚਾਂਦਨੀ ਦਾ ਹੱਥ ਫੜ ਕੇ ਕੁਨਾਲ ਦੇ ਹੱਥ ਫੜਾਉਂਦਿਆਂ ਚਾਂਦਨੀ ਨੂੰ ਤਮੰਨਾ ਨੇ ਕਿਹਾ, 'ਖ਼ੁਸ਼ੀ ਨਾਲ ਜ਼ਿੰਦਗੀ ਬਤੀਤ ਕਰੋ। ਮੈਂ ਤੇਰੀ ਭੈਣ ਹੋਣ ਦਾ ਫਰਜ਼ ਨਿਭਾਇਆ ਹੈ'। ਇਹ ਕਹਿੰਦਿਆਂ ਹੀ ਉਹ ਜਾਣ ਲਈ ਤਿਆਰ ਹੋਣ ਲੱਗੀ। ਕੁਨਾਲ ਨੇ ਆਪਣੀ ਮਾਂ ਨੂੰ ਸਿਰਫ਼ ਇੰਨਾਂ ਹੀ ਕਿਹਾ ਕਿ 'ਮੈਂ ਤਾਂ ਸੁਣਿਆ ਸੀ ਕਿ ਮਾਵਾਂ ਆਪਣੇ ਬੱਚਿਆਂ ਦੀ ਖ਼ੁਸ਼ੀ ਲਈ ਆਪਣੇ ਆਪ ਨੂੰ ਵੀ ਕੁਰਬਾਨ ਕਰ ਦਿੰਦੀਆਂ ਨੇ ਪਰ ਤੂੰ ਤਾਂ ਆਪਣੀ ਖ਼ੁਸ਼ੀ ਨੂੰ ਪੂਰਿਆਂ ਕਰਨ ਲਈ ਮੇਰੀ ਮੁਹੱਬਤ ਨੂੰ ਹੀ ਕੁਰਬਾਨ ਕਰ ਦਿੱਤਾ ਹੈ। ਇਹ ਕਹਿੰਦਿਆਂ ਹੀ ਕੁਨਾਲ ਚਾਂਦਨੀ ਨੂੰ ਲੈ ਕੇ ਬਾਹਰ ਨਿਕਲਣ ਲੱਗਾ ਕਿ ਪਦਮਨੀ ਉਨ੍ਹਾਂ ਨੂੰ ਰੋਕਣ ਦੀ ਇਸ ਤਰ੍ਹਾਂ ਕੋਸ਼ਿਸ਼ ਕਰ ਰਹੀ ਸੀ ਜਿਵੇਂ ਮਾਂ ਹੋਣ ਦੇ ਫਰਜ਼ ਦੀ ਹੋਈ ਕੁਤਾਹੀ ਕਾਰਨ ਉਸ ਨੂੰ ਪਛਤਾਵਾ ਲੱਗ ਰਿਹਾ ਹੋਵੇ। •

# 10 ਸੂਬਿਆਂ ਦੀਆਂ 37 ਸੀਟਾਂ ਲਈ 16 ਮਾਰਚ ਨੂੰ ਪੈਣਗੀਆਂ ਵੋਟਾਂ

## ਹਰਿਆਣਾ ਦੀਆਂ 2 ਅਤੇ ਹਿਮਾਚਲ ਦੀ 1 ਸੀਟ ਲਈ ਵੀ ਹੋਵੇਗੀ ਚੋਣ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣ ਕਮਿਸ਼ਨ ਨੇ ਬੁੱਧਵਾਰ ਨੂੰ ਵੱਡਾ ਐਲਾਨ ਕਰਦਿਆਂ ਦੱਸਿਆ ਕਿ ਦੇਸ਼ ਦੇ 10 ਸੂਬਿਆਂ ਵਿੱਚ ਰਾਜ ਸਭਾ ਦੀਆਂ 37 ਸੀਟਾਂ ਲਈ ਦੋ-ਸਾਲਾ ਚੋਣਾਂ 16 ਮਾਰਚ ਨੂੰ ਕਰਵਾਈਆਂ ਜਾਣਗੀਆਂ। ਇਹ ਸੀਟਾਂ ਅਪਰੈਲ ਮਹੀਨੇ ਵਿੱਚ ਵੱਖ-ਵੱਖ ਤਰੀਕਾਂ ਨੂੰ ਖਾਲੀ ਹੋ ਰਹੀਆਂ ਹਨ।ਇਨ੍ਹਾਂ ਚੋਣਾਂ ਵਿੱਚ ਉੱਤਰੀ ਭਾਰਤ ਦੇ ਦੋ ਅਹਿਮ ਸੂਬਿਆਂ ਹਰਿਆਣਾ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀ ਇੱਕ ਸੀਟ ’ਤੇ ਵੀ ਵੋਟਿੰਗ ਹੋਵੇਗੀ, ਜਿਸ ਕਾਰਨ ਸਿਆਸੀ ਹਲਚਲ ਤੇਜ਼ ਹੋ ਗਈ ਹੈ।

ਇਨ੍ਹਾਂ ਚੋਣਾਂ ਦੇ ਘੇਰੇ ਵਿੱਚ ਆਉਣ ਵਾਲੇ ਪ੍ਰਮੁੱਖ ਸੂਬਿਆਂ ਵਿੱਚ ਮਹਾਰਾਸ਼ਟਰ, ਉੜੀਸਾ, ਤੇਲੰਗਾਨਾ, ਤਾਮਿਲਨਾਡੂ, ਛੱਤੀਸਗੜ੍ਹ, ਪੱਛਮੀ ਬੰਗਾਲ, ਅਸਾਮ ਅਤੇ ਬਿਹਾਰ ਸ਼ਾਮਲ ਹਨ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਇਨ੍ਹਾਂ ਸਾਰੇ ਸੂਬਿਆਂ ਵਿੱਚ ਖਾਲੀ ਹੋ ਰਹੀਆਂ ਸੀਟਾਂ ਲਈ ਸਿਆਸੀ ਪਾਰਟੀਆਂ ਨੇ ਆਪਣੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ।

# ਜਨਤਕ ਦਸਤਖ਼ਤ ਪਟੀਸ਼ਨ ਲਈ ਪੰਜਾਬ ਭਰ ਲਈ ਆਬਜ਼ਰਵਰ ਨਿਯੁਕਤ : ਅਜੇਪਾਲ ਸਿੰਘ ਬਰਾੜ



**ਮੁਹਾਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਹੱਕੀ ਮੰਗਾਂ ਨੂੰ ਲੈਕੇ ਮਿਸਲ ਸਤਲੁਜ ਵੱਲੋਂ ਸ਼ੁਰੂ ਕੀਤੀ ਪੂਰਾ ਪੰਜਾਬ ਲਹਿਰ ਦੇ ਦੂਜੇ ਦਿਨ ਨੂੰ ਵੀ ਪੰਜਾਬ ਪ੍ਰਸਤ ਲੋਕਾਂ ਦਾ ਵੱਡਾ ਹੁੰਗਾਰਾ ਮਿਲਿਆ। ਗੁਰਦੁਆਰਾ ਅੰਬ ਸਾਹਿਬ (ਮੁਹਾਲੀ) ਨੇੜੇ ਜਾਰੀ ਮੰਚ ਤੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ, ਅੱਜ ਪੰਜਾਬ ਨੂੰ ਆਪਣੀਆਂ ਮੰਗਾਂ ਮੰਗਾਂ, ਅਧਿਕਾਰਾਂ ਦੀ ਪ੍ਰਾਪਤੀ ਅਤੇ ਹਿੱਤਾਂ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ ਪੰਜਾਬ ਇਕਜੁੱਟਤਾ ਦਾ ਸਬੂਤ ਪੇਸ਼ ਕਰੇ। ਪੂਰਾ ਪੰਜਾਬ ਲਹਿਰ ਹੇਠ ਪੰਜਾਬ ਨੂੰ ਇਕਜੁੱਟ ਕਰਨ ਲਈ ਮਿਸਲ ਸਤਲੁਜ ਦੀ ਪਹਿਲ ਕਦਮੀ ਦਾ ਸਵਾਗਤ ਕਰਦੇ ਹੋਏ ਬੁਲਾਰਿਆਂ ਨੇ ਕਿਹਾ, ਜਿਸ ਸੁਹਿਰਦਤਾ ਨਾਲ ਪੰਜਾਬ ਦੀਆਂ ਮੰਗਾਂ ਲਈ ਸਾਂਝਾ ਪਲੇਟਫਾਰਮ ਤਿਆਰ ਕੀਤਾ ਗਿਆ, ਓਹ ਕਾਬਿਲ ਏ ਤਾਰੀਫ਼ ਹੈ। ਬੁਲਾਰਿਆਂ ਨੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੂੰ ਇਸ ਕਦਮ ਲਈ ਵਧਾਈ ਦਿੰਦਿਆਂ ਕਿਹਾ ਕਿ, ਅੱਜ ਲੰਮੇ ਸਮੇਂ ਬਾਅਦ ਅਜਿਹੀ ਲਹਿਰ ਨੂੰ ਖੜਾ ਕਰਨਾ, ਨਾ ਸਿਰਫ ਸਮੇਂ ਦੀ ਲੋੜ ਸੀ, ਸਗੋਂ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਢੁੱਕਵਾਂ ਕਦਮ ਵੀ ਹੈ। ਇਸ ਦੇ ਨਾਲ ਬੁਲਾਰਿਆਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ, ਸਮੂਹ ਪੰਜਾਬੀ ਆਪਣੇ ਰਾਜਸੀ ਵਖਰੇਵਿਆਂ ਨੂੰ ਪਿੱਛੇ ਰੱਖ ਕੇ ਇਸ ਲਹਿਰ ਦਾ ਹਿੱਸਾ ਬਣਨ।

ਸਰਦਾਰ ਅਜੇਪਾਲ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ, ਬੇਸ਼ਕ ਅੱਜ ਪੂਰਾ ਪੰਜਾਬ ਲਹਿਰ ਦਾ ਦੂਜਾ ਦਿਨ ਹੈ ਪਰ ਜਨਤਕ ਦਸਤਖ਼ਤ ਪਟੀਸ਼ਨ ਦੀ ਮੰਗ ਨੂੰ ਲੈਕੇ ਪੰਜਾਬ ਭਰ ਤੋਂ ਸੁਨੇਹੇ ਮਿਲ ਰਹੇ ਹਨ। ਸਰਦਾਰ ਬਰਾੜ ਨੇ ਕਿਹਾ ਕਿ, ਜਨਤਕ ਦਸਤਖ਼ਤ ਪਟੀਸ਼ਨ ਨੂੰ ਘਰ ਘਰ ਤੱਕ ਲੈਕੇ ਜਾਣ ਲਈ ਅਤੇ ਹਰ ਜ਼ਿਲ੍ਹੇ ਤੋਂ ਪਟੀਸ਼ਨ ਦੀ ਪ੍ਰਾਪਤੀ ਲਈ ਵੱਖ ਵੱਖ ਜ਼ੋਨ ਹੇਠ ਡਿਊਟੀਆਂ ਲਗਾਈਆਂ ਗਈਆਂ ਹਨ। ਇਹਨਾਂ ਜ਼ੋਨ ਲਈ ਇੱਕ ਆਬਜ਼ਰਵਰ ਅਤੇ ਦੋ ਸਹਿ ਆਬਜ਼ਰਵਰ ਦੀ ਨਿਯੁਕਤੀ ਕੀਤੀ ਗਈ ਹੈ। ਪੰਜਾਬ ਭਰ ਤੋ ਕੋਈ ਵੀ ਬਾਸ਼ਿੰਦਾ ਹੁਣ ਆਬਜ਼ਰਵਰ ਨੂੰ ਇੱਕ ਫੋਨ ਕਾਲ ਤੇ ਪਟੀਸ਼ਨ ਦੀ ਕਾਪੀ ਪ੍ਰਾਪਤ ਕਰ ਸਕਦਾ ਹੈ ।

# ਸਿੱਧੂ ਮੂਸੇਵਾਲਾ ਦੇ ਕਾਤਲਾਂ ਨੂੰ ਢੇਰ ਕਰਨ ਵਾਲੇ ਬਿਕਰਮਜੀਤ ਬਰਾੜ ਬਣੇ ਐੱਸ.ਪੀ.

## ਡੀਜੀਪੀ ਗੌਰਵ ਯਾਦਵ ਨੇ ਰੈਂਕ ਲਗਾਉਣ ਦੀ ਨਿਭਾਈ ਰਸਮ



**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸ਼ੂਟਰਾਂ ਵਿਰੁੱਧ ਅਪਰੇਸ਼ਨ ਦੀ ਅਗਵਾਈ ਕਰਨ ਵਾਲੇ ਬਿਕਰਮਜੀਤ ਸਿੰਘ ਬਰਾੜ ਨੂੰ ਐੱਸ.ਪੀ. ਵਜੋਂ ਪਦਉਨਤ ਕੀਤਾ ਗਿਆ ਹੈ। ਐਂਟੀ-ਗੈਂਗਸਟਰ ਅਪਰੇਸ਼ਨ ਮਾਹਿਰ ਬਿਕਰਮਜੀਤ ਸਿੰਘ ਬਰਾੜ ਨੂੰ ਸੁਪਰਡੈਂਟ ਆਫ਼ ਪੁਲੀਸ ਵਜੋਂ ਰੈਂਕ ਲਗਾਉਣ ਦੀ ਰਸਮ ਸੈਕਟਰ 9 ਸਥਿਤ ਪੰਜਾਬ ਪੁਲੀਸ ਹੈੱਡਕੁਆਰਟਰ ਵਿੱਚ ਹੋਈ।

ਇਹ ਰੈਂਕ ਰਸਮੀ ਤੌਰ @ਤੇ ਗੌਰਵ ਯਾਦਵ, ਆਈ.ਪੀ.ਐੱਸ., ਡਾਇਰੈਕਟਰ ਜਨਰਲ ਆਫ਼ ਪੁਲੀਸ, ਪੰਜਾਬ ਵੱਲੋਂ ਪ੍ਰਮੋਦ ਭਾਨ, ਆਈ.ਪੀ.ਐੱਸ., ਏ.ਡੀ.ਜੀ.ਪੀ., ਐਂਟੀ-ਗੈਂਗਸਟਰ ਟਾਸਕ ਫੋਰਸ (17“6) ਅਤੇ ਗੁਰਮੀਤ ਚੌਹਾਨ, ਆਈ.ਪੀ.ਐੱਸ., ਡੀ.ਆਈ.ਜੀ., 17“6 ਦੀ ਮੌਜੂਦਗੀ ਵਿੱਚ ਲਗਾਇਆ ਗਿਆ।

ਬਿਕਰਮਜੀਤ ਸਿੰਘ ਬਰਾੜ ਇੱਕ ਮੰਨੇ-ਪ੍ਰਮੰਨੇ ਐਂਟੀ-ਗੈਂਗਸਟਰ ਮਾਹਿਰ ਹਨ ਜਿਨ੍ਹਾਂ ਨੇ ਪਹਿਲਾਂ ਉਸ ਅਪਰੇਸ਼ਨ ਦੀ ਅਗਵਾਈ ਕੀਤੀ ਸੀ ਜਿਸ ਦੇ ਨਤੀਜੇ ਵਜੋਂ 2022 ਵਿੱਚ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਦੋ ਸ਼ੂਟਰਾਂ, ਜਗਰੂਪ ਸਿੰਘ ਉਰਫ਼ ਰੂਪਾ ਅਤੇ ਮਨਪ੍ਰੀਤ ਸਿੰਘ ਉਰਫ਼ ਮੰਨੂ ਕੁੱਸਾ ਨੂੰ ਢੇਰ ਕਰ ਦਿੱਤਾ ਗਿਆ ਸੀ।

ਬਰਾੜ ਰਾਸ਼ਟਰਪਤੀ ਪੁਲੀਸ ਮੈਡਲ ਫਾਰ ਗੈਲੈਂਟਰੀ ਦੇ ਪੰਜ ਵਾਰ ਹਾਸਲ ਕਰ ਚੁੱਕੇ ਹਨ। ਇਨ੍ਹਾਂ ਵੱਲੋਂ ਪੰਜਾਬ ਵਿੱਚ ਸੰਗਠਿਤ ਅਪਰਾਧਾਂ ਦੇ ਵਿਰੁੱਧ ਕਈ ਹਾਈ-ਪ੍ਰੋਫਾਈਲ ਮੁਕਾਬਲਿਆਂ ਅਤੇ ਅਪਰੇਸ਼ਨ ਵਿੱਚ ਮਹੱਤਵਪੂਰਨ ਕਾਰਵਾਈ ਕੀਤੀ ਗਈ ਹੈ।

ਇਸ ਸਮਾਗਮ ਵਿੱਚ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਅਤੇ ਇਹ ਗੈਂਗਸਟਰਵਾਦ ਦਾ ਮੁਕਾਬਲਾ ਕਰਨ ਅਤੇ ਅਮਨ-ਕਾਨੂੰਨ ਨੂੰ ਯਕੀਨੀ ਬਣਾਉਣ ਵਿੱਚ ਮਿਸਾਲੀ ਸੇਵਾ ਨੂੰ ਦਰਸਾਉਂਦਾ ਹੈ।

# AI Summit ’ਚ ਚੀਨੀ ਉਤਪਾਦਾਂ ਦਾ ਪ੍ਰਦਰਸ਼ਨ ਦੇਸ਼ ਦੇ ਅਕਸ ਨੂੰ ਢਾਹ: ਰਾਹੁਲ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਏਆਈ (19) ਸਮਿਟ ਨੂੰ ਇੱਕ ÷ਗੈਰ-ਸੰਗਠਿਤ ਪੀਆਰ ਤਮਾਸ਼ਾ÷ ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਉੱਥੇ ਚੀਨੀ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਗਾਂਧੀ ਨੇ ਐਕਸ (X) ’ਤੇ ਇੱਕ ਪੋਸਟ ਵਿੱਚ ਕਿਹਾ, ਭਾਰਤ ਦੀ ਪ੍ਰਤਿਭਾ ਅਤੇ ਡੇਟਾ ਦਾ ਲਾਭ ਉਠਾਉਣ ਦੀ ਬਜਾਏ,ਏਆਈ ਸਮਿਟ ਇੱਕ ਗੈਰ-ਸੰਗਠਿਤ ਪੀਆਰ ਤਮਾਸ਼ਾ ਹੈ - ਭਾਰਤੀ ਡੇਟਾ ਵਿਕਾਊ ਹੈ ਅਤੇ ਚੀਨੀ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।



ਸਾਬਕਾ ਕਾਂਗਰਸ ਪ੍ਰਧਾਨ ਦੀਆਂ ਇਹ ਟਿੱਪਣੀਆਂ ਗਲਗੋਟੀਆਸ ਯੂਨੀਵਰਸਿਟੀ ਵੱਲੋਂ ਕਥਿਤ ਤੌਰ ’ਤੇ ਏਆਈ ਸਮਿਟ ਐਕਸਪੋ ਵਿੱਚ ÷ਓਰੀਅਨ÷ (Orion) ਲੇਬਲ ਵਾਲਾ ਇੱਕ ਰੋਬੋਟਿਕ ਕੁੱਤਾ ਪ੍ਰਦਰਸ਼ਿਤ ਕਰਨ ਦੇ ਵਿਵਾਦ ਦਰਮਿਆਨ ਆਈਆਂ ਹਨ,ਜਿਸ ਬਾਰੇ ਆਲੋਚਕਾਂ ਨੇ ਕਿਹਾ ਕਿ ਇਹ ਅਸਲ ਵਿੱਚ ਚੀਨ ਵੱਲੋਂ ਬਣਾਇਆ ਗਿਆ ÓUnitree GoBÓ ਸੀ ਨਾ ਕਿ ਕੋਈ ਅੰਦਰੂਨੀ ਕਾਢ।

ਸੂਤਰਾਂ ਅਨੁਸਾਰ ਗਲਗੋਟੀਆਸ ਯੂਨੀਵਰਸਿਟੀ ਨੂੰ ਏਆਈ ਸਮਿਟ ਐਕਸਪੋ ਵਿੱਚ ਆਪਣਾ ਸਟਾਲ ਤੁਰੰਤ ਖਾਲੀ ਕਰਨ ਲਈ ਕਿਹਾ ਗਿਆ ਹੈ। ਗਾਂਧੀ ਨੇ ਕਾਂਗਰਸ ਦੀ ਇੱਕ ਪੋਸਟ ਨੂੰ ਵੀ ਟੈਗ ਕੀਤਾ ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ÷ਮੋਦੀ ਸਰਕਾਰ ਨੇ ਏਆਈ ਦੇ ਸਬੰਧ ਵਿੱਚ ਵਿਸ਼ਵ ਪੱਧਰ ’ਤੇ ਭਾਰਤ ਦਾ ਮਜ਼ਾਕ ਉਡਾਇਆ ਹੈ।

ਉਨ੍ਹਾਂ ਦੋਸ਼ ਲਾਇਆ ਕਿ ਚੱਲ ਰਹੀ ਏਆਈ ਸਮਿਟ ਵਿੱਚ ਚੀਨੀ ਰੋਬੋਟਾਂ ਨੂੰ ਸਾਡੇ ਆਪਣੇ ਦੱਸ ਕੇ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ।

# ਜੀਡੀ ਫੂਡਸ ਟੌਪਸ ਨੇ ਕਰੀਨਾ ਕਪੂਰ ਦੇ ਨਾਲ ‘ਫੂਡੀਜ਼ ਕਾ ਚੋਇਸ’ ਦੇ ਹੇਠਾਂ ਲਾਂਚ ਕੀਤਾ ਗਿਆ ‘ਟੈਸਟ ਫਸਟ ਕਮਾਂਡ’

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀ.ਡੀ. ਫੂਡਜ਼ ਮੈਨੂਫੈਕਚਰਿੰਗ (ਆਈ) ਪ੍ਰਾਈਵੇਟ ਲਿਮਟਿਡ, ਜੋ ਆਪਣੇ ਬ੍ਰਾਂਡ ਨਾਮ TOPS ਦੇ ਤਹਿਤ ਸਾਸ, ਅਚਾਰ ਅਤੇ ਹੋਰ ਭੋਜਨ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਦੀ ਮਾਰਕੀਟਿੰਗ ਕਰਦੀ ਹੈ, ਅਤੇ ਭਾਰਤ ਦੀਆਂ ਪ੍ਰਮੁੱਖ ਫੂਡ ਐਫਐਮਸੀਜੀ ਕੰਪਨੀਆਂ ਵਿੱਚੋਂ ਇੱਕ, AWL ਐਗਰੀ ਬਿਜ਼ਨਸ ਲਿਮਟਿਡ ਦੁਆਰਾ ਸਮਰਥਤ ਹੈ, ਨੇ ਅੱਜ ਆਪਣੀ ਨਵੀਂ ਬ੍ਰਾਂਡ ਮੁਹਿੰਮ, ÷ਫੂਡੀਜ਼ ਚੁਆਇਸ÷ ਦੇ ਹਿੱਸੇ ਵਜੋਂ TOPS ਦੇ ਨਵੀਨਤਮ ਟੈਲੀਵਿਜ਼ਨ ਇਸ਼ਤਿਹਾਰ (ਟੀਵੀਸੀ) ਦੀ ਸ਼ੁਰੂਆਤ ਦਾ ਐਲਾਨ ਕੀਤਾ। ਫਿਲਮ ਵਿੱਚ ਬ੍ਰਾਂਡ ਅੰਬੈਸਡਰ ਕਰੀਨਾ ਕਪੂਰ ਖਾਨ ਹੈ। ਇਹ ਫਿਲਮ ਰੋਜ਼ਾਨਾ ਦੇ ਖਾਣੇ ਦੇ ਸ਼ੌਕੀਨ ਪਲਾਂ ਨੂੰ ਸਪਸ਼ਟ ਤੌਰ ’ਤੇ ਕੈਪਚਰ ਕਰਦੀ ਹੈ ਅਤੇ ਆਧੁਨਿਕ ਪਰਿਵਾਰਾਂ ਅਤੇ ਨੌਜਵਾਨਾਂ ਵਿੱਚ ਬ੍ਰਾਂਡ ਦੀ ਅਪੀਲ ਨੂੰ ਹੋਰ ਮਜ਼ਬੂਤ ਕਰਦੀ ਹੈ। ਇਹ ਨਵੀਂ ਪਹਿਲ TOPS ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੀ ਨਿਸ਼ਾਨਦੇਹੀ ਕਰਦੀ ਹੈ, ਜੋ ਸਵਾਦ-ਪਹਿਲਾਂ ਦੀ ਇਸਦੀ ਆਧੁਨਿਕ ਪਛਾਣ ਨੂੰ ਹੋਰ ਮਜ਼ਬੂਤ ਕਰਦੀ ਹੈ, ਭਾਵ, ਸੁਆਦ ਨੂੰ ਪਹਿਲ ਦਿੰਦੀ ਹੈ। ਇਹ ਮੁਹਿੰਮ ਆਧੁਨਿਕ ਭਾਰਤੀ ਘਰਾਂ ਨੂੰ ਸਭ ਤੋਂ ਵਧੀਆ ਅਤੇ ਸਮਝੌਤਾ ਰਹਿਤ ਸੁਆਦ ਦਾ ਵਾਅਦਾ ਕਰਦੀ ਹੈ। ਇਹ ਮੁਹਿੰਮ ਇਸ ਸਮਝ ’ਤੇ ਸਥਾਪਿਤ ਹੈ ਕਿ ਸੱਚੇ ਭੋਜਨ ਪ੍ਰੇਮੀ ਕਦੇ ਵੀ ਸੁਆਦ ਨਾਲ ਸਮਝੌਤਾ ਨਹੀਂ ਕਰਦੇ। ਇਹ ਮੁਹਿੰਮ ਭਾਰਤ ਦੇ ਵਧ ਰਹੇ ਭੋਜਨ ਉਤਸ਼ਾਹੀ ਭਾਈਚਾਰੇ - ਘਰੇਲੂ ਰਸੋਈਏ, ਸਨੈਕ ਪ੍ਰੇਮੀ ਅਤੇ ਪ੍ਰਯੋਗਕਰਤਾ - ਦਾ ਜਸ਼ਨ ਮਨਾਉਂਦੀ ਹੈ ਜੋ ਪ੍ਰਮਾਣਿਕਤਾ, ਵਿਭਿੰਨਤਾ ਅਤੇ ਡੂੰਘੇ ਸੁਆਦ ਦੇ ਅਨੁਭਵਾਂ ਨੂੰ ਤਰਜੀਹ ਦਿੰਦੇ ਹਨ। ’ਫੂਡੀਜ਼ ਚੁਆਇਸ’ ਵੱਖ-ਵੱਖ ਖਾਣਾ ਪਕਾਉਣ ਅਤੇ ਸਨੈਕਿੰਗ ਦੇ ਮੌਕਿਆਂ ਲਈ ਟੌਪਸ ਨੂੰ ਪਸੰਦੀਦਾ ਸਾਥੀ ਵਜੋਂ ਰੱਖਦਾ ਹੈ ਅਤੇ ਰੋਜ਼ਾਨਾ ਦੇ ਖਾਣੇ ਦੇ ਸਮੇਂ ਵਿੱਚ ਇਸਦੀ ਸਾਰਥਕਤਾ ਨੂੰ ਮਜ਼ਬੂਤ ਕਰਦਾ ਹੈ।

# ਆਰ.ਟੀ.ਆਈ. ਕਮਿਸ਼ਨ ਵੱਲੋਂ ਪੀ.ਆਈ.ਓ.-ਕਮ-ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਅਬੋਹਰ ਖਿਲਾਫ਼ ਵਾਰੰਟ ਜਾਰੀ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਬਲਾਕ ਅਬੋਹਰ ਜ਼ਿਲ੍ਹਾ ਫ਼ਾਜ਼ਿਲਕਾ ਖਿਲਾਫ਼ ਵਾਰੰਟ ਜਾਰੀ ਕੀਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਕਮਿਸ਼ਨਰ ਹਰਪ੍ਰੀਤ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਕਮ ਸਿੰਘ ਸਪੁੱਤਰ ਅਮਰ ਸਿੰਘ ਵਾਸੀ ਪਿੰਡ ਰਾਮਗੜ੍ਹ ਤਹਿਸੀਲ ਅਬੋਹਰ ਵੱਲੋਂ ਦਾਇਰ ਕੇਸ ਨੰ. 6508 ਆਫ 2023 ਵਿੱਚ ਅੰਤਰਪ੍ਰੀਤ ਸਿੰਘ ਦੇ ਪੀ.ਆਈ.ਓ. ਕਮ- ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਅਬੋਹਰ ਜ਼ਿਲ੍ਹਾ ਫ਼ਾਜ਼ਿਲਕਾ 19 ਮਾਰਚ, 2026 ਨੂੰ ਕਮਿਸ਼ਨ ਵਿਖੇ ਪੇਸ਼ ਹੋਣ ਦੇ ਵਾਰੰਟ ਜਾਰੀ ਕੀਤੇ ਹਨ।

ਹਰਪ੍ਰੀਤ ਸਿੰਘ ਸੰਧੂ ਨੇ ਦੱਸਿਆ ਕਿ ਅੰਤਰਪ੍ਰੀਤ ਸਿੰਘ ਹੁਣ ਤੱਕ ਹੋਇਆਂ 5 ਸੁਣਵਾਈਆਂ ਮੌਕੇ ਕਮਿਸ਼ਨ ਦੀਆਂ ਹਦਾਇਤਾਂ ਦੇ ਬਾਵਜੂਦ ਗੈਰ ਹਾਜ਼ਰ ਰਿਹਾ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਅੰਤਰਪ੍ਰੀਤ ਸਿੰਘ ਦੀ ਤਨਖ਼ਾਹ ਵੀ ਅਟੈਚ ਕਰਨ ਸਬੰਧੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਇਸ ਮਾਮਲੇ ਵਿੱਚ ਕਮਿਸ਼ਨ ਵੱਲੋਂ ਆਰ.ਟੀ.ਐਕਟ 2005 ਦੀ ਧਾਰਾ 18 (3) (ਏ) ਅਧੀਨ ਐਸ.ਐਸ.ਪੀ. ਫ਼ਾਜ਼ਿਲਕਾ ਨੂੰ ਹੁਕਮ ਜਾਰੀ ਕੀਤਾ ਗਿਆ ਹੈ ਕਿ ਉਹ ਅੰਤਰਪ੍ਰੀਤ ਸਿੰਘ ਦੇ ਪੀ.ਆਈ.ਓ. ਕਮ-ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਅਬੋਹਰ ਨੂੰ ਇਨ੍ਹਾਂ ਵਾਰੰਟ ਦੀ ਕਾਪੀ ਤਾਮੀਲ ਕਰਵਾਉਣ ਅਤੇ ਕੇਸ ਦੀ ਅਗਲੀ ਤਾਰੀਕ 19 ਮਾਰਚ, 2026 ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਦੀ ਹਦਾਇਤ ਜਾਰੀ ਕਰਨ।

# ਜਲੰਧਰ ਪੁਲਿਸ ਤੇ ਕੌਸ਼ਲ ਚੌਧਰੀ ਗੈਂਗ ਵਿਚਾਲੇ ਮੁਕਾਬਲਾ



**ਜਲੰਧਰ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦੇ ਸਦਰ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਫੋਲੜੀਵਾਲ ਖੇਤਰ ਵਿਚ ਜਲੰਧਰ ਕਮਿਸ਼ਨਰੇਟ ਪੁਲਿਸ ਅਤੇ ਕੌਸ਼ਲ ਚੌਧਰੀ ਗੈਂਗ ਦੇ ਮੈਂਬਰਾਂ ਵਿਚਕਾਰ ਮੁਕਾਬਲਾ ਹੋਇਆ। ਦੋਵਾਂ ਧਿਰਾਂ ਵਿਚਕਾਰ ਕਈ ਦੌਰ ਦੀ ਗੋਲੀਬਾਰੀ ਹੋਈ। ਜ਼ਖਮੀ ਦੋਸ਼ੀ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਭੇਜਿਆ ਗਿਆ ਹੈ। ਜਲੰਧਰ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਦੋਸ਼ੀ ਕੌਸ਼ਲ ਚੌਧਰੀ ਗੈਂਗ ਨਾਲ ਜੁੜਿਆ ਹੋਇਆ ਹੈ, ਨਾਲ ਹੀ ਕਿਹਾ ਕਿ ਉਹ ਹੋਰ ਗੈਂਗਾਂ ਨਾਲ ਜੁੜਿਆ ਹੋ ਸਕਦਾ ਹੈ, ਜਿਸ ਦੀ ਜਾਂਚ ਕੀਤੀ ਜਾਵੇਗੀ।

ਜ਼ਖਮੀ ਸ਼ੂਟਰ ਦੀ ਪਛਾਣ ਆਕਾਸ਼ ਵਜੋਂ ਹੋਈ ਹੈ। ਆਕਾਸ਼ ਕੁਝ ਦਿਨ ਪਹਿਲਾਂ ਮੋਹਾਲੀ ਵਿਚ ਇਕ ਜਿੰਮ ਮਾਲਕ ਦੇ ਕਤਲ ਵਿਚ ਲੋੜੀਂਦਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਨੇ ਮੋਹਾਲੀ ਅਤੇ ਜਗਰਾਉਂ ਵਿਚ ਗੋਲੀਆਂ ਚਲਾਈਆਂ ਸਨ। ਇਕ ਸੂਚਨਾ ’ਤੇ ਕਾਰਵਾਈ ਕਰਦਿਆਂ ਪੁਲਿਸ ਨੇ ਫੋਲੜੀਵਾਲ ਖੇਤਰ ਵਿਚ ਮੁਲਜ਼ਮ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਜਿਥੇ ਉਸਨੇ ਪੁਲਿਸ ’ਤੇ ਗੋਲੀਬਾਰੀ ਕੀਤੀ ਸੀ। ਜਿਸ ਤੋਂ ਬਾਅਦ ਪੁਲਿਸ ਵਲੋਂ ਕੀਤੀ ਗਈ ਜਵਾਬੀ ਗੋਲੀਬਾਰੀ ਵਿਚ ਦੋਸ਼ੀ ਜ਼ਖਮੀ ਹੋ ਗਿਆ।

# ਬੀਐਸਐਫ ਕਾਂਸਟੇਬਲ ਨੂੰ 15 ਸਾਲ ਦੀ ਸਖ਼ਤ ਕੈਦ ਅਤੇ 4 ਲੱਖ ਰੁਪਏ ਦੇ ਜੁਰਮਾਨਾ

**ਫਾਜ਼ਿਲਕਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਅਜੀਤ ਪਾਲ ਸਿੰਘ ਜੱਜ ਵਿਸ਼ੇਸ਼ ਅਦਾਲਤ ਦੀ ਅਦਾਲਤ ਨੇ ਪਾਕਿਸਤਾਨ ਤੋਂ ਨਸ਼ਾ ਤਸਕਰੀ ਦੇ ਦੋਸ਼ੀ ਬੀਐਸਐਫ ਦੇ ਕਾਂਸਟੇਬਲ ਨੂੰ 15 ਸਾਲਾਂ ਦੀ ਸਖ਼ਤ ਕੈਦ ਅਤੇ 4 ਲੱਖ ਰੁਪਏ ਦੇ ਜੁਰਮਾਨੇ ਦੀ ਸਜਾ ਸੁਣਾਈ ਹੈ।

ਜਾਣਕਾਰੀ ਅਨੁਸਾਰ 21.6.222 ਨੂੰ ਅਪਰਾਧ ਨੰਬਰ 44 ਵਾਲੇ ਮਾਮਲੇ ਵਿੱਚ ਐਨਡੀਪੀਐਸ ਐਕਟ ਤਹਿਤ ਪੁਲਿਸ ਸਟੇਸ਼ਨ ਐਨਸੀਬੀ ਚੰਡੀਗੜ੍ਹ ਵਿਖੇ ਧਾਰਾ 8, 21, 23 ਦੇ ਤਹਿਤ ਬੀਐਸਐਫ ਦੇ ਸਾਬਕਾ ਕਾਂਸਟੇਬਲ ਅਰਵਿੰਦ ਸਰੋਏ ਖਿਲਾਫ ਪਰਚਾ ਦਰਜ ਕੀਤਾ ਗਿਆ ਸੀ ਜਿਸ ਵਿਚ ਸੁਣਵਾਈ ਤੋਂ ਬਾਅਦ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਅਤੇ 15 ਸਾਲ ਦੀ ਸਖ਼ਤ ਕੈਦ ਅਤੇ 4,00,000/- ਰੁਪਏ ਦਾ ਜੁਰਮਾਨਾ ਅਦਾ ਕਰਨ ਦੀ ਸਜ਼ਾ ਸੁਣਾਈ । ਜੁਰਮਾਨੇ ਦੀ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ 2 ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ।

ਦੱਸਣਯੋਗ ਹੈ ਕਿ 21.06.2022 ਨੂੰ ਬਾਰਡਰ ਪੋਸਟ ਜੋਧਾਵਾਲਾ ਦੇ ਖੇਤਰ ਵਿੱਚ, ਦੋਸ਼ੀ ਨੂੰ ਪਾਕਿਸਤਾਨ ਤੋਂ ਆਯਾਤ ਕੀਤੀ ਗਈ ਲਗਭਗ 4.235 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਉਸ ’ਤੇ ਐਨਡੀਪੀਐਸ ਐਕਟ ਦੀ ਧਾਰਾ 21(ਸੀ), 23(ਸੀ) ਅਤੇ 8 ਤਹਿਤ ਦੋਸ਼ ਲਗਾਇਆ ਗਿਆ ਸੀ। ਨਾਰਕੋਟਿਕ ਕੰਟਰੋਲ ਬਿਊਰੋ ਦੁਆਰਾ ਮਾਮਲੇ ਦੀ ਪੂਰੀ ਜਾਂਚ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਦੋਸ਼ੀ ਬੀਐਸਐਫ ਅਧਿਕਾਰੀ ਹੋਣ ਦੇ ਨਾਤੇ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਤਾ ਲਗਾਉਣ ਅਤੇ ਰੋਕਣ ਲਈ ਪਾਬੰਦ ਸੀ ਪਰ, ਉਸਨੇ ਘਿਨਾਉਣਾ ਅਪਰਾਧ ਕੀਤਾ ਜਦੋਂ ਉਹ ਖੁਦ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਵਿੱਚ ਖੁਦ ਸ਼ਾਮਲ ਹੋ ਗਿਆ ਅਤੇ ਇਸ ਲਈ, ਉਹ ਮਿਸਾਲੀ ਸਜ਼ਾ ਦਾ ਹੱਕਦਾਰ ਸੀ।

# ਬਲੋਚਿਸਤਾਨ ’ਚ ਸੁਰੱਖਿਆ ਬਲਾਂ ਦੀ ਵੱਡੀ ਕਾਰਵਾਈ: ਅੱਠ ਅਤਿਵਾਦੀ ਹਲਾਕ

**ਕਰਾਚੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਵਿੱਚ ਸੁਰੱਖਿਆ ਬਲਾਂ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਬੁੱਧਵਾਰ ਨੂੰ ਕੋਇਟਾ ਦੇ ਬਾਹਰਵਾਰ ਅੱਠ ਸ਼ੱਕੀ ਅਤਿਵਾਦੀਆਂ ਨੂੰ ਮਾਰ ਮੁਕਾਇਆ। ਬਲੋਚਿਸਤਾਨ ਦੇ ਅਤਿਵਾਦ ਵਿਰੋਧੀ ਵਿਭਾਗ (CTD) ਦੇ ਬੁਲਾਰੇ ਅਨੁਸਾਰ, ਇਹ ਕਾਰਵਾਈ ਦਾਰਕਸ਼ਾਨ ਕਸਬੇ ਨੇੜੇ ਇੱਕ ਖੁਫ਼ੀਆ ਜਾਣਕਾਰੀ ਦੇ ਅਧਾਰ ’ਤੇ ਕੀਤੀ ਗਈ ਸੀ।

ਦੱਸਿਆ ਜਾ ਰਿਹਾ ਹੈ ਕਿ ਮਾਰੇ ਗਏ ਅਤਿਵਾਦੀ ਮਸਤੁੰਗ ਤੋਂ ਕੋਇਟਾ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੇ ਇਰਾਦੇ ਨਾਲ ਆਏ ਸਨ।ਗੋਲੀਬਾਰੀ ਤੋਂ ਬਾਅਦ ਮੌਕੇ ਤੋਂ ਅੱਠ ਲਾਸ਼ਾਂ ਬਰਾਮਦ ਹੋਈਆਂ ਹਨ, ਜਦੋਂਕਿ ਕੁਝ ਅਤਿਵਾਦੀਆਂ ਦੇ ਫ਼ਰਾਰ ਹੋਣ ਦਾ ਖਦਸ਼ਾ ਵੀ ਜਤਾਇਆ ਜਾ ਰਿਹਾ ਹੈ।

ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਵੀ ਇਸ ਮੁਕਾਬਲੇ ਦੀ ਪੁਸ਼ਟੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਬਲੋਚਿਸਤਾਨ ਵਿੱਚ ਅਤਿਵਾਦੀ ਹਮਲਿਆਂ ਵਿੱਚ ਤੇਜ਼ੀ ਆਈ ਹੈ। ਪਿਛਲੇ ਮਹੀਨੇ ਵੀ ਸੂਬੇ ਭਰ ਵਿੱਚ ਹੋਏ ਤਾਲਮੇਲ ਵਾਲੇ ਹਮਲਿਆਂ ਵਿੱਚ 15 ਸੁਰੱਖਿਆ ਕਰਮਚਾਰੀ ਅਤੇ 18 ਨਾਗਰਿਕ ਮਾਰੇ ਗਏ ਸਨ, ਜਿਸ ਤੋਂ ਬਾਅਦ ਫੌਜੀ ਕਾਰਵਾਈ ਵਿੱਚ ਲਗਭਗ 206 ਅਤਿਵਾਦੀ ਮਾਰੇ ਗਏ ਸਨ।

ਬਲੋਚਿਸਤਾਨ ਲਿਬਰੇਸ਼ਨ ਆਰਮੀ (2*1) ਵਰਗੇ ਵੱਖਵਾਦੀ ਸਮੂਹ ਪਿਛਲੇ ਦੋ ਦਹਾਕਿਆਂ ਤੋਂ ਇਸ ਖੇਤਰ ਵਿੱਚ ਸਰਗਰਮ ਹਨ, ਪਰ ਪਿਛਲੇ 2-3 ਸਾਲਾਂ ਵਿੱਚ ਇਹਨਾਂ ਹਮਲਿਆਂ ਦੀ ਤਿੱਖਤ ਕਾਫੀ ਵੱਧ ਗਈ ਹੈ।

# ਕੰਚਨਪ੍ਰੀਤ ਕੌਰ ਨੂੰ ਹਾਈ ਕੋਰਟ ਤੋਂ ਮਿਲੀ ਵੱਡੀ ਰਾਹਤ; ਅਕਾਲੀ ਦਲ ਨੇ ਕਿਹਾ- ਸਿਆਸੀ ਰੰਜਿਸ਼ ਦਾ ਹੋਇਆ ਪਰਦਾਫਾਸ਼

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਇੱਕ ਅਹਿਮ ਫੈਸਲਾ ਸੁਣਾਉਂਦਿਆਂ ਕੰਚਨਪ੍ਰੀਤ ਕੌਰ ਦੀ FIR ਨੰਬਰ 261 ਅਤੇ 240 ਵਿੱਚ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ ਹੈ। ਇਸ ਫੈਸਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸੂਬਾ ਸਰਕਾਰ ’ਤੇ ਸਿਆਸੀ ਬਦਲਾਖੋਰੀ ਦੇ ਗੰਭੀਰ ਇਲਜ਼ਾਮ ਲਗਾਏ ਹਨ।



ਸੁਣਵਾਈ ਦੌਰਾਨ ਰਾਜ ਸਰਕਾਰ ਵੱਲੋਂ ਮਾਣਯੋਗ ਅਦਾਲਤ ਵਿੱਚ ਇਹ ਸਪੱਸ਼ਟ ਬਿਆਨ ਦਿੱਤਾ ਗਿਆ ਕਿ ਉਹ FIR ਨੰਬਰ 261 ਦੇ ਮਾਮਲੇ ਵਿੱਚ ਕੰਚਨਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਨਹੀਂ ਕਰਨਾ ਚਾਹੁੰਦੇ। ਅਦਾਲਤ ਵਿੱਚ ਕੰਚਨਪ੍ਰੀਤ ਕੌਰ ਵੱਲੋਂ ਸੀਨੀਅਰ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਅਤੇ ਐਡਵੋਕੇਟ ਦਮਨਬੀਰ ਸਿੰਘ ਸੋਬਤੀ ਪੇਸ਼ ਹੋਏ, ਜਿਨ੍ਹਾਂ ਦੀਆਂ ਦਲੀਲਾਂ ਤੋਂ ਬਾਅਦ ਅਦਾਲਤ ਨੇ ਜ਼ਮਾਨਤ ’ਤੇ ਮੋਹਰ ਲਗਾਈ।

ਇਸ ਫੈਸਲੇ ਨਾਲ ਹੁਣ ਕੰਚਨਪ੍ਰੀਤ ਕੌਰ ਚੋਣਾਂ ਦੌਰਾਨ ਦਰਜ ਹੋਈਆਂ ਸਾਰੀਆਂ ਐਫ.ਆਈ.ਆਰਜ਼ ਵਿੱਚ ਜ਼ਮਾਨਤ ’ਤੇ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਾਰੀਆਂ ਕਾਰਵਾਈਆਂ ਸਿਰਫ਼ ਰਾਜਨੀਤਕ ਰੰਜਿਸ਼ ਦੇ ਤਹਿਤ ਕੀਤੀਆਂ ਗਈਆਂ ਸਨ। ਪਾਰਟੀ ਅਨੁਸਾਰ, ਕਿਉਂਕਿ ਕੰਚਨਪ੍ਰੀਤ ਕੌਰ ਦੀ ਮਾਤਾ ਸੁਖਵਿੰਦਰ ਕੌਰ ਰੰਧਾਵਾ ਤਰਨਤਾਰਨ ਉਪ-ਚੋਣ ਵਿੱਚ ਅਕਾਲੀ ਦਲ ਦੀ ਉਮੀਦਵਾਰ ਸੀ, ਇਸ ਲਈ ਜਾਣਬੁੱਝ ਕੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ।

ਇਸ ਕਾਨੂੰਨੀ ਜਿੱਤ ਨੂੰ ਸ਼੍ਰੋਮਣੀ ਅਕਾਲੀ ਦਲ ਆਪਣੀ ਵੱਡੀ ਨੈਤਿਕ ਜਿੱਤ ਵਜੋਂ ਦੇਖ ਰਿਹਾ ਹੈ। ਪਾਰਟੀ ਦਾ ਕਹਿਣਾ ਹੈ ਕਿ ਅਦਾਲਤ ਵਿੱਚ ਸਰਕਾਰ ਦਾ ਇਹ ਕਹਿਣਾ ਕਿ ਉਹ ਗ੍ਰਿਫ਼ਤਾਰੀ ਨਹੀਂ ਕਰਨਾ ਚਾਹੁੰਦੇ, ਇਸ ਗੱਲ ਦਾ ਸਬੂਤ ਹੈ ਕਿ ਕੇਸ ਕਮਜ਼ੋਰ ਅਤੇ ਸਿਆਸਤ ਤੋਂ ਪ੍ਰੇਰਿਤ ਸਨ।

# ਤਰਨਤਾਰਨ ’ਚ ਵੱਡੀ ਵਾਰਦਾਤ: ਵਿਆਹ ਸਮਾਗਮ ’ਚ AAP ਦੇ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

**ਤਰਨਤਾਰਨ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਠੱਠੀਆਂ ਮਹੰਤਾਂ ਦੇ ਮੌਜੂਦਾ ਸਰਪੰਚ ਹਰਬਰਿੰਦਰ ਸਿੰਘ ਦਾ ਅਣਪਛਾਤੇ ਹਮਲਾਵਰਾਂ ਵੱਲੋਂ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸਰਪੰਚ ਹਰਬਰਿੰਦਰ ਸਿੰਘ ਇੱਕ ਨਿੱਜੀ ਪੈਲੇਸ ਵਿੱਚ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਹੋਏ ਸਨ। ਜਦੋਂ ਉਹ ਆਪਣੇ ਕਰੀਬੀਆਂ ਨਾਲ ਬੈਠੇ ਸਨ, ਤਾਂ 2-3 ਹਮਲਾਵਰ ਅਚਾਨਕ ਅੰਦਰ ਦਾਖ਼ਲ ਹੋਏ। ਹਮਲਾਵਰਾਂ ਨੇ ਹਰਬਰਿੰਦਰ ਸਿੰਘ ਨੂੰ



ਨਿਸ਼ਾਨਾ ਬਣਾਉਂਦੇ ਹੋਏ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਨ੍ਹਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ।

ਇਸ ਹਮਲੇ ਵਿੱਚ ਸਰਪੰਚ ਦੇ ਚਾਚੇ ਦਾ ਲੜਕਾ ਜਰਮਨਜੀਤ ਸਿੰਘ ਵੀ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਘਟਨਾ ਦੀ ਸੂਚਨਾ ਮਿਲਦੇ ਹੀ ਉੱਚ ਪੁਲਿਸ ਅਧਿਕਾਰੀ ਭਾਰੀ ਫੋਰਸ ਸਮੇਤ ਮੌਕੇ ’ਤੇ ਪਹੁੰਚ ਗਏ ਹਨ। ਪੁਲਿਸ ਵੱਲੋਂ ਇਲਾਕੇ ਵਿੱਚ ਨਾਕਾਬੰਦੀ ਕਰਕੇ ਦੋਸ਼ੀਆਂ ਦੀ ਭਾਲ ਤੇਜ਼ ਕਰ ਦਿੱਤੀ ਗਈ ਹੈ।

# ਸੁਪਰੀਮ ਕੋਰਟ ਵੱਲੋਂ ਰਾਜੋਆਣਾ ਦੀ ਪਟੀਸ਼ਨ ’ਤੇ ਸੁਣਵਾਈ 18 ਮਾਰਚ ਨੂੰ

## 3 ਮਈ 2023 ਨੂੰ ਸਿਖਰਲੀ ਅਦਾਲਤ ਨੇ ਮੌਤ ਦੀ ਸਜ਼ਾ ਨੂੰ ਘੱਟ ਕਰਨ ਤੋਂ ਕੀਤਾ ਸੀ ਇਨਕਾਰ

**ਨਵੀਂ ਦਿੱਲੀ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਉਹ 1995 ਦੇ ਤਤਕਾਲੀ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵੱਲੋਂ ਦਾਇਰ ਪਟੀਸ਼ਨ ’ਤੇ 18 ਮਾਰਚ ਨੂੰ ਸੁਣਵਾਈ ਕਰੇਗੀ, ਜਿਸ ਵਿੱਚ ਉਸਦੀ ਰਹਿਮ ਦੀ ਅਪੀਲ ਦਾ ਫੈਸਲਾ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਗਈ ਹੈ।

ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ, ਜਿਸ ਵਿੱਚੋਂ ਉਹ 15 ਸਾਲਾਂ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ. ਵੀ. ਅੰਜਾਰੀਆ ਦੀ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੁਝ ਸਮੇਂ ਦੀ ਲੋੜ ਹੋਵੇਗੀ। ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਨੇ ਸਿਖਰਲੀ ਅਦਾਲਤ ਦੇ 24 ਸਤੰਬਰ, 2025 ਦੇ ਹੁਕਮਾਂ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਜਵਾਬਦੇਹਾਂ ਦੀ ਬੇਨਤੀ ’ਤੇ ਹੋਰ ਮੁਲਤਵੀ ਕਰਨ ਦੀ ਕੋਈ ਵੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕਿਹਾ, ÷18 ਮਾਰਚ ਲਈ ਸੂਚੀਬੱਧ ਕਰੋ।÷

ਸਿਖਰਲੀ ਅਦਾਲਤ ਨੇ ਪਹਿਲਾਂ ਕੇਂਦਰ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਸਤੰਬਰ 2024 ਵਿੱਚ, ਸਿਖਰਲੀ ਅਦਾਲਤ ਨੇ



ਰਾਜੋਆਣਾ ਦੀ ਪਟੀਸ਼ਨ ’ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ ’ਤੇ ਹੋਏ ਧਮਾਕੇ ਵਿੱਚ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਦੀ ਪਟੀਸ਼ਨ ਵਿੱਚ ਉਸਦੀ ਰਿਹਾਈ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

3 ਮਈ, 2023 ਨੂੰ, ਸਿਖਰਲੀ ਅਦਾਲਤ ਨੇ ਉਸਦੀ ਮੌਤ ਦੀ ਸਜ਼ਾ ਨੂੰ ਘੱਟ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਮਰੱਥ ਅਥਾਰਟੀ ਉਸਦੀ ਰਹਿਮ ਦੀ ਅਪੀਲ ਨਾਲ ਨਜਿੱਠ ਸਕਦੀ ਹੈ। ਆਪਣੀ ਨਵੀਂ ਪਟੀਸ਼ਨ ਵਿੱਚ, ਰਾਜੋਆਣਾ ਨੇ ਜੇਲ੍ਹ ਵਿੱਚ 28.8 ਸਾਲ ਕੱਟਣ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚੋਂ ਉਸਨੇ 15 ਸਾਲਾਂ ਤੋਂ ਵੱਧ ਸਮਾਂ ਫਾਂਸੀ ਦੀ ਸਜ਼ਾ ਵਾਲੇ ਕੈਦੀ ਵਜੋਂ ਬਿਤਾਇਆ ਹੈ।

ਉਸ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਰਚ 2012 ਵਿੱਚ ਉਸ ਦੀ ਤਰਫੋਂ ਧਾਰਾ 72 ਦੇ ਤਹਿਤ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸਿਖਰਲੀ ਅਦਾਲਤ ਵੱਲੋਂ ਸਮਰੱਥ ਅਥਾਰਟੀ ਨੂੰ ਉਸਦੀ ਤਰਫੋਂ ਦਾਇਰ ਰਹਿਮ ਦੀ ਅਪੀਲ ਨਾਲ ਨਜਿੱਠਣ ਅਤੇ ਅਗਲਾ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਜਾਣ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ।

ਇਸ ਵਿੱਚ ਇੱਕ ਵੱਖਰੇ ਮਾਮਲੇ ਵਿੱਚ ਸਿਖਰਲੀ ਅਦਾਲਤ ਦੇ ਅਪਰੈਲ 2023 ਦੇ ਹੁਕਮ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਅਦਾਲਤ ਨੇ ਸਾਰੇ ਰਾਜਾਂ ਅਤੇ ਉਚਿਤ ਅਧਿਕਾਰੀਆਂ ਨੂੰ ਲੰਬਿਤ ਰਹਿਮ ਦੀਆਂ ਅਪੀਲਾਂ ਦਾ ਜਲਦੀ ਤੋਂ ਜਲਦੀ ਅਤੇ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਫੈਸਲਾ ਕਰਨ ਦਾ ਨਿਰਦੇਸ਼ ਦਿੱਤਾ ਸੀ।

# ਡੀਐਸਜੀਐਮਸੀ ਵੱਲੋਂ ਖ਼ਾਲਸਾ ਸਾਜਨਾ ਦਿਵਸ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਤਿਆਰੀਆਂ ਲਈ ਮੀਟਿੰਗ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਾਵਨ ਮੌਕੇ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਰੂਪਰੇਖਾ ਤੈਅ ਕਰਨ ਲਈ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਦੇ ਹੈੱਡ ਗ੍ਰੰਥੀ ਸਾਹਿਬਾਨਾਂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਇਕ ਵਿਸ਼ੇਸ਼ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਮਾਗਮਾਂ ਦੀ ਸਫਲਤਾ ਲਈ ਵੱਡੇ ਪੱਧਰ ’ਤੇ ਸੰਗਤ ਦੀ ਸ਼ਮੂਲੀਅਤ ਯਕੀਨੀ ਬਣਾਉਣ ਸੰਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਪ੍ਰਧਾਨ ਕਾਲਕਾ ਨੇ ਕਿਹਾ ਕਿ ਖ਼ਾਲਸਾ ਪੰਥ ਦੀ ਸਾਜਨਾ ਸਿਰਫ਼ ਇਕ ਇਤਿਹਾਸਕ ਘਟਨਾ ਨਹੀਂ, ਬਲਕਿ ਸਿੱਖ ਕੌਮ ਦੀ ਆਤਮਿਕ ਨਵੀਂ ਜਾਗਰਤੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਦੀਆਂ ਸਮੂਹ ਸੰਗਤਾਂ ਇਸ ਪਵਿੱਤਰ ਮੌਕੇ ਨੂੰ ਆਪਣੀ ਜ਼ਿੰਦਗੀ ਦਾ ਅਨਮੋਲ ਸਮਝਦਿਆਂ ਵੱਧ ਤੋਂ ਵੱਧ ਗੁਰੂ ਘਰ ਨਾਲ ਜੁੜਨ ਅਤੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਖ਼ਾਲਸਾ ਰੂਪ ਧਾਰਨ ਕਰਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਅੰਮ੍ਰਿਤ ਸੰਚਾਰ ਸਮਾਗਮ ਸਿਰਫ਼ ਇਕ ਰਸਮ ਨਹੀਂ, ਸਗੋਂ ਗੁਰੂ ਸਾਹਿਬਾਨਾਂ ਦੀ ਬਖ਼ਸ਼ੀ ਹੋਈ ਰਹਿਤ-ਮਰਿਆਦਾ ਨੂੰ ਅਪਣਾਉਣ ਅਤੇ ਨੈਤਿਕਤਾ, ਸੇਵਾ ਅਤੇ ਸ਼ਹੀਦੀ ਦੀ ਰੂਹ ਨਾਲ ਜੀਵਨ ਬਤੀਤ ਕਰਨ ਦਾ ਦ੍ਰਿੜ ਨਿਸ਼ਚਾ ਹੈ। ਇਸ ਲਈ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਤੌਰ ’ਤੇ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਖ਼ਾਲਸਾ ਸਾਜਨਾ ਦਿਵਸ ਦੀ ਮਹਾਨਤਾ ਨੂੰ ਸਮਝਦਿਆਂ ਅੰਮ੍ਰਿਤ ਛੱਕਣ ਅਤੇ ਆਪਣੀ ਆਤਮਿਕ ਯਾਤਰਾ ਦੀ ਨਵੀਂ ਸ਼ੁਰੂਆਤ ਕਰਨ। ਉਨ੍ਹਾਂ ਕਿਹਾ ਕਿ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਪ੍ਰੋਗਰਾਮ ਜਾਰੀ ਕੀਤੇ ਜਾਣਗੇ। ਹਰਮੀਤ ਸਿੰਘ ਕਾਲਕਾ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਪਵਿੱਤਰ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਗੁਰੂ ਕਿਰਪਾ ਦੇ ਹਕਦਾਰ ਬਣਨ ਅਤੇ ਹੋਰਨਾਂ ਨੂੰ ਵੀ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕਰਨ।

# ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਹੋਈ ਮਾਸਿਕ ਮੀਟਿੰਗ; ਠੇਕੇ ਦੇ ਆਧਾਰ ’ਤੇ ਕੰਮ ਕਰਦੇ ਕਾਮਿਆ ਦੀਆਂ ਮੰਗਾਂ ਮੰਨਣ ਦੀ ਅਤੇ ਉਨ੍ਹਾਂ ਦੀ ਰਿਹਾਈ ਮੰਗੀ

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਬਚਿੱਤਰ ਸਿੰਘ ਅਤੇ ਭਗਵੰਤ ਸਿੰਘ ਕੰਗਣਵਾਲ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਮੁੱਚੇ ਡਿਪੂਆਂ ਦੇ ਪੈਨਸ਼ਨਰਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਵੱਖ-ਵੱਖ ਡਿਪੂਆਂ ਦੇ ਬੁਲਾਰਿਆਂ ਨੇ ਵਿਚਾਰ ਪੇਸ਼ ਕਰਦਿਆਂ ਸਮੇਂ ਸਿਰ ਪੈਨਸ਼ਨ ਪਾਉਣ ਅਤੇ ਰਹਿੰਦੇ ਬਕਾਏ, ਜਿਵੇਂ ਕਿ ਮੈਡੀਕਲ ਬਿੱਲਾਂ ਦੇ ਬਕਾਏ, 2016 ਦੇ ਗਰੇਡਾਂ ਦੇ ਬਕਾਏ ਅਤੇ ਨਵੇਂ ਰਿਟਾਇਰੀਆਂ ਦੇ ਬਕਾਏ ਦੇਣ ਦੀ ਮੰਗ ਕੀਤੀ।

ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਆਪਣੇ ਭਾਸ਼ਣ ਵਿੱਚ ਸਰਕਾਰ ਦੀ, ਵਰਕਰ ਮਾਰੂ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਵਾਰ-ਵਾਰ ਕਹਿਣ ਅਤੇ ਧਰਨੇ ਦੇਣ ਦੇ ਬਾਵਜੂਦ ਸਰਕਾਰ ਸਾਡੇ ਬਕਾਇਆਂ ਪ੍ਰਤੀ ਮੋਨ ਧਾਰੀ ਬੈਠੀ ਹੈ। ਉਨ੍ਹਾਂ ਨੇ ਪਿਛਲੇ ਦਿਨੀ ਚੇਅਰਮੈਨ ਪੀ.ਆਰ.ਟੀ.ਸੀ. ਨਾਲ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਚੇਅਰਮੈਨ ਸਾਹਿਬ ਨੇ ਵਿਸ਼ਵਾਸ਼ ਦਿਵਾਇਆ ਹੈ ਕਿ ਅੱਗੇ ਲਈ ਪੈਨਸ਼ਨ ਸਮੇਂ ਸਿਰ ਪੈਂਦੀ ਰਹੇਗੀ ਅਤੇ ਮੈਡੀਕਲ ਬਿੱਲਾਂ ਦੀ ਅਤੇ 2016 ਦੇ ਪੇ-ਕਮਿਸ਼ਨ ਦੇ ਬਕਾਇਆਂ ਦੀ ਅਦਾਇਗੀ ਜਲਦੀ ਤੋਂ ਜਲਦੀ ਕੀਤੀ ਜਾਵੇਗੀ। ਚੇਅਰਮੈਨ ਪੀ.ਆਰ.ਟੀ.ਸੀ. ਨੇ ਕਿਹਾ ਕਿ ਪੀ.ਆਰ.ਟੀ.ਸੀ. ਵਿੱਚ 409 ਨਵੀਆਂ ਆਪਣੀਆਂ ਬੱਸਾਂ ਪਾਈਆਂ ਜਾ ਰਹੀਆਂ ਹਨ, 309 ਵੱਡੀਆਂ ਅਤੇ 100 ਮਿੰਨੀ ਬੱਸਾਂ ਅਤੇ 250 ਬੱਸਾਂ ਕਿਲੋਮੀਟਰ ਸਕੀਮ ਅਧੀਨ ਪਾਈਆਂ ਜਾ ਰਹੀਆਂ ਹਨ। ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਆਪਣੇ ਸੰਬੋਧਨ ਵਿੱਚ ਬਕਾਇਆਂ ਦੀ ਤੁਰੰਤ ਅਦਾਇਗੀ ਦੀ ਮੰਗ ਕਰਦਿਆਂ ਕਿਹਾ ਕਿ ਮਾਸਿਕ ਪੈਨਸ਼ਨ ਦੀ ਹਰ ਮਹੀਨੇ ਦੀ 5 ਤਰੀਕ ਤੱਕ ਅਦਾਇਗੀ ਨਿਸ਼ਚਿਤ ਕੀਤੀ ਜਾਵੇ। ਉਨ੍ਹਾਂ ਨੇ, ਆਪਣੀਆਂ ਮੰਗਾਂ ਲਈ ਸੰਘਰਸ਼ ਕਰਦੇ ਠੇਕੇ ਦੇ ਆਧਾਰ ’ਤੇ ਰੱਖੇ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕਰਨ ਅਤੇ ਉਨ੍ਹਾਂ ਉੱਤੇ ਬਣਾਏ ਕੇਸ ਵਾਪਿਸ ਲੈਣ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀ.ਆਰ.ਟੀ.ਸੀ. ਵਾਸਤੇ ਇਸ ਦੇ ਖਰਚਿਆਂ ਮੁਤਾਬਿਕ ਸਲਾਨਾ ਬੱਜਟ ਵਿੱਚ ਲੋੜੀਂਦੇ ਫੰਡ ਰੱਖੇ ਜਾਣ ਤਾਂ ਕਿ ਦੇਣ ਦਾਰੀਆਂ ਦੀ ਅਦਾਇਗੀ ਸੌਖੀ ਹੋ ਸਕੇ ਅਤੇ ਅਦਾਰੇ ਦੀ ਦਸ਼ਾ ਸੁਧਰ ਸਕੇ। ਵਾਇਸ ਚੇਅਰਮੈਨ ਬਚਿੱਤਰ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ, ਵਿੱਚ ਜਥੇਬੰਦੀ ਦੀ ਮਜਬੂਤੀ ’ਤੇ ਜ਼ੋਰ ਦਿੱਤਾ, ਉਨ੍ਹਾਂ ਕਿਹਾ ਕਿ ਆਪਾਂ ਨੇ ਆਪਣੇ ਏਕੇ ਨਾਲ ਹੀ ਪਹਿਲਾਂ ਸਾਰੇ ਬਕਾਏ ਲਏ ਹਨ ਅਤੇ ਰਹਿੰਦੇ ਬਕਾਏ ਵੀ ਆਪਾਂ ਨੇ ਏਕੇ ਨਾਲ ਹੀ ਲੈਣੇ ਹਨ। ਉਨ੍ਹਾਂ ਨੇ ਕੇਂਦਰੀ ਬਾਡੀ ਨੂੰ ਮਜਬੂਤ ਰੱਖਣ ’ਤੇ ਜ਼ੋਰ ਦਿੱਤਾ। ਉਪਰੋਕਤ ਤੋਂ ਇਲਾਵਾ ਸਰਵ ਸ੍ਰੀ ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ, ਹਰਭਜਨ ਸਿੰਘ ਚੰਡੀਗੜ੍ਹ ਡਿਪੂ, ਹਰਦੇਵ ਸਿੰਘ ਲੁਧਿਆਣਾ ਡਿਪੂ, ਤਰਸੇਮ ਸਿੰਘ ਸੈਣੀ ਕਪੂਰਥਲਾ, ਕਾਲਾ ਸਿੰਘ ਕੋਟਕਪੂਰਾ ਫਰੀਦਕੋਟ, ਜਰਨੈਲ ਸਿੰਘ ਪਟਿਆਲਾ, ਪ੍ਰੀਤਮ ਸਿੰਘ ਬਰਾੜ ਬਠਿੰਡਾ, ਹਾਕਮ ਸਿੰਘ ਬੁੱਢਲਾਡਾ, ਮਦਨ ਮੋਹਨ ਸ਼ਰਮਾ ਬਰਨਾਲਾ ਅਤੇ ਲਖਵੀਰ ਸਿੰਘ ਲੱਖੀ ਸੰਗਰੂਰ ਨੇ ਵੀ ਆਪਣੇ ਵਿਚਾਰ ਰੱਖੇ।

# ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਨਾਲ ਵਿਤਕਰਾ : ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**
**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ, 19 ਫ਼ਰਵਰੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅੱਜ ਹੋਈ ਇਕੱਤਰਤਾ 'ਚ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਦੀ ਕਰੜੀ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਗਿਆ। ਇਕੱਤਰਤਾ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਾਲ ਹੀ ਵਿਚ ਦਿੱਲੀ ਦੀ ਭਾਜਪਾ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਅਪੀਲ ਨੂੰ ਰੱਦ ਕਰਨਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਕਰਦੀ ਰਹੀ ਅਤੇ ਹੁਣ ਭਾਜਪਾ ਸਰਕਾਰ ਵੀ ਸਿੱਖ ਵਿਰੋਧੀ ਲੀਹਾਂ 'ਤੇ ਚੱਲ ਰਹੀ ਹੈ। ਉਨ੍ਹਾਂ ਭਾਜਪਾ ਵਿਚ ਬੈਠੇ ਸਿੱਖ ਆਗੂਆਂ ਦੇ ਇਸ ਮਾਮਲੇ 'ਤੇ ਚੁੱਪ ਰਹਿਣ 'ਤੇ ਵੀ ਸਵਾਲ ਉਠਾਏ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਨਾਲ ਭਾਜਪਾ ਵਿਚਲੇ ਸਿੱਖ ਆਗੂਆਂ ਦਾ ਦੋਗਲਾ ਚਿਹਰਾ ਨੰਗਾ ਹੋਇਆ ਹੈ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਨੂੰ ਸਜ਼ਾਵਾਂ ਭੁਗਤਣ ਦੇ ਬਾਵਜੂਦ ਵੀ ਰਿਹਾਅ ਨਾ ਕਰਨ ਨੂੰ ਵੀ ਮਾਨਵੀ ਅਧਿਕਾਰਾਂ ਦਾ ਉਲੰਘਣ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਨੂੰ ਬੰਦੀ ਸਿੰਘਾਂ ਨਾਲ ਇਸ ਤਰ੍ਹਾਂ ਬੇਗਾਨਿਆਂ ਵਾਲਾ ਵਿਹਾਰ ਨਹੀਂ ਕਰਨਾ ਚਾਹੀਦਾ ਅਤੇ ਸਜ਼ਾਵਾਂ ਭੁਗਤ ਚੁੱਕੇ ਹਰ ਸਿੱਖ



ਬੰਦੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਏਆਈ ਤਕਨੀਕ ਨਾਲ ਸਿੱਖ ਵਿਰੋਧੀ ਕਾਰਵਾਈਆਂ ਦਾ ਵੀ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਆਧੁਨਿਕ ਤਕਨੀਕ ਨਾਲ ਧਰਮਾਂ ਵਿਰੁੱਧ ਹਰਕਤਾਂ ਕਰਨ ਵਾਲਿਆਂ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਸੁਚੇਤ ਰੂਪ ਵਿਚ ਕੰਮ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਇਕ ਕਮੇਟੀ ਗਠਤ ਕਰਨ ਦੇ ਨਾਲ-ਨਾਲ ਕਾਨੂੰਨ ਵਿਭਾਗ ਰਾਹੀਂ ਵੀ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਸ਼੍ਰੋਮਣੀ ਕਮੇਟੀ ਸਿੱਖ ਸਿਧਾਂਤਾਂ, ਇਤਿਹਾਸ ਅਤੇ ਸਰੋਤਾਂ ਆਦਿ ਦੇ ਸਬੰਧ ਵਿਚ ਆਪਣਾ ਡਾਟਾ ਬੈਂਕ ਤਿਆਰ ਕਰੇਗੀ, ਤਾਂ ਜੋ ਸਹੀ ਜਾਣਕਾਰੀ ਲੋਕਾਂ ਨੂੰ ਮਿਲ ਸਕੇ। ਇਸ ਦੇ ਨਾਲ ਹੀ ਏਆਈ ਕੰਪਨੀਆਂ ਨਾਲ ਵੀ ਰਾਬਤਾ ਕੀਤਾ ਜਾ ਰਿਹਾ ਹੈ ਅਤੇ ਇਕ ਮਾਸ ਰਿਪੋਟਿੰਗ ਸਾਫਟਵੇਅਰ ਵੀ ਜਲਦ ਜਾਰੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਾਗੂਕਰਤਾ ਵਾਸਤੇ ਵੀ ਯਤਨ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਦੀ ਗਮਾਡਾ ਵੱਲੋਂ ਸਕੀਮ ਤਹਿਤ ਲਈ ਜ਼ਮੀਨ ਦੇ ਪੈਸਿਆਂ ਅਤੇ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ ਦੀ ਜਗ੍ਹਾ ਵੇਚਣ ਦੇ ਲਗਾਏ ਗਏ ਇਲਜ਼ਾਮਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਬਿਲਕੁਲ ਬੇਬੁਨਿਆਦ ਦੋਸ਼ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਨਾਲ ਸਬੰਧਤ ਜਗ੍ਹਾ ਵੇਚਣ ਅਤੇ ਖਰੀਦਣ ਦਾ ਕਾਰਜ ਬਿਲਕੁਲ ਨਿਯਮਾਂ ਅਨੁਸਾਰ ਅਤੇ ਪਾਰਦਰਸ਼ੀ ਢੰਗ ਨਾਲ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਹੀ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੀ ਗਮਾਡਾ ਵੱਲੋਂ ਲਈ ਗਈ ਜ਼ਮੀਨ ਦੀ ਰਕਮ ਵੀ ਨਿਯਮਾਂ ਅਨੁਸਾਰ ਹੈ। ਇਸ ਸਬੰਧੀ ਬੇਬੁਨਿਆਦ ਦੋਸ਼ ਲਗਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਬਦਨਾਮ ਕਰਨਾ ਅਤੇ ਸੰਗਤ ਨੂੰ ਗੁਮਰਾਹ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਇਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਨਹੀਂ ਤਾਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵੱਲੋਂ ਇਨ੍ਹਾਂ ਖ਼ਿਲਾਫ਼ ਮਾਨਹਾਨੀ ਦਾ ਮੁਕੱਦਮਾ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਲੰਘੇ ਕੱਲ੍ਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਪ੍ਰੈੱਸ ਵਾਰਤਾ ਰਾਹੀਂ ਲਗਾਏ ਗਏ ਇਲਜ਼ਾਮਾਂ ਦੇ ਸਬੰਧ ਵਿਚ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਇਸ 'ਤੇ ਗੰਭੀਰਤਾ ਵਿਚਾਰ ਕਰਕੇ ਫੈਸਲਾ ਲੈਂਦਿਆਂ 72 ਘੰਟੇ ਵਿਚ ਲਗਾਏ ਦੋਸ਼ ਸਿੱਧ ਕਰਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਜੋ ਕਿ ਇਸ ਸਮੇਂ ਛੁੱਟੀ 'ਤੇ ਚੱਲ ਰਹੇ ਹਨ, ਵੱਲੋਂ ਸਤਿਕਾਰਤ ਅਹੁਦੇ 'ਤੇ ਹੁੰਦਿਆਂ ਬਿਨਾਂ ਠੋਸ ਸਬੂਤਾਂ ਦੇ ਸੰਸਥਾ 'ਤੇ ਇਲਜ਼ਾਮ ਲਗਾ ਕੇ ਇਸ ਦੇ ਪ੍ਰਬੰਧਾਂ ਨੂੰ ਬਦਨਾਮ ਕੀਤਾ ਹੈ। ਇਸ ਲਈ ਇਹ 72 ਘੰਟਿਆਂ ਵਿਚ ਇਲਜ਼ਾਮਾਂ ਸਬੰਧੀ ਸਬੂਤ ਪੇਸ਼ ਕਰਨ। ਜੇਕਰ ਇਨ੍ਹਾਂ ਵੱਲੋਂ ਨੀਯਤ ਸਮੇਂ ਅੰਦਰ ਲਿਖਤੀ ਤੌਰ 'ਤੇ ਸਬੂਤ ਪੇਸ਼ ਨਾ ਕੀਤੇ ਗਏ ਤਾਂ ਇਨ੍ਹਾਂ ਖ਼ਿਲਾਫ਼ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਪੱਤਰਕਾਰਾਂ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੇ ਮੈਨੇਜਰ ਵੱਲੋਂ ਜਾਅਲਸਾਜ਼ੀ ਕਰਕੇ ਵੇਚੀ ਗਈ ਜਗ੍ਹਾ ਦੇ ਸਬੰਧ ਵਿਚ ਕਿਹਾ ਕਿ ਇਸ ਦੀ ਜਾਂਚ ਜਾਰੀ ਹੈ ਅਤੇ ਇਸ ਵਿਚ ਸ਼ਾਮਲ ਕਿਸੇ ਵੀ ਅਧਿਕਾਰੀ, ਕਰਮਚਾਰੀ ਜਾਂ ਬਾਹਰੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਰਿਪੋਰਟ ਸਾਹਮਣੇ ਆਉਣ 'ਤੇ ਹਰ ਦੋਸ਼ੀ ਵਿਰੁੱਧ ਕਾਰਵਾਈ ਹੋਵੇਗੀ। ਐਡਵੋਕੇਟ ਧਾਮੀ ਨੇ ਇਹ ਵੀ ਜਾਣਕਾਰੀ ਵੀ ਸਾਂਝੀ ਕੀਤੀ ਕਿ ਭਵਿੱਖ ਅੰਦਰ ਕਿਸੇ ਵੀ ਮੁਲਾਜ਼ਮ ਨੂੰ ਕਿਸੇ ਗ਼ਲਤੀ ਕਾਰਨ ਹੋਈ ਵਾਰਨਿੰਗ ਅਤੇ ਜ਼ੁਰਮਾਨਾ ਮੁਆਫ਼ ਨਹੀਂ ਕੀਤਾ ਜਾਇਆ ਕਰੇਗਾ। ਉਨ੍ਹਾਂ ਨੇ ਆਸਟ੍ਰੇਲੀਆ ਅੰਦਰ ਇਕ ਸਿੱਖ 'ਤੇ ਕੀਤੇ ਗਏ ਹਮਲੇ ਦੀ ਵੀ ਨਿੰਦਾ ਕੀਤੀ ਅਤੇ ਅਜਿਹੇ ਮਾਮਲਿਆਂ ਵਿਚ ਭਾਰਤ ਸਰਕਾਰ ਨੂੰ ਸਬੰਧਤ ਦੇਸ਼ਾਂ ਨਾਲ ਕੂਟਨੀਤਕ ਪੱਧਰ 'ਤੇ ਗੱਲ ਕਰਨ ਵਾਸਤੇ ਕਿਹਾ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਮਿੱਠੂ ਸਿੰਘ ਕਾਹਨੇਕੇ, ਓਐਸਡੀ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਤੇਜਿੰਦਰ ਸਿੰਘ ਪੱਡਾ, ਮੀਤ ਸਕੱਤਰ ਗੁਰਦਿਆਲ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਮੌਜੂਦ ਸਨ।

### ਸਹੁਰਿਆਂ ਨੇ ਬੇਰਹਿਮੀ ਨਾਲ ਕਤਲ ਕੀਤੀ ਨੂੰਹ, ਭਰਾ ਕਹਿੰਦਾ ਸਾਡਾ ਤਾਂ ਫੋਨ ਚੱਕਣਾ ਵੀ ਬੰਦ ਕਰ 'ਤਾ

ਪਟਿਆਲਾ 19 ਫਰਵਰੀ। ਪਟਿਆਲਾ ਦੇ ਨਜ਼ਦੀਕੀ ਪਿੰਡ ਗੰਡਾ ਖੇੜੀ ਵਿਖੇ ਇਕ ਵਿਆਹੁਤਾ ਔਰਤ ਦਾ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਹਰਿਆਣਾ ਦੇ ਸ਼ਾਹਬਾਦ ਤੋਂ ਮ੍ਰਿਤਕ ਲੜਕੀ ਰਮਨਪ੍ਰੀਤ ਕੌਰ ਦੇ ਪੇਕਾ ਪਰਿਵਾਰ ਜਦੋਂ ਮੌਕੇ 'ਤੇ ਪਹੁੰਚਿਆ ਤਾਂ ਉਨ੍ਹਾਂ ਨੇ ਪੁਲਸ ਨੂੰ ਇਸ ਬਾਰੇ ਸੂਚਨਾ ਦਿੱਤੀ। ਰਮਨਪ੍ਰੀਤ ਕੌਰ ਦੇ ਭਰਾ ਸਿਮਰਨ ਸਿੰਘ ਨੇ ਕਿਹਾ ਕਿ ਉਸਦੀ ਭੈਣ ਦਾ ਗਲਾ ਵੱਢਿਆ ਗਿਆ ਹੈ। ਉਨਾਂ ਨੂੰ ਰਮਨਪ੍ਰੀਤ ਕੌਰ ਦੇ ਸਹੁਰਿਆਂ ਨੇ ਸੂਚਨਾ ਦਿੱਤੀ ਸੀ ਕਿ ਰਮਨਪ੍ਰੀਤ ਕੌਰ ਹਸਪਤਾਲ ਵਿਖੇ ਦਾਖਲ ਹੈ। ਇਸ ਦੌਰਾਨ ਜਦੋਂ ਉਨ੍ਹਾਂ ਨੇ ਵਾਰ ਵਾਰ ਫੋਨ ਕੀਤਾ ਤਾਂ ਕਿਸੇ ਨੇ ਫੋਨ ਨਹੀਂ ਚੁੱਕਿਆ, ਜਦੋਂ ਉਹ ਇਥੇ ਪਹੁੰਚੇ ਤਾਂ ਪਤਾ ਲੱਗਾ ਕਿ ਉਸ ਦੀ ਭੈਣ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਨੇ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਸੁਹਰਾ ਪਰਿਵਾਰ ਨੇ ਫੋਨ ਕੀਤਾ ਪਰ ਉਨ੍ਹਾਂ ਨੇ ਫੋਨ ਚੱਕਣਾ ਬੰਦ ਕਰ ਦਿੱਤਾ ਜਦੋਂ ਉਹ ਥਾਣੇ ਪੁੱਜੇ ਤਾਂ ਪਤਾ ਲੱਗਾ ਕਿ ਰਮਨਪ੍ਰੀਤ ਕੌਰ ਦੀ ਮੌਤ ਹੋ ਚੁੱਕੀ ਹੈ।

### ਸ਼ੇਅਰ ਮਾਰਕੀਟ ਵਿਚ ਇੰਨਵੈਸਟਮੈਂਟ ਦੇ ਨਾਂ 'ਤੇ ਧੋਖਾਧੜੀ ਕਰਨ ਵਾਲਾ ਕਾਬੂ

ਲੁਧਿਆਣਾ 19 ਫਰਵਰੀ। ਥਾਣਾ ਸਾਈਬਰ ਕ੍ਰਾਈਮ ਲੁਧਿਆਣਾ ਦੀ ਟੀਮ ਵੱਲੋਂ ਸ਼ੇਅਰ ਮਾਰਕੀਟ ਵਿਚ ਨਿਵੇਸ਼ ਦੇ ਨਾਂ 'ਤੇ ਠੱਗੀ ਮਾਰਨ ਦੇ ਮਾਮਲੇ ਵਿਚ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਵਿਕਰਮ ਯਾਦਵ ਵਾਸੀ ਹਰਿਆਣਾ ਵਜੋਂ ਹੋਈ ਹੈ। ਪੁਲਸ ਟੀਮ ਨੇ ਉਸ ਨੂੰ ਰੇਵਾੜੀ, ਹਰਿਆਣਾ ਤੋਂ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ ਮੁਲਜ਼ਮ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਸ਼ਿਕਾਇਤਕਰਤਾ ਨੂੰ ਸ਼ੇਅਰ ਮਾਰਕੀਟ ਵਿਚ ਇੰਨਵੈਸਟਮੈਂਟ ਕਰਨ ਦਾ ਝਾਂਸਾ ਦੇ ਕੇ ਉਸ ਪਾਸੋਂ ਧੋਖੇ ਨਾਲ ਕਰੀਬ 4 ਕਰੋੜ 35 ਲੱਖ ਰੁਪਏ ਹਾਸਲ ਕੀਤੇ ਸਨ। ਇਸ ਵਿਚੋਂ 60 ਲੱਖ ਰੁਪਏ ਦੋਸ਼ੀ ਵਿਕਰਮ ਯਾਦਵ ਦੇ ਖਾਤੇ ਵਿਚ ਟਰਾਂਸਫਰ ਹੋਏ ਸਨ।

## ਇੱਕੋ ਰਾਤ ਹੋ ਗਈਆਂ ਦੋ ਵੱਡੀਆਂ ਵਾਰਦਾਤਾਂ, ਲੱਖਾਂ ਦਾ ਨੁਕਸਾਨ

ਡੇਰਾਬਸੀ 19 ਫਰਵਰੀ। ਮੁਬਾਰਕਪੁਰ ਚੌਕੀ ਅਧੀਨ ਪੈਂਦੇ ਇਲਾਕੇ 'ਚ ਇੱਕੋ ਰਾਤ ਦੋ ਵੱਖ-ਵੱਖ ਥਾਵਾਂ 'ਤੇ ਚੋਰੀ ਦੀਆਂ ਵਾਰਦਾਤਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਚੋਰ ਦੁਕਾਨਾਂ ਦੇ ਸਟਰ ਤੋੜ ਕੇ ਲੱਖਾਂ ਰੁਪਏ ਦਾ ਸਮਾਨ ਲੈ ਉੱਡੇ। ਇਨ੍ਹਾਂ ਘਟਨਾਵਾਂ ਨਾਲ ਇਲਾਕੇ ਦੇ ਵਪਾਰੀਆਂ 'ਚ ਡਰ ਦਾ ਮਾਹੌਲ ਹੈ। ਪਹਿਲੀ ਘਟਨਾ ਪਿੰਡ ਸੁੰਡਰਾਂ ਬੱਸ ਸਟੈਂਡ ਨੇੜੇ ਸਥਿਤ ਐੱਮ.ਐੱਸ. ਸੈਨਟਰੀ ਤੇ ਹਾਰਡਵੇਅਰ ਦੀ ਦੁਕਾਨ 'ਚ ਰਾਤ 12 ਵਜੇ ਵਾਪਰੀ। ਦੁਕਾਨ ਮਾਲਕ ਮੁਹੰਮਦ ਸਮੀਰ ਨੇ ਦੱਸਿਆ ਕਿ ਸਵੇਰੇ ਪੜੋਸੀ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਫੋਨ ਕਰਕੇ ਜਾਣਕਾਰੀ ਦਿੱਤੀ ਕਿ ਦੁਕਾਨ ਦਾ ਸਟਰ ਟੁੱਟਿਆ ਹੋਇਆ ਹੈ। ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਚੋਰ ਪਿੱਤਲ ਦੀਆਂ ਕਰੀਬ 200 ਟੂਟੀਆਂ, ਪਾਣੀ ਦੀਆਂ 5 ਮੋਟਰਾਂ ਅਤੇ 10 ਸਿਕਾ ਸਮੇਤ ਕਰੀਬ ਦੋ ਲੱਖ ਰੁਪਏ ਦੇ ਮੁੱਲ ਦਾ ਕੀਮਤੀ ਤੇ ਪਿੱਤਲ ਦਾ ਸਮਾਨ ਚੋਰੀ ਕਰਕੇ ਲੈ ਗਏ। ਦੂਜੀ ਵਾਰਦਾਤ ਪਿੰਡ ਭਾਂਖਰਪੁਰ ਵਿਖੇ ਰੇਲਵੇ ਓਵਰਬ੍ਰਿਜ ਦੀ ਸਰਵਿਸ ਰੋਡ 'ਤੇ ਸਥਿਤ 'ਕੁਮਾਰ ਜਨਰੇਟਰਸ' 'ਚ ਕਰੀਬ ਰਾਤ 2 ਵਜੇ ਵਾਪਰੀ। ਦੁਕਾਨ ਮਾਲਕ ਅਸ਼ਵਨੀ ਕੁਮਾਰ ਪੁੱਤਰ ਪ੍ਰੀਤਮ ਸਿੰਘ ਵਾਸੀ ਗੁਰੂ ਨਾਨਕ ਕਲੋਨੀ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਰਾਹ ਚਲਦੇ ਜਾਣਕਾਰ ਨੇ ਫੋਨ ਕਰਕੇ ਦੱਸਿਆ ਕਿ ਦੁਕਾਨ ਦਾ ਸਟਰ ਪੁੱਟਿਆ ਹੋਇਆ ਹੈ। ਜਦੋਂ ਉਨ੍ਹਾਂ ਨੇ ਆ ਕੇ ਦੇਖਿਆ ਤਾਂ ਅੰਦਰੋਂ ਅਲਮੀਨੀਅਮ ਦੀਆਂ ਸੀਟਾਂ ਚੋਰੀ ਹੋ ਚੁੱਕੀਆਂ ਸਨ, ਜਿਨ੍ਹਾਂ ਦੀ ਕੀਮਤ ਲਗਭਗ ਇਕ ਲੱਖ ਰੁਪਏ ਹੈ। ਮਾਲਕ ਅਨੁਸਾਰ ਚੋਰਾਂ ਦੀ ਗਿਣਤੀ ਦੋ ਤੋਂ ਤਿੰਨ ਹੋ ਸਕਦੀ ਹੈ, ਕਿਉਂਕਿ ਨਵਾਂ ਤੇ ਮਜਬੂਤ ਸਟਰ ਪੁੱਟਣ 'ਚ ਕਾਫੀ ਮਿਹਨਤ ਤੇ ਤਾਕਤ ਦੀ ਜ਼ਰੂਰਤ ਲੱਗੀ ਹੋਵੇਗੀ। ਦੁਕਾਨ ਮਾਲਕਾਂ ਨੇ ਭਾਵੇਂ ਚੋਰੀ ਦੀ ਸਿਕਾਇਤ ਪੁਲਸ ਚੌਕੀ 'ਚ ਦਰਜ ਕਰਵਾ ਦਿੱਤੀ ਹੈ ਪਰ ਇੱਕੋ ਰਾਤ ਦੋ ਵੱਡੀਆਂ ਚੋਰੀਆਂ ਨਾਲ ਵਪਾਰੀਆਂ 'ਚ ਡਰ ਦਾ ਮਾਹੌਲ ਹੈ।

### ਗੰਨੇ ਦੀ ਭਰੀ ਟਰਾਲੀ ਨੈਸ਼ਨਲ ਹਾਈਵੇਅ ਵਿਚਕਾਰ ਪਲਟੀ

ਕਾਠਗੜ੍ਹ 19 ਫਰਵਰੀ। ਬਲਾਚੌਰ-ਰੂਪਨਗਰ ਨੈਸ਼ਨਲ ਹਾਈਵੇਅ 'ਤੇ ਪਿੰਡ ਪਨਿਆਲੀ ਕੋਲ ਇਕ ਗੰਨੇ ਦੀ ਭਰੀ ਟਰਾਲੀ ਦੇ ਪਲਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਐੱਫ. ਟੀਮ ਦੇ ਇੰਚਾਰਜ ਏ. ਐੱਸ. ਆਈ. ਕੁਲਦੀਪ ਕੁਮਾਰ ਨੇ ਦੱਸਿਆ ਕਿ ਇਕ ਟਰੈਕਟਰ ਜਿਸ ਨੂੰ ਚਾਹਤ ਪੁੱਤਰ ਹਰਮੇਸ਼ ਲਾਲ ਵਾਸੀ ਐਮਾਂ ਚਾਹਲ ਥਾਣਾ ਕਾਠਗੜ੍ਹ ਚਲਾ ਰਿਹਾ ਸੀ ਅਤੇ ਉਹ ਬਲਾਚੌਰ ਤੋਂ ਰੋਪੜ ਸਾਈਡ ਜਾ ਰਿਹਾ ਸੀ ਜਦੋਂ ਉਹ ਪਿੰਡ ਪਨਿਆਲੀ ਦੇ ਕੋਲ ਪਹੁੰਚਿਆ ਤਾਂ ਟਰੈਕਟਰ ਦਾ ਸੰਤੁਲਨ ਵਿਗੜਨ ਕਰਕੇ ਟਰੈਕਟਰ ਟਰਾਲੀ ਬੇਕਾਬੂ ਹੋ ਕੇ ਨੈਸ਼ਨਲ ਹਾਈਵੇਅ ਦੇ ਵਿਚਕਾਰ ਪਲਟ ਗਿਆ ਜਿਸ ਨਾਲ ਟ੍ਰੈਫਿਕ ਜਾਮ ਹੋ ਗਿਆ।

## ਸਿਰਫ 300 ਰੁਪਏ...! ਪਿੰਡ ਦੇ ਹੀ ਨੌਜਵਾਨ ਨੇ ਕਰ 'ਤਾ ਬਜ਼ੁਰਗ ਔਰਤ ਦਾ ਕਤਲ

**ਕੌਮੀ ਪਤ੍ਰਿਕਾ**

ਕੌਸਾਂਬੀ 19 ਫਰਵਰੀ। ਉੱਤਰ ਪ੍ਰਦੇਸ ਦੇ ਕੌਸਾਂਬੀ ਜ਼ਿਲ੍ਹੇ ਤੋਂ ਇੱਕ ਰੂਹ ਨੂੰ ਕੰਬਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਜਿਥੇ ਸੰਦੀਪਾਂਘਾਟ ਥਾਣਾ ਖੇਤਰ ਵਿੱਚ ਇੱਕ ਨੌਜਵਾਨ ਨੇ ਸਿਰਫ 300 ਰੁਪਏ ਲਈ ਆਪਣੇ ਹੀ ਪਿੰਡ ਦੀ ਇੱਕ ਬਜ਼ੁਰਗ ਔਰਤ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰਦੇ ਹੋਏ ਪੁਲਸ ਨੇ ਇਸ ਅੰਨ੍ਹੇ ਕਤਲ ਦੀ ਗੁੱਥੀ ਸੁਲਝਾ ਲਈ ਹੈ ਅਤੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਕਾਜੀਪੁਰ ਪਿੰਡ ਵਿੱਚ ਵਾਪਰੀ ਸੀ। 10 ਫਰਵਰੀ ਦੀ ਸਵੇਰ ਨੂੰ ਜਦੋਂ ਰਾਮਸਰਨ ਆਪਣੀ 70 ਸਾਲਾ ਮਾਂ ਸ੍ਰੀਮਤੀ ਲਖਪਤੀਆ, ਜੋ ਉਨ੍ਹਾਂ ਦੇ ਘਰ ਦੇ ਬਾਹਰ ਵਰਾਂਡੇ ਵਿੱਚ ਸੁੱਤੀ ਪਈ ਸੀ, ਨੂੰ ਜਗਾਉਣ ਗਿਆ, ਤਾਂ ਉਹ ਹੈਰਾਨ ਰਹਿ ਗਿਆ। ਉਸਦੀ ਮਾਂ ਮ੍ਰਿਤਕ ਪਈ ਹੋਈ ਸੀ, ਜਿਸਦੀ ਗਰਦਨ 'ਤੇ ਨਿਸਾਨ ਸਨ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਸੁਪਰਡੈਂਟ ਰਾਜੇਸ ਕੁਮਾਰ ਦੀ ਅਗਵਾਈ ਹੇਠ ਇੱਕ ਪੁਲਸ ਟੀਮ ਮੌਕੇ 'ਤੇ ਪਹੁੰਚੀ, ਜਿਸ ਵਲੋਂ ਇਸ ਮਾਮਲੇ ਦੀ ਪੂਰੀ ਜਾਂਚ ਕੀਤੀ ਗਈ। ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜਮ ਓਮਪ੍ਰਕਾਸ ਪਟੇਲ ਉਰਫ ਛੋਟੂ ਵੱਲੋਂ ਪੁੱਛਗਿੱਛ ਦੌਰਾਨ ਕੀਤੇ ਗਏ ਖੁਲਾਸੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਦੋਸੀ ਨੇ ਦੱਸਿਆ ਕਿ 9 ਫਰਵਰੀ ਦੀ ਸਾਮ ਨੂੰ ਉਹ ਗੁਟਖਾ ਖਰੀਦਣ ਲਈ ਇੱਕ ਦੁਕਾਨ 'ਤੇ



ਗਿਆ ਸੀ। ਉੱਥੇ ਉਸਨੇ ਬਜ਼ੁਰਗ ਔਰਤ ਕੋਲ ਕੁਝ ਪੈਸੇ ਦੇਖੇ, ਜਿਸ ਨਾਲ ਉਸ ਦੀ ਨੀਅਤ ਖਰਾਬ ਹੋ ਗਈ। ਰਾਤ ਦੇ ਹਨੇਰੇ ਵਿੱਚ ਚੋਰੀ ਕਰਨ ਦੇ ਇਰਾਦੇ ਨਾਲ ਉਹ ਔਰਤ ਦੇ ਘਰ ਵਿੱਚ ਦਾਖਲ ਹੋਇਆ। ਚੋਰੀ ਦੀ ਘਟਨਾ ਦੌਰਾਨ ਲਖਪਤੀਆ ਦੀ ਨੀਂਦ ਖੁੱਲ੍ਹ ਗਈ ਅਤੇ ਉਸ ਨੇ ਦੋਸੀ ਨੂੰ ਪਛਾਣ ਲਿਆ। ਰੌਲਾ ਪਾਉਣ ਅਤੇ ਫੜੇ ਜਾਣ ਦੇ ਡਰ ਤੋਂ ਦੋਸੀ ਨੇ ਬਜ਼ੁਰਗ ਔਰਤ ਦਾ ਉਸ ਦੇ ਹੀ ਕੱਪੜੇ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਉਹ ਉਸ ਕੋਲ ਮੌਜੂਦ ਸਿਰਫ 300 ਰੁਪਏ ਲੈ ਕੇ ਭੱਜ ਗਿਆ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੁਲਸ ਨੇ ਸਈਅਦ ਸਰਾਵਾਂ ਮੋੜ ਦੇ ਨੇੜੇ ਘੇਰਾਬੰਦੀ ਕੀਤੀ ਅਤੇ ਦੋਸੀ ਓਮ ਪ੍ਰਕਾਸ ਨੂੰ ਗ੍ਰਿਫਤਾਰ ਕਰ ਲਿਆ। ਦੋਸੀ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਪੁਲਸ ਨੇ ਉਸਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ 'ਚ ਆਊਟਸੋਰਸ ਕੀਤੇ ਮੁਲਾਜ਼ਮਾਂ ਨੂੰ ਵੱਡੀ ਰਾਹਤ, ਰੈਗੂਲਰ ਕਰਨ ਦੇ ਹਾਈਕੋਰਟ ਨੇ ਦਿੱਤੇ ਹੁਕਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 19 ਫਰਵਰੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ 'ਚ ਵਰ੍ਹਿਆਂ ਤੋਂ ਆਊਟਸੋਰਸ ਆਧਾਰ 'ਤੇ ਕੰਮ ਕਰ ਰਹੇ ਚੌਂਕੀਦਾਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਸੂਬਾ ਸਰਕਾਰ ਨੂੰ ਉਨ੍ਹਾਂ ਨੂੰ ਰੈਗੂਲਰ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਲੰਬੇ ਸਮੇਂ ਤੱਕ ਨਿਰੰਤਰ ਸੇਵਾਵਾਂ ਲੈਣ ਦੇ ਬਾਵਜੂਦ ਕਰਮਚਾਰੀਆਂ ਨੂੰ ਅਸਥਾਈ ਦਰਜੇ 'ਚ ਰਖਣਾ ਅਨੁਚਿਤ ਕਿਰਤ ਪ੍ਰਥਾ ਹੈ ਅਤੇ ਸੰਵਿਧਾਨ ਦੇ ਸਮਾਨਤਾ ਦੇ ਸਿਧਾਂਤ ਦੇ ਉਲਟ ਹੈ। ਜਸਟਿਸ ਹਰਪ੍ਰੀਤ ਸਿੰਘ ਬਰਾੜ ਨੇ ਮਨਕ ਸਿੰਘ ਅਤੇ ਹੋਰਨਾ ਸਮੇਤ ਕਈ ਪਟੀਸ਼ਨਾਂ 'ਤੇ ਇੱਕਠੇ ਸੁਣਵਾਈ ਕਰਦੇ ਹੋਏ ਇਹ ਫ਼ੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਕਰਮਚਾਰੀਆਂ ਦੀ ਰੈਗੂਲਰ ਕਰਨ ਸਬੰਧੀ ਮੰਗ ਨੂੰ 15 ਅਕਤੂਬਰ, 2020 ਦੇ ਹੁਕਮ ਰਾਹੀਂ ਰੱਦ ਕਰਨਾ ਕਾਨੂੰਨ ਦੀ ਨਜਰ 'ਚ ਟਿਕਾਊ ਨਹੀਂ ਹੈ। ਅੰਤਿਮ ਹੁਕਮ 'ਚ ਅਦਾਲਤ ਨੇ ਸੂਬਾ ਸਰਕਾਰ ਅਤੇ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਹੁਕਮ ਦੀ ਕਾਪੀ ਮਿਲਣ ਦੇ 6 ਹਫ਼ਤਿਆਂ ਦੇ ਅੰਦਰ ਸਾਰੇ ਪਟੀਸ਼ਨਰਾਂ ਨੂੰ ਰੈਗੂਲਰ ਕੀਤਾ ਜਾਵੇ। ਜੇਕਰ ਨਿਰਧਾਰਤ ਸਮੇਂ ਦੇ ਅੰਦਰ ਹੁਕਮ ਦੀ ਪਾਲਣਾ ਨਹੀਂ ਕੀਤੀ ਗਈ ਤਾਂ ਕਰਮਚਾਰੀਆਂ ਨੂੰ ਖ਼ੁਦ ਹੀ ਰੈਗੂਲਰ ਮੰਨਿਆ ਜਾਵੇਗਾ। ਅਦਾਲਤ ਨੇ ਕਿਹਾ ਕਿ ਕਰਮਚਾਰੀਆਂ ਦੀ ਪਿਛਲੀ ਸੇਵਾ ਮਿਆਦ



ਨੂੰ ਵੀ ਗਣਨਾ 'ਚ ਸ਼ਾਮਲ ਕੀਰ ਕੇ ਉਨ੍ਹਾਂ ਨੂੰ ਸਾਰੇ ਸਬੰਧਿਤ ਸੇਵਾ ਲਾਭ ਦਿੱਤੇ ਜਾਣ। ਇਸ ਫ਼ੈਸਲੇ ਨੂੰ ਸੂਬੇ 'ਚ ਆਊਟਸੋਰਸ ਅਤੇ ਅਸਥਾਈ ਕਰਮਚਾਰੀਆਂ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਸਮਾਨ ਹਾਲਾਤ 'ਚ ਕੰਮ ਕਰਨ ਵਾਲੇ ਹੋਰ ਕਰਮਚਾਰੀਆਂ ਨੂੰ ਵੀ ਨਿਆਇਕ ਰਾਹਤ ਮਿਲਣ ਦਾ ਰਾਹ ਖੁੱਲ੍ਹ ਸਕਦਾ ਹੈ। ਪਟੀਸ਼ਨਕਰਤਾਵਾਂ ਨੇ ਅਦਾਲਤ ਨੂੰ ਦੱਸਿਆ ਕਿ ਉਹ 2008 ਤੋਂ ਵੱਖ-ਵੱਖ ਵਿਭਾਗਾਂ 'ਚ ਚੌਂਕੀਦਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਸਲ ਨਿਯੰਤਰਣ ਵਿਭਾਗ ਦਾ ਹੀ ਹੈ, ਜਦੋਂਕਿ ਉਨ੍ਹਾਂ ਨੂੰ ਠੇਕੇਦਾਰ ਜ਼ਰੀਏ ਤੋਂ ਨਿਯੁਕਤ ਦਿਖਾਇਆ ਗਿਆ ਹੈ। ਉਨ੍ਹਾਂ ਬਰਾਬਰ ਕੰਮ ਦੇ ਬਦਲੇ ਬਰਾਬਰ ਤਨਖ਼ਾਹ, ਘੱਟੋ-ਘੱਟ ਉਜਰਤ ਅਤੇ ਨਿਯਮਤ ਕਰਨ ਦੀ ਮੰਗ ਕਰਦੇ ਹੋਏ ਕਿਹਾ ਕਿ ਉਨ੍ਹਾਂ ਤੋਂ ਉਹੋ ਕੰਮ ਲਿਆ ਜਾਂਦਾ ਹੈ, ਜੋ ਨਿਯਮਤ ਕਰਮਚਾਰੀਆਂ ਤੋਂ ਲਿਆ ਜਾਂਦਾ ਹੈ। ਵਿਭਾਗ ਪ੍ਰਤੀ ਕਰਮਚਾਰੀ ਲਗਭਗ 14,000 ਰੁਪਏ ਠੇਕੇਦਾਰ ਨੂੰ ਦਿੰਦਾ ਸੀ ਪਰ ਕਰਮਚਾਰੀਆਂ ਨੂੰ ਇਸ ਤੋਂ ਕਾਫ਼ੀ ਘੱਟ ਤਨਖ਼ਾਹ ਮਿਲਦੀ ਸੀ, ਜਿਸ ਕਾਰਨ ਉਹ ਘੱਟੋ-ਘੱਟ ਤਨਖ਼ਾਹ ਤੋਂ ਵੀ ਹੇਠਾਂ ਰਹਿ ਜਾਂਦੇ ਸਨ। ਅਦਾਲਤ ਨੇ ਇਸ ਸਥਿਤੀ ਨੂੰ ਅਨੁਚਿਤ ਦੱਸਦੇ ਹੋਏ ਸੁਪਰੀਮ ਕੋਰਟ ਦੇ ਬਰਾਬਰ ਕੰਮ ਲਈ 'ਬਰਾਬਰ ਕੰਮ ਦੇ ਬਦਲੇ ਬਰਾਬਰ ਤਨਖ਼ਾਹ" ਸਬੰਧੀ ਫ਼ੈਸਲਿਆਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਸੂਬਾ ਇੱਕ ਆਦਰਸ਼ ਨਿਯੋਕਤਾ ਵੱਜੋਂ ਕਰਮਚਾਰੀਆਂ ਦੇ ਅਧਿਕਾਰਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਹਾਈਕੋਰਟ ਨੇ ਕਿਹਾ ਕਿ ਜਦੋਂ ਕਰਮਚਾਰੀ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਹੋਣ ਅਤੇ ਉਨ੍ਹਾਂ ਦਾ ਕੰਮ ਸਥਾਈ ਪ੍ਰਕਿਰਤੀ ਦਾ ਹੋਵੇ ਤਾਂ ਉਨ੍ਹਾਂ ਨੂੰ ਸਿਰਫ਼ ਆਊਟਸੋਰਸ ਕਰਨਾ ਜਾਂ ਅਸਥਾਈ ਸ਼੍ਰੇਣੀ 'ਚ ਰੱਖਣਾ ਸੰਵਿਧਾਨ ਦੇ ਅਨੁਛੇਦ 14, 16 ਅਤੇ 21 ਦੀ ਭਾਵਨਾ ਦੇ ਉਲਟ ਹੈ। ਅਦਾਲਤ ਨੇ ਇਹ ਵੀ ਟਿੱਪਣੀ ਕੀਤੀ ਕਿ ਸਰਕਾਰੀ ਵਿਭਾਗ ਵਰ੍ਹਿਆਂ ਤੱਕ ਅਸਥਾਈ ਕਿਰਤ ਲੈ ਕੇ ਬਾਅਦ 'ਚ ਨਿਯਮਤ ਕਰਨ ਤੋਂ ਇਨਕਾਰ ਨਹੀਂ ਕਰ ਸਕਦੇ।

## ਕੈਮੀਕਲ ਫੈਕਟਰੀ 'ਚ ਹੋ ਗਿਆ ਜ਼ਬਰਦਸਤ ਧਮਾਕਾ ! 2 ਮਜ਼ਦੂਰਾਂ ਦੀ ਹੋਈ ਦਰਦਨਾਕ ਮੌਤ

ਨੈਸ਼ਨਲ ਡੈਸਕ 19 ਫਰਵਰੀ। ਕਰਨਾਟਕ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਮਾਂਡਿਆ ਜ਼ਿਲ੍ਹੇ ਵਿੱਚ ਐਤਵਾਰ ਸਵੇਰੇ ਇੱਕ ਕੈਮੀਕਲ ਫੈਕਟਰੀ ਵਿੱਚ ਸਟੋਰੇਜ ਟੈਂਕ ਫਟਣ ਕਾਰਨ 2 ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 4 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਹਾਦਸਾ ਬਸਾਰਾਲੂ ਹੋਬਲੀ ਦੇ ਕਰੇਕੱਟੇ ਪਿੰਡ ਸਥਿਤ 'ਕੀਰਤੀ ਕੈਮੀਕਲਜ਼ ਇੰਡਸਟਰੀਜ਼' ਵਿੱਚ ਉਸ ਸਮੇਂ ਵਾਪਰਿਆ ਜਦੋਂ ਫੈਕਟਰੀ ਦੇ ਸਾਮਾਨ ਨੂੰ ਕਿਸੇ ਦੂਜੀ ਥਾਂ ਸ਼ਿਫਟ ਕੀਤਾ ਜਾ ਰਿਹਾ ਸੀ। ਜਾਣਕਾਰੀ ਅਨੁਸਾਰ, ਮਜ਼ਦੂਰ ਗੈਸ ਕੱਟਰ ਦੀ ਮਦਦ ਨਾਲ ਕੈਮੀਕਲ ਟੈਂਕ ਦਾ ਢੱਕਣ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਸਨ। ਅਚਾਨਕ ਟੈਂਕ ਦੇ ਅੰਦਰ ਬਣੀ ਗੈਸ ਕਾਰਨ ਭਿਆਨਕ ਧਮਾਕਾ ਹੋ ਗਿਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਮ੍ਰਿਤਕਾਂ ਦੀਆਂ ਦੇਹਾਂ ਦਾ ਬੁਰਾ ਹਾਲ ਹੋ ਗਿਆ। ਮ੍ਰਿਤਕਾਂ ਦੀ ਪਛਾਣ ਆਕਾਸ਼ (26) ਅਤੇ ਕੱਲੂ ਖਾਨ (27) ਵਜੋਂ ਹੋਈ ਹੈ, ਜੋ ਕਿ ਬਿਹਾਰ ਦੇ ਰਹਿਣ ਵਾਲੇ ਸਨ। ਜ਼ਖ਼ਮੀਆਂ ਨੂੰ ਤੁਰੰਤ ਮਾਂਡਿਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਸਥਾਨਕ ਲੋਕਾਂ ਅਨੁਸਾਰ ਇਸ ਫੈਕਟਰੀ ਦਾ ਸੁਰੱਖਿਆ ਰਿਕਾਰਡ ਪਹਿਲਾਂ ਵੀ ਖ਼ਰਾਬ ਰਿਹਾ ਹੈ। ਸਾਲ 2022 ਵਿੱਚ ਇੱਥੇ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਸੀ ਅਤੇ



ਦੋ ਕੁੱਤਿਆਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਲੋਕਾਂ ਦੇ ਵਿਰੋਧ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ। ਬਸਾਰਾਲੂ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲਾ ਦਰਜ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਤੋਂ ਬਾਅਦ ਫੈਕਟਰੀ ਮਾਲਕ ਅਤੇ ਠੇਕੇਦਾਰ ਮੌਕੇ ਤੋਂ ਫਰਾਰ ਹਨ। ਪੁਲਸ ਹਾਦਸੇ ਦੇ ਅਸਲ ਕਾਰਨਾਂ ਅਤੇ ਸੁਰੱਖਿਆ ਨਿਯਮਾਂ ਦੀ ਉਲੰਘਣਾ ਦੀ ਜਾਂਚ ਕਰ ਰਹੀ ਹੈ।

### ਰਾਜਾ ਵੜਿੰਗ ਦਾ ਵੱਡਾ ਬਿਆਨ: ਡਿਪਟੀ ਸੀਐੱਮ ਦੇ ਅਹੁਦੇ ਨੂੰ ਦੱਸਿਆ 'ਗੈਰ-ਸੰਵਿਧਾਨਕ'

ਚੰਡੀਗੜ੍ਹ 19 ਫਰਵਰੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਪਾਰਟੀ ਦੇ ਉਮੀਦਵਾਰਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ, ਜਿਸ ਵਿੱਚ ਆਉਣ ਵਾਲੇ ਸਮੇਂ ਦੀ ਰਣਨੀਤੀ ਅਤੇ ਵਿਰੋਧੀ ਪਾਰਟੀਆਂ ਵਿਰੁੱਧ ਲੜਾਈ ਦੇ ਮੁੱਦਿਆਂ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਵੜਿੰਗ ਨੇ ਸੂਬੇ ਦੀ ਸਿਆਸਤ ਵਿੱਚ ਚੱਲ ਰਹੀਆਂ ਕਈ ਚਰਚਾਵਾਂ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ। ਸੂਬੇ ਵਿੱਚ ਦੋ ਡਿਪਟੀ ਮੁੱਖ ਮੰਤਰੀ (ਇੱਕ ਹਿੰਦੂ ਅਤੇ ਇੱਕ ਦਲਿਤ ਚਿਹਰਾ) ਲਗਾਉਣ ਦੀਆਂ ਚਰਚਾਵਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਵੜਿੰਗ ਨੇ ਕਿਹਾ ਕਿ ਡਿਪਟੀ ਚੀਫ ਮਿਨਿਸਟਰ ਕੋਈ ਸੰਵਿਧਾਨਕ ਅਹੁਦਾ ਨਹੀਂ ਹੈ, ਸਗੋਂ ਇਹ ਸਿਰਫ਼ ਇੱਕ ਮੰਤਰੀ ਦਾ ਅਹੁਦਾ ਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਕਿਸੇ ਨੂੰ 'ਦਿਲ ਦਿਲਾਸਾ' ਦੇਣ ਜਾਂ ਕਿਸੇ ਖਾਸ ਜਾਤੀ ਨੂੰ ਖੁਸ਼ ਕਰਨ ਲਈ ਕੀਤਾ ਜਾਂਦਾ ਹੈ, ਪਰ ਮਾਲਕ ਤਾਂ ਚੀਫ਼ ਮਿਨਿਸਟਰ ਹੀ ਹੁੰਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਇੱਕ ਸੈਕੂਲਰ ਪਾਰਟੀ ਹੈ ਅਤੇ ਉਨ੍ਹਾਂ ਲਈ ਸਾਰੇ ਧਰਮ ਅਤੇ ਜਾਤਾਂ ਬਰਾਬਰ ਹਨ। ਵੜਿੰਗ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਜਾਤ-ਪਾਤ ਦੀ ਸਿਆਸਤ ਵਿੱਚ ਵਿਸ਼ਵਾਸ ਨਹੀਂ ਰੱਖਦੀ। ਉਨ੍ਹਾਂ ਇਹ ਵੀ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਕਾਂਗਰਸ ਦਾ ਇੱਕ ਫੈਸਲਾ ਸੀ, ਪਰ ਪਾਰਟੀ ਜਾਤ-ਪਾਤ ਦੀ ਸਿਆਸਤ ਨਹੀਂ ਖੇਡਦੀ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਕੱਢੀਆਂ ਜਾ ਰਹੀਆਂ ਰੈਲੀਆਂ 'ਤੇ ਤਿੱਖਾ ਹਮਲਾ ਕਰਦਿਆਂ ਵੜਿੰਗ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਕਰਜ਼ੇ ਹੇਠ ਹੈ ਅਤੇ ਇਨ੍ਹਾਂ ਰੈਲੀਆਂ 'ਤੇ ਕਰੋੜਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ। ਉਨ੍ਹਾਂ ਇੱਕ ਪੁਲਸ ਮੁਲਾਜ਼ਮ ਦੇ ਪੁੱਤਰ ਦੀ ਮੌਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬੇ ਵਿੱਚ ਨਸ਼ਾ ਖਤਮ ਹੋਣ ਦੀ ਬਜਾਏ ਹੋਰ ਵਧ ਗਿਆ ਹੈ ਅਤੇ ਸਰਕਾਰ ਦੀਆਂ 'ਯੁੱਧ ਨਸ਼ਿਆਂ ਵਿਰੁੱਧ' ਰੈਲੀਆਂ ਦੀ 'ਫੂਕ' ਨਿਕਲਦੀ ਜਾ ਰਹੀ ਹੈ।

## ਮਿਊਨਿਖ 'ਚ ਹੋਇਆ ਵੱਡਾ ਐਲਾਨ, 10 ਦੇਸਾਂ ਦੀਆਂ ਮਹਾਰਥੀ ਕੰਪਨੀਆਂ ਨੇ ਬਣਾਇਆ 'ਟਰਸਟਡ ਟੈੱਕ ਅਲਾਇੰਸ'

**ਕੌਮੀ ਪਤ੍ਰਿਕਾ**

ਬਿਜਨੈੱਸ ਡੈਸਕ 19 ਫਰਵਰੀ। ਅਫਰੀਕਾ, ਏਸੀਆ, ਯੂਰਪ ਅਤੇ ਉੱਤਰੀ ਅਮਰੀਕਾ ਦੇ 10 ਦੇਸਾਂ ਦੀਆਂ 15 ਮੋਹਰੀ ਤਕਨਾਲੋਜੀ ਕੰਪਨੀਆਂ ਨੇ 'ਟਰਸਟਡ ਟੈੱਕ ਅਲਾਇੰਸ' (ਟੀ. ਟੀ. ਏ.) ਦੇ ਗਠਨ ਦਾ ਐਲਾਨ ਕੀਤਾ ਹੈ। ਇਸ ਗਠਜੋੜ ਦਾ ਉਦੇਸ ਸੰਚਾਰ ਸੁਵਿਧਾ, ਕਲਾਊਡ ਇੰਫਰਾਸਟ੍ਰਕਚਰ, ਸੈਮੀਕੰਡਕਟਰ, ਸਾਫਟਵੇਅਰ ਅਤੇ ਆਰਟੀਫਿਸੀਅਲ ਇੰਟੈਲੀਜੈਂਸ (ਏ. ਆਈ.) ਸਮੇਤ ਪੂਰੇ ਟੈਕਨਾਲੋਜੀ ਸਟੈਕ ਲਈ ਭਰੋਸੇਮੰਦ ਅਤੇ ਪ੍ਰਮਾਣਿਤ ਮਿਆਰ ਵਿਕਸਤ ਕਰਨਾ ਹੈ।ਭਾਰਤ ਵੱਲੋਂ ਜੀਓ ਪਲੇਟਫਾਰਮਸ ਇਸ ਪਹਿਲ ਦਾ ਹਿੱਸਾ ਬਣੀ ਹੈ। ਜਰਮਨੀ 'ਚ ਆਯੋਜਿਤ ਮਿਊਨਿਖ ਸਕਿਓਰਿਟੀ ਕਾਨਫਰੰਸ ਦੌਰਾਨ ਇਸ ਗਲੋਬਲ ਅਲਾਇੰਸ ਦਾ ਰਸਮੀ ਐਲਾਨ ਕੀਤਾ ਗਿਆ। ਸੰਸਥਾਪਕ ਮੈਂਬਰਾਂ 'ਚ ਐਮਾਜੋਨ ਵੈੱਬ ਸਰਵਿਸਿਜ, ਮਾਈਕ੍ਰੋਸਾਫਟ, ਗੂਗਲ ਕਲਾਊਡ, ਐਰਿਕਸਨ, ਨੋਕੀਆ, ਐੱਸ. ਏ. ਪੀ. ਅਤੇ ਐੱਨ. ਟੀ. ਟੀ. ਸਮੇਤ ਕੁੱਲ 15 ਕੰਪਨੀਆਂ ਸਾਮਲ ਹਨ। ਭਵਿੱਖ 'ਚ ਹੋਰ ਕੰਪਨੀਆਂ ਨੂੰ ਵੀ ਇਸ ਪਹਿਲ ਨਾਲ ਜੋੜੇ ਜਾਣ ਦੀ ਯੋਜਨਾ ਹੈ। ਅਲਾਇੰਸ ਦਾ ਮੁੱਖ ਟੀਚਾ ਰਾਸਟਰੀ ਅਤੇ ਅੰਤਰਰਾਸਟਰੀ ਪੱਧਰ 'ਤੇ ਤਕਨੀਕੀ ਪ੍ਰਭੂਸੱਤਾ, ਮੁਕਾਬਲੇਬਾਜੀ ਅਤੇ ਲਚਕੀਲੇ ਡਿਜੀਟਲ ਢਾਂਚੇ ਨੂੰ ਮਜਬੂਤ ਬਣਾਉਣਾ ਹੈ। ਮੈਂਬਰ ਕੰਪਨੀਆਂ ਸਾਂਝੇ ਮਿਆਰਾਂ ਅਤੇ ਪ੍ਰਮਾਣਿਤ ਪ੍ਰਕਿਰਿਆਵਾਂ ਦੇ ਜਰੀਏ ਇਹ ਯਕੀਨੀ ਬਣਾਉਣਗੀਆਂ ਕਿ ਵਿਕਸਤ ਕੀਤੀ ਜਾਣ ਵਾਲੀ ਤਕਨੀਕ ਸੁਰੱਖਿਅਤ, ਪਾਰਦਰਸੀ



ਅਤੇ ਭਰੋਸੇਮੰਦ ਹੋਵੇ। ਜੀਓ ਪਲੇਟਫਾਰਮਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਕਿਰਨ ਥਾਮਸ ਨੇ ਕਿਹਾ ਕਿ ਡਿਜੀਟਲ ਵਿਕਾਸ ਨੂੰ ਗਤੀ ਦੇਣ ਲਈ ਭਰੋਸੇਮੰਦ, ਸੁਰੱਖਿਅਤ ਅਤੇ ਪਾਰਦਰਸੀ ਤਕਨੀਕ ਲਾਜਮੀ ਹੈ। ਉਨ੍ਹਾਂ ਕਿਹਾ ਕਿ 'ਟਰਸਟਡ ਟੈੱਕ ਅਲਾਇੰਸ' 'ਚ ਸਾਮਲ ਹੋ ਕੇ ਕੰਪਨੀ ਨੂੰ ਮਾਣ ਹੈ ਅਤੇ ਉਹ ਗਲੋਬਲ ਸਾਂਝੇਦਾਰਾਂ ਨਾਲ ਮਿਲ ਕੇ ਅਗਲੀ ਪੀੜ੍ਹੀ ਦੀ ਸੰਚਾਰ, ਕਲਾਊਡ ਅਤੇ ਏ. ਆਈ. ਪ੍ਰਣਾਲੀਆਂ 'ਚ ਲੰਬੇ ਸਮੇਂ ਦਾ ਭਰੋਸਾ ਸਥਾਪਤ ਕਰਨ ਲਈ ਵਚਨਬੱਧ ਹੈ। ਮਾਈਕ੍ਰੋਸਾਫਟ ਦੇ ਵਾਈਸ ਚੇਅਰਮੈਨ ਅਤੇ ਪ੍ਰੈਜ਼ੀਡੈਂਟ ਬ੍ਰੈਡ ਸਮਿੱਥ ਨੇ ਕਿਹਾ ਕਿ ਮੌਜੂਦਾ ਗਲੋਬਲ ਸਿਨੇਰਿਓ 'ਚ ਬਰਾਬਰ ਸੋਚ ਵਾਲੀਆਂ ਕੰਪਨੀਆਂ ਦਾ ਇਕਜੁੱਟ ਹੋਣਾ ਜਰੂਰੀ ਹੈ, ਤਾਂ ਜੋ ਸਰਹੱਦਾਂ ਤੋਂ ਪਾਰ ਉੱਚ ਤਕਨੀਕੀ ਮਿਆਰਾਂ ਅਤੇ ਭਰੋਸੇ ਨੂੰ ਕਾਇਮ ਰੱਖਿਆ ਜਾ ਸਕੇ। ਉੱਥੇ ਹੀ ਐਰਿਕਸਨ ਦੇ ਸੀ. ਈ. ਓ. ਬੋਰਯੇ ਏਕਹੋਮ ਨੇ ਕਿਹਾ ਕਿ ਕੋਈ ਇਕ ਕੰਪਨੀ ਜਾਂ ਦੇਸ ਇਕੱਲੇ ਸੁਰੱਖਿਅਤ ਡਿਜੀਟਲ ਢਾਂਚਾ ਨਹੀਂ ਬਣਾ ਸਕਦਾ, ਇਸ ਦੇ ਲਈ ਗਲੋਬਲ ਸਹਿਯੋਗ ਲਾਜਮੀ ਹੈ। ਅਲਾਇੰਸ ਦੇ ਤਹਿਤ ਮੈਂਬਰ ਕੰਪਨੀਆਂ ਨੇ 5 ਪ੍ਰਮੁੱਖ ਸਿਧਾਂਤਾਂ 'ਤੇ ਸਹਿਮਤੀ ਪ੍ਰਗਟਾਈ ਹੈ। ਇਨ੍ਹਾਂ 'ਚ ਪਾਰਦਰਸੀ ਕਾਰਪੋਰੇਟ ਪ੍ਰਸਾਸਨ ਅਤੇ ਨੈਤਿਕ ਆਚਰਣ, ਸੁਰੱਖਿਅਤ ਵਿਕਾਸ ਪ੍ਰਕਿਰਿਆ ਅਤੇ ਸੁਤੰਤਰ ਮੁਲਾਂਕਣ, ਮਜਬੂਤ ਸਪਲਾਈ ਚੇਨ ਅਤੇ ਸੁਰੱਖਿਆ ਨਿਗਰਾਨੀ, ਖੁੱਲ੍ਹਾ ਅਤੇ ਸਹਿਯੋਗਾਤਮਕ ਡਿਜੀਟਲ ਈਕੋਸਿਸਟਮ ਨੂੰ ਉਤਸਾਹ ਦੇਣਾ ਅਤੇ ਕਾਨੂੰਨ ਅਨੁਸਾਰ ਡਾਟਾ ਸੁਰੱਖਿਆ ਦਾ ਸਨਮਾਨ ਸਾਮਲ ਹੈ। ਇਨ੍ਹਾਂ ਸਿਧਾਂਤਾਂ ਦੇ ਜਰੀਏ ਕੰਪਨੀਆਂ ਇਹ ਯਕੀਨੀ ਬਣਾਉਣਗੀਆਂ ਕਿ ਟੈਕਨਾਲੋਜੀ ਦਾ ਵਿਕਾਸ ਅਤੇ ਵਰਤੋਂ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਹੋਵੇ, ਉਹ ਸੁਰੱਖਿਅਤ, ਭਰੋਸੇਮੰਦ ਅਤੇ ਜ਼ਿੰਮੇਵਾਰਾਨਾ ਢੰਗ ਨਾਲ ਸੰਚਾਲਿਤ ਹੋਵੇ।

### ਸੱਤਾਧਾਰੀ ਧਿਰ ਦੇ ਲੋਕ ਹੀ ਸ਼ੱਕ ਦੇ ਘੇਰੇ 'ਚ, ਪੰਜਾਬ ਨੂੰ ਕੌਣ ਬਚਾਏਗਾ : ਰਾਜਾ ਵੜਿੰਗ ਨੇ ਘੇਰੀ ਸਰਕਾਰ

ਚੰਡੀਗੜ੍ਹ 19 ਫਰਵਰੀ। ਪੰਜਾਬ 'ਚ ਨਸ਼ਿਆਂ ਦੀ ਗੰਭੀਰ ਸਥਿਤੀ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਰਾਜਾ ਵੜਿੰਗ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢਣ ਲਈ ਸਿਰਫ਼ 'ਨਾ ਕਰੋ' ਕਹਿਣਾ ਕਾਫ਼ੀ ਨਹੀਂ ਹੈ, ਸਗੋਂ ਉਨ੍ਹਾਂ ਨੂੰ ਇਲਾਜ, ਰੁਜ਼ਗਾਰ ਅਤੇ ਉਮੀਦ ਦਾ ਰਾਹ ਦੇਣਾ ਪਵੇਗਾ। ਉਨ੍ਹਾਂ ਅਫ਼ਸੋਸ ਜਤਾਇਆ ਕਿ ਸੂਬੇ 'ਚ ਨਸ਼ਾ ਛਡਾਊ ਕੇਂਦਰਾਂ ਅਤੇ ਡਾਕਟਰਾਂ ਦੀ ਭਾਰੀ ਕਮੀ ਹੈ। ਵੜਿੰਗ ਨੇ ਸਰਕਾਰ ਨੂੰ ਸਿੱਧਾ ਸਵਾਲ ਕਰਦਿਆਂ ਪੁੱਛਿਆ ਕਿ ਸਰਕਾਰ ਵੱਲੋਂ ਕੀਤੇ ਗਏ 16 ਮੈਡੀਕਲ ਕਾਲਜਾਂ ਦੇ ਵਾਅਦੇ ਕਿੱਥੇ ਹਨ?